ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 18 4 October, 2024 ੧੯ ਅੱਸੂ ਭਾਦੋਂ ਨਾਨਕਸ਼ਾਹੀ ਸੰਮਤ ੫੫੬ Ph.: 604-338-7310 FAX : 604-572-3638 /canadianpunjabtimes

New Location
Punjab Insurance Agency Inc.
Super Visa Insurance
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4

# ਬੀ.ਸੀ. ਦੀਆਂ ਚੋਣਾਂ ’ਚ ਵੋਟਰਾਂ ਨੂੰ ਲੁਭਾਉਣ ਲਈ ਵਾਦਿਆਂ ਦਾ ਦੌਰ ਸ਼ੁਰੂ

### ਡੇਵਿਡ ਈਬੀ ਵਲੋਂ ਮੱਧ ਵਰਗੀ ਪਰਿਵਾਰਾਂ ਨੂੰ 1,000 ਡਾਲਰ ਪ੍ਰਤੀ ਸਾਲ ਟੈਕਸ ਤੋਂ ਰਾਹਤ ਦੇਣ ਦਾ ਐਲਾਨ




ਸਰੀ, (ਸਿਮਰਨਜੀਤ ਸਿੰਘ): ਬੀਤੇ ਦਿਨੀਂ ਸਰੀ ‘ਚ ਆਪਣੀ ਚੋਣ ਮੁਹਿੰਮ ਦਾ ਆਗਾਜ਼ ਕਰਨ ਲਈ ਪਹੁੰਚੇ ਬੀ.ਸੀ. ਐਨ.ਡੀ.ਪੀ. ਆਗੂ ਨੇ ਸੈਂਕੜੇ ਸਮਰਥਕਾਂ ਦੇ ਘੇਰੇ ਵਿੱਚ ਐਲਾਨ ਕੀਤਾ ਕਿ ਉਹ ਹਰ ਸਾਲ ਮੱਧ ਵਰਗੀ ਪਰਿਵਾਰ ਲਈ 1,000 ਡਾਲਰ ਦੇ ਟੈਕਸ ‘ਚ ਰਾਹਤ ਦੇਣ ਲਈ ਯੋਜਨਾ ਲਿਆਉਣਗੇ, ਜੋ ਕਿ ਅਗਲੇ ਸਾਲ ਤੋਂ ਸ਼ੁਰੂ ਹੋਵੇਗੀ। ਇਸ ਯੋਜਨਾ ਤਹਿਤ, 90% ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਲਾਭ ਮਿਲੇਗਾ। ਡੇਵਿਡ ਈਬੀ ਨੇ ਕਿਹਾ, “ਬਹੁਤ ਸਾਰੇ

☛ ਬਾਕੀ ਸਫ਼ਾ 7 ’ਤੇ

## ਟੀਡੀ ਬੈਂਕ ‘ਸਪੂਫਿੰਗ’ ਦੋਸ਼ਾਂ ’ਤੇ 20 ਮਿਲੀਅਨ ਡਾਲਰ ਤੋਂ ਵੱਧ ਜੁਰਮਾਨਾ ਭਰਨ ਲਈ ਹੋਇਆ ਰਾਜ਼ੀ

ਟਰਾਂਟੋ (ਸਿਮਰਨਜੀਤ ਸਿੰਘ): ਟੀਡੀ ਬੈਂਕ (ਟੋਰਾਂਟੋ-ਡੋਮੀਨੀਅਨ ਬੈਂਕ) ਨੇ ਅਮਰੀਕੀ ਰੈਗੂਲੇਟਰੀ ਸੰਸਥਾਵਾਂ ਵੱਲੋਂ ਲਗਾਏ ਗਏ ‘ਸਪੂਫਿੰਗ’ ਦੋਸ਼ਾਂ ਦੇ ਤਹਿਤ 20 ਮਿਲੀਅਨ ਡਾਲਰ ਤੋਂ ਵੱਧ ਰਕਮ ਭਰਨ ਲਈ ਸਹਿਮਤੀ ਦਿਤੀ ਹੈ। ਇਸ ਦੋਸ਼ ਦੇ ਤਹਿਤ ਬੈਂਕ ਦੇ ਟ੍ਰੇਡਰਾਂ 'ਤੇ ਮਾਰਕੀਟ ਵਿੱਚ ਹੇਰਾਫੇਰੀ ਕਰਨ ਦਾ ਇਲਜ਼ਾਮ ਲਗਾਇਆ ਗਿਆ ਸੀ।

ਸਪੂਫਿੰਗ, ਇੱਕ ਅਜਿਹਾ ਵਿਵਹਾਰ ਹੈ ਜਿੱਥੇ ਟ੍ਰੇਡਰ ਮਾਰਕੀਟ 'ਚ ਨਕਲੀ ਆਦੇਸ਼ ਪਾਏ ਜਾਂਦੇ ਹਨ, ਤਾਂ ਜੋ ਕੀਮਤਾਂ ਨੂੰ ਕਿਸੇ ਵਿਸ਼ੇਸ਼ ਦਿਸ਼ਾ ਵਿੱਚ ਘਟਾ-ਵਧਾ ਕੇ ਫਾਇਦਾ ਲਿਆ ਜਾ ਸਕੇ। ਇਸ ਕੇਸ ਵਿੱਚ, ਅਮਰੀਕੀ ਕਮੋਡੀਟੀ ਫਿਊਚਰਜ਼ ਟ੍ਰੇਡਿੰਗ ਕਮਿਸ਼ਨ (CFTC) ਨੇ ਟੀਡੀ ਬੈਂਕ ਦੇ ਕੁਝ ਟ੍ਰੇਡਰਾਂ 'ਤੇ 2013 ਤੋਂ 2019 ਤੱਕ ਇਹ ਜ਼ੁਰਮ ਕਰਨ ਦੇ ਦੋਸ਼ ਲਗਾਏ।

CFTC ਦੇ ਬਿਆਨ ਅਨੁਸਾਰ, ਟੀਡੀ ਬੈਂਕ ਦੇ ਕੁਝ ਟ੍ਰੇਡਰਾਂ ਨੇ ਕਈ ਵਾਰ ਮਾਰਕੀਟ 'ਚ

☛ ਬਾਕੀ ਸਫ਼ਾ 7 ’ਤੇ

## ਕੈਨੇਡਾ ਦੇ ਲੋਕਾਂ ਨੂੰ ਜਲਦੀ ਹੀ GST/HST ਕ੍ਰੈਡਿਟ ਭੁਗਤਾਨ ਮਿਲਣਗੇ

**ਸਰੀ, (ਸਿਮਰਨਜੀਤ ਸਿੰਘ):** ਕੈਨੇਡਾ ਸਰਕਾਰ ਨੇ ਐਲਾਨ ਕੀਤਾ ਹੈ ਕਿ ਲੋਕਾਂ ਨੂੰ ਜਲਦੀ ਹੀ GST/HST ਕ੍ਰੈਡਿਟ ਦੇ ਭੁਗਤਾਨ ਪ੍ਰਾਪਤ ਹੋਣਗੇ। ਇਹ ਕ੍ਰੈਡਿਟ ਘੱਟ-ਅਤੇ ਮੱਧ-ਆਮਦਨ ਵਾਲੇ ਪਰਿਵਾਰਾਂ ਅਤੇ ਵਿਅਕਤੀਆਂ ਦੀ ਮਦਦ ਕਰਨ ਲਈ ਦਿੱਤਾ ਜਾਂਦਾ ਹੈ, ਜੋ ਉਨ੍ਹਾਂ ਦੇ ਨਿਰੀਖਣ ਅਤੇ ਵਿੱਤੀ ਸਥਿਤੀ ਦੇ ਮੱਦੇਨਜ਼ਰ ਦਿੱਤਾ ਜਾਂਦਾ ਹੈ। ਇਹ ਕ੍ਰੈਡਿਟ ਕੈਨੇਡੀਅਨ ਲੋਕਾਂ ਲਈ ਮਹਿੰਗਾਈ ਅਤੇ ਵਧ ਰਹੀ ਜੀਵਨ-ਬਹਿਬਾਈ ਦੀ ਲਾਗਤ ਨਾਲ ਨਜਿੱਠਣ ਵਿੱਚ ਸਹਾਇਕ



☛ ਬਾਕੀ ਸਫ਼ਾ 7 ’ਤੇ

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST.
(PAYAL BUSINESS CENTRE) SURREY

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ਼ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

FAST SERVICE AND COMPETITIVE RATES
S&S INSURANCE SERVICE
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW
604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

JAS ARORA NOTARY CORPORATION
ਅਸੀਂ ਲਾਈਫ ਸਰਟੀਫਿਕੇਟ ਦੀਆਂ ਸੇਵਾਵਾਂ ਮੁਫ਼ਤ ਦਿੰਦੇ ਹਾਂ।
OUR SERVICES
- Affidavits
- Invitation Letters
- Sale/ Purchase / Mortgage
- Travels Consent Letters
- Statutory Declarations
- Power of Attorney
- Sponsorship Letters
Jaswant K. Arora
Notary Public, MA (ALS), MA (Eng.Punjabi)
778-386-9189
#109A-12888 80 Avenue Surrey BC
Email : jas@jasaroranotary.com | Website : jasaroranotary.com

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
If you have received Canadian Dental Care Plan Card. Book appointment
Gagan Chahal R.D.
Registered Denturist
Book Your Appointment
778-600-0811 13117-67A Ave, Surrey, BC 778-600-0810 2644 Cyril St Abbotsford BC

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, MANPREET : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey
ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

Space Available for Advertisement
Call
604-338-7310

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

# ਗਿ. ਕੇਵਲ ਸਿੰਘ ਨਿਰਦੋਸ਼ ਦੀ ਪੁਸਤਕ 'ਬਾਣੀ ਬਿਰਲਉ ਬੀਚਾਰਸੀ' ਗੁਰਦੁਆਰਾ ਸ੍ਰੀ ਗੁਰੂ ਸਭਾ, ਸਰੀ ਵਿਖੇ ਲੋਕ ਅਰਪਣ










ਸਰੀ (ਸਿਮਰਨਜੀਤ ਸਿੰਘ): ਪੰਜਾਬੀ ਸਾਹਿਤ ਦੀ ਝੋਲੀ ਵਿੱਚ 38 ਕਿਤਾਬਾਂ ਪਾਉਣ ਵਾਲੇ ਪੰਥਕ ਕਵੀ ਅਤੇ ਗੁਰਮਤਿ ਦੇ ਵਿਦਵਾਨ ਗਿਆਨੀ ਕੇਵਲ ਸਿੰਘ ਨਿਰਦੋਸ਼ ਦੀ ਨਵ-ਪ੍ਰਕਾਸ਼ਿਤ ਕਿਤਾਬ 'ਬਾਣੀ ਬਿਰਲਉ ਬੀਚਾਰਸੀ' ਪ੍ਰਭਾਵਸ਼ਾਲੀ ਸਮਾਗਮ ਦੌਰਾਨ ਰਿਲੀਜ਼ ਕੀਤੀ ਗਈ। ਪੁਸਤਕ ਰਿਲੀਜ਼ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਵਿਖੇ ਹੋਇਆ, ਜਿੱਥੇ ਕਿ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਸਾਬਕਾ ਮੁੱਖ ਸੇਵਾਦਾਰ ਭਾਈ ਕੁੰਦਨ ਸਿੰਘ ਸੱਜਣ, ਮੌਜੂਦਾ ਮੁੱਖ ਸੇਵਾਦਾਰ ਭਾਈ ਗੁਰਮੀਤ ਸਿੰਘ ਧਾਲੀਵਾਲ ਅਤੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਦੀਸ਼ ਸਿੰਘ ਸਮੇਤ, ਸਮੂਹ ਸੇਵਾਦਾਰਾਂ ਨੇ ਕਿਤਾਬ ਰਿਲੀਜ਼ ਕੀਤੀ।ਸ੍ਰੀ ਗੁਰੂ ਸਿੰਘ ਸਭਾ ਸਰੀ ਦੀ ਸੰਗਤ ਤੇ ਪ੍ਰਬੰਧਕ ਸਾਹਿਬਾਨ ਵੱਲੋਂ ਗਿਆਨੀ ਕੇਵਲ ਸਿੰਘ ਨਿਰਦੋਸ਼ ਨੂੰ ਸਨਮਾਨ ਪੱਤਰ ਦੇ ਨਾਲ, 500 ਡਾਲਰ ਦੇ ਕੇ ਭਰੀ ਸੰਗਤ ਵਿੱਚ, ਸਨਮਾਨਿਆ ਗਿਆ।

ਇਸ ਮੌਕੇ 'ਤੇ ਕਿਤਾਬ ਅਤੇ ਲੇਖਕ ਬਾਰੇ ਵਿਚਾਰ ਸਾਂਝੇ ਕਰਦੇ ਹੋਏ ਪੰਜਾਬੀ ਸਾਹਿਤ ਸਭਾ ਮੁਢਲੀ ਐਬਸਫੋਰਡ ਦੇ ਕੋਆਰਡੀਨੇਟਰ ਡਾ. ਗੁਰਵਿੰਦਰ ਸਿੰਘ ਨੇ ਕਿਹਾ ਕਿ ਗਿਆਨੀ ਨਿਰਦੋਸ਼ ਵੱਲੋਂ ਸਮੁੱਚੀ ਲਿਖਤ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈ ਕੇ ਰਚੀ ਗਈ ਹੈ। ਕਿਤਾਬ ਲੋਕ ਅਰਪਣ ਦੇ ਵਿਸ਼ੇਸ਼ ਦਿਹਾੜੇ ਦੀ ਅਹਿਮੀਅਤ ਬਾਰੇ ਉਹਨਾਂ ਕਿਹਾ ਕਿ ਇਹ ਸਮਾਗਮ ਜਿੱਥੇ ਸਿੰਘ ਸਭਾ ਲਹਿਰ ਦੇ ਆਗੂ ਪ੍ਰੋਫੈਸਰ ਗੁਰਮੁਖ ਸਿੰਘ, 'ਸੱਚ ਅਤੇ ਸੁਲਾਹ' ਮੂਲ ਨਿਵਾਸੀਆਂ ਦੇ ਦਿਹਾੜੇ ਅਤੇ ਗੁਰੂ ਨਾਨਕ ਜਹਾਜ਼ ਦੇ 29 ਸਤੰਬਰ 1914 ਦੇ ਸ਼ਹੀਦੀ ਸਾਕੇ ਦੇ ਮਹੱਤਵ ਨੂੰ ਦਰਸਾਉਂਦਾ ਹੈ, ਉਥੇ ਨਿਰਦੋਸ਼ ਜੀ ਦੀਆਂ ਲਿਖਤਾਂ ਵੀ ਸਿੱਖ ਵਿਰਸੇ, ਇਤਿਹਾਸ ਅਤੇ ਗੁਰਬਾਣੀ ਉਪਦੇਸ਼ ਅਤੇ ਚਾਨਣ 'ਤੇ ਕੇਂਦਰਿਤ ਹਨ।

ਉਪਰੰਤ ਕਵੀ ਅਤੇ ਵਿਦਵਾਨ ਗਿ. ਕੇਵਲ ਸਿੰਘ ਨਿਰਦੋਸ਼ ਨੇ ਸਿਹਤ ਚੁਣੌਤੀਆਂ ਦੇ ਬਾਵਜੂਦ, ਲਿਖਣ ਸੰਘਰਸ਼ ਬਾਰੇ ਰੋਸ਼ਨੀ ਪਾਈ ਅਤੇ ਆਪਣੀ ਪੁਸਤਕ 'ਬਾਣੀ ਬਿਰਲਉ ਬੀਚਾਰਸੀ' (ਭਾਵ ਅਰਥੀ ਕਾਵਿ ਵਿਆਖਿਆ) ਬਾਰੇ ਵਿਚਾਰ ਚਰਚਾ ਕੀਤੀ। ਉਨਾਂ ਸਿੱਖ ਵਿਦਵਾਨ ਪ੍ਰੋਫੈਸਰ ਸਾਹਿਬ ਸਿੰਘ ਦੀ ਅਗਵਾਈ ਵਿੱਚ ਸਿੱਖ ਮਿਸ਼ਨਰੀ ਕਾਲਜ ਤੋਂ ਵਿਦਿਆ ਲੈਣ ਤੋਂ ਲੈ ਕੇ ਸਮੁੱਚੇ ਜੀਵਨ ਤੇ ਸਫਰ ਦੌਰਾਨ ਗੁਰੂ ਗ੍ਰੰਥ ਸਾਹਿਬ ਅਤੇ ਪ੍ਰਚਾਰ ਅਤੇ ਪ੍ਰਸਾਰ ਦੇ ਬਾਰੇ ਸਾਹਿਤਕ ਅਨੁਭਵ ਸਾਂਝੇ ਕੀਤੇ। ਇਸ ਕਿਤਾਬ ਵਿੱਚ ਗਿਆਨੀ ਜੀ ਨੇ ਸੋ ਦਰੁ ਤੇਰਾ ਕੇਹਾ ਤੋਂਲੈ ਕੇ ਸਰਣਿ ਪਰੇ ਕੀ ਰਾਖਹੁ ਸਰਮਾ, ਅਲਾਹਣੀਆ, ਸਤੇ ਬਲਵੰਡ ਦੀ ਵਾਰ, ਰਾਮਕਲੀ ਸਦੁ ਤੇ ਤੁਖਾਰੀ ਬਾਰਹਮਾਹ ਦੀ ਭਾਵ-ਅਰਥੀ ਵਿਆਖਿਆ ਕੀਤੀ ਹੈ। ਪਿਛਲੇ ਕੁਝ ਅਰਸੇ ਤੋਂ ਗਿਆਨੀ ਨਿਰਦੋਸ਼ ਜੀ ਦੀ ਸਿਹਤ ਨਾਸਾਜ਼ ਚੱਲ ਰਹੀ ਹੈ, ਪਰ ਮਾਨਸਿਕ ਤੌਰ ਤੇ ਪੂਰੀ ਚੜ੍ਹਦੀ ਕਲਾ ਵਿੱਚ ਹਨ ਅਤੇ ਲਗਾਤਾਰ ਗੁਰਬਾਣੀ ਦੇ ਭਾਵ ਅਰਥੀ ਟੀਕੇ ਲਿਖ ਰਹੇ ਹਨ।

ਇਸ ਮੌਕੇ 'ਤੇ ਹਾਜ਼ਰ ਸ਼ਖਸੀਅਤਾਂ ਵਿੱਚ ਡਾ. ਪੂਰਨ ਸਿੰਘ ਗਿੱਲ, ਮੋਹਨ ਸਿੰਘ ਗਿੱਲ, ਜਰਨੈਲ ਸਿੰਘ ਸੇਖਾ, ਚਮਕੌਰ ਸਿੰਘ ਸੇਖੋਂ, ਹਰਮਨ ਸਿੰਘ ਕੰਗ, ਵਕੀਲ ਅਮਰਜੀਤ ਸਿੰਘ ਚੀਮਾ ਤੇ ਉਹਨਾਂ ਦੇ ਸੁਪਤਨੀ ਅਤੇ ਸੰਗਤ ਰੂਪ ਵਿੱਚ ਹੋਰ ਬਹੁਤ ਸਾਰੇ ਸਾਹਿਤ ਪ੍ਰੇਮੀ ਪਰਿਵਾਰਾਂ ਸਮੇਤ ਆਏ।

ਇੱਥੇ ਜ਼ਿਕਰਯੋਗ ਹੈ ਕਿ 'ਬਾਣੀ ਬਿਰਲਉ ਬੀਚਾਰਸੀ' ਦਾ ਸਾਰਾ ਖਰਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਨੇ ਕੀਤਾ। ਸਮਾਗਮ ਦੇ ਪ੍ਰਚਾਰ ਦਾ ਪ੍ਰਬੰਧ ਲਖਜੀਤ ਸਿੰਘ ਸਾਰੰਗ ਨੇ ਕੀਤਾ ਤੇ ਸੰਚਾਲਨ ਜਸਵਿੰਦਰ ਸਿੰਘ ਖਹਿਰਾ ਅਤੇ ਰੁਪਿੰਦਰਜੀਤ ਸਿੰਘ ਕਾਹਲੋਂ ਨੇ ਬਾਖ਼ੂਬੀ ਨਿਭਾਇਆ।

# ਅਮਰੀਕੀ ਬੰਦਰਗਾਹਾਂ ਦੀ ਹੜ੍ਹਤਾਲ ਦਾ ਕੈਨੇਡਾ 'ਤੇ ਵੱਡਾ ਅਸਰ ਪੈਣ ਦੀ ਸੰਭਾਵਨਾ




ਵੈਨਕੂਵਰ : ਅਮਰੀਕੀ ਬੰਦਰਗਾਹਾਂ 'ਤੇ ਲਗਾਤਾਰ ਚੱਲ ਰਹੀ ਹੜ੍ਹਤਾਲ ਦਾ ਕੈਨੇਡਾ ਦੀ ਆਰਥਿਕਤਾ 'ਤੇ ਬਹੁਤ ਵੱਡਾ ਅਸਰ ਪੈਣ ਦੀ ਸੰਭਾਵਨਾ ਹੈ। ਇਹ ਹੜਤਾਲ ਅਮਰੀਕਾ ਦੀਆਂ ਪੂਰਬੀ ਅਤੇ ਪੱਛਮੀ ਬੰਦਰਗਾਹਾਂ 'ਤੇ ਵਰਕਰਾਂ ਦੀ ਮੰਗਾਂ ਨੂੰ ਲੈ ਕੇ ਕੀਤੀ ਜਾ ਰਹੀ ਹੈ। ਮਾਹਿਰਾਂ ਵਲੋਂ ਸੰਭਾਵਨਾ ਜਤਾਈ ਗਈ ਹੈ ਕਿ ਇਸ ਦਾ ਕੈਨੇਡਾ ਦੀ ਵਪਾਰ ਅਤੇ ਸਪਲਾਈ ਚੇਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦੀ ਹੈ ਜੇਕਰ ਸਮਾਂ ਰਹਿੰਦੇ ਇਸ ਦਾ ਹੱਲ ਨਾ ਕੱਢਿਆ ਗਿਆ।

ਕੈਨੇਡਾ ਵਿੱਚ ਆਰਥਿਕ ਮਾਹਿਰਾਂ ਅਤੇ ਉਦਯੋਗਪਤੀਆਂ ਦਾ ਕਹਿਣਾ ਹੈ ਕਿ ਇਹ ਹੜਤਾਲ, ਖਾਸ ਕਰਕੇ ਰੋਜ਼ਾਨਾ ਜ਼ਰੂਰਤ 'ਚ ਆਉਣ ਵਾਲੀਆਂ ਵਸਤਾਂ ਅਤੇ ਕੱਚੇ ਮਾਲ ਦੀ ਸਪਲਾਈ ਵਿੱਚ ਵਿਘਨ ਪਾ ਸਕਦੀ ਹੈ, ਜਿਸ ਨਾਲ ਕੈਨੇਡਾ ਦੇ ਕਈ ਉਦਯੋਗਾਂ 'ਤੇ ਨਕਾਰਾਤਮਕ ਅਸਰ ਪਵੇਗਾ। ਇਹ ਹੜਤਾਲ ਖੇਤੀਬਾੜੀ ਤੋਂ ਲੈ ਕੇ ਮੈਨੂਫੈਕਚਰਿੰਗ ਅਤੇ ਰਿਟੇਲ ਸੈਕਟਰਾਂ ਤੱਕ ਦੇ ਕਾਰੋਬਾਰਾਂ ਲਈ ਇੱਕ ਵੱਡੀ ਚੁਣੌਤੀ ਬਣ ਸਕਦੀ ਹੈ।

ਮਾਹਿਰਾਂ ਨੇ ਕਿਹਾ, "ਇਹ ਹੜਤਾਲ ਕੈਨੇਡਾ ਲਈ ਘਾਤਕ ਅਸਰ ਵਾਲੀ ਸਿੱਧ ਹੋ ਸਕਦੀ ਹੈ, ਕਿਉਂਕਿ ਅਮਰੀਕੀ ਬੰਦਰਗਾਹਾਂ ਰਾਹੀਂ ਆਯਾਤ ਕੀਤੇ ਜਾਣ ਵਾਲੇ ਸਮਾਨ ਦਾ ਵੱਡਾ ਹਿੱਸਾ ਕੈਨੇਡਾ ਵਿੱਚ ਆਉਂਦਾ ਹੈ। ਜੇਕਰ ਹੜਤਾਲ ਲੰਬੇ ਸਮੇਂ ਤੱਕ ਚੱਲਦੀ ਰਹੀ ਤਾਂ ਸਪਲਾਈ ਚੇਨ ਵਿੱਚ ਵਿਘਨ ਆ ਸਕਦਾ ਹੈ, ਜਿਸ ਨਾਲ ਕੀਮਤਾਂ ਵਿੱਚ ਵਾਧਾ ਹੋਵੇਗਾ ਅਤੇ ਸਪਲਾਈ ਦੀ ਘਾਟ ਪੈ ਸਕਦੀ ਹੈ।"

ਇਸ ਹੜਤਾਲ ਦਾ ਸਭ ਤੋਂ ਵੱਧ ਪ੍ਰਭਾਵ ਵੈਨਕੂਵਰ, ਟੋਰਾਂਟੋ ਅਤੇ ਮੋਂਟਰੀਅਲ ਸਮੇਤ ਕੈਨੇਡਾ ਦੇ ਵੱਡੇ ਸ਼ਹਿਰਾਂ ਵਿੱਚ ਹੋ ਸਕਦਾ ਹੈ, ਜਿੱਥੇ ਅਮਰੀਕੀ ਬੰਦਰਗਾਹਾਂ ਰਾਹੀਂ ਆਉਣ ਵਾਲੇ ਸਮਾਨ ਦੀ ਬਹੁਤ ਜ਼ਰੂਰਤ ਹੈ। ਖਾਸ ਤੌਰ 'ਤੇ, ਇਲੈਕਟ੍ਰਾਨਿਕਸ, ਕਪੜਾ, ਅਤੇ ਹੋਰ ਰੋਜ਼ਾਨਾ ਜ਼ਰੂਰਤ 'ਚ ਆਉਣ ਵਾਲੀਆਂ ਵਸਤੂਆਂ ਦੀ ਸਪਲਾਈ ਬਹੁਤ ਪ੍ਰਭਾਵਿਤ ਹੋ ਸਕਦੀ ਹੈ।

This report was written by Simranjit Singh as part of the Local Journalism Initiative.

JOB AND FAIR
owned by L.S Fair Enterprise

**We Provide a reliable and Flexible Workforce,**

**Ready to meet your labor needs anywhere, Ensuring efficient and timely support across various Locations.**

» Move In & Out Cleaning
» One Off Deep Cleaning
» After Builder Cleaning
» Appliances Cleaning Incl. Oven
» Commercial Cleaning
» Pressure Cleaning
» Professional Carpet Cleaning

**JASVINDER SINGH**

CELL : +1 236-632-6301 | +1 604-512-5001
Email: jobandfair@gmail.com | Web: jobandfair.ca
12844 - 66B Ave. Surrey, B.C.

# ਬਲੌਕ ਕਿਊਬੈਕ ਵਲੋਂ ਪੇਸ਼ ਬੁਢਾਪਾ ਪੈਨਸ਼ਨ ਮਤੇ ਦੇ ਖ਼ਿਲਾਫ਼ ਵੋਟਿੰਗ ਕਰੇਗੀ ਲਿਬਰਲ ਪਾਰਟੀ

ਔਟਵਾ : ਕੈਨੇਡੀਅਨ ਹਾਊਸ ਆਫ਼ ਕਾਮਨਜ਼ ਵਿੱਚ ਬਲੌਕ ਕਿਊਬੈਕ ਵਲੋਂ ਪੇਸ਼ ਕੀਤੇ ਬੁਢਾਪਾ ਪੈਨਸ਼ਨ ਵਿਚ ਵਾਧਾ ਕਰਨ ਦੇ ਮੋਸ਼ਨ 'ਤੇ ਲਿਬਰਲ ਸਰਕਾਰ ਨੇ ਵਿਰੋਧ ਕਰਦੇ ਹੋਏ ਵੋਟ ਦਿੱਤੀ ਹੈ। ਇਸ ਮਤੇ ਵਿੱਚ 65 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਲਈ ਬੁਢਾਪਾ ਪੈਨਸ਼ਨ (OAS) ਦੇ ਲਾਭਾਂ ਵਿੱਚ ਵਾਧੇ ਦੀ ਮੰਗ ਕੀਤੀ ਗਈ ਸੀ। ਇਸ ਮਤੇ ‘ਤੇ ਹੋਈ ਵੋਟਿੰਗ ਤੋਂ ਬਾਅਦ ਹੁਣ ਇਹ ਵੱਡੀ ਚਰਚਾ ਦਾ ਵਿਸ਼ਾ ਬਣ ਗਿਆ ਹੈ। ਲਿਬਰਲ ਪਾਰਟੀ ਵਲੋਂ ਇਸ ਮਤੇ ਦੇ ਵਿਰੋਧ ‘ਚ ਵੋਟਿੰਗ ਦੇਣ ਦੇ ਫੈਸਲੇ ਤੋਂ ਬਾਅਦ ਵਿਰੋਧੀ ਪਾਰਟੀਆਂ ਵਲੋਂ ਟਰੂਡੋ ਸਰਕਾਰ ਦੀਆਂ ਨੀਤੀਆਂ ਤੇ ਵਿਰੋਧੀ ਪੱਖਾਂ ਵਿੱਚ ਟਿੱਪਣੀਆਂ ਦਾ ਸਿਲਸਿਲਾ ਵੀ ਤੇਜ਼ ਹੋ ਗਿਆ ਹੈ।




ਬਲੌਕ ਕਿਊਬੈਕ ਦੇ ਆਗੂ ਯਵਾਂ-ਫ੍ਰਾਂਸਵਾ ਬਲਾਸ਼ੇ ਨੇ ਮਤਾ ਪੇਸ਼ ਕਰਦਿਆਂ ਕਿਹਾ ਕਿ ਬੁੱਢਾਪਾ ਪੈਨਸ਼ਨ ਦੇ ਮੌਜੂਦਾ ਲਾਭ ਬਜ਼ੁਰਗਾਂ ਦੀਆਂ ਮੌਲਿਕ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਅਸਮਰੱਥ ਹਨ। ਬਲਾਸ਼ੇ ਦਾ ਮੰਨਣਾ ਹੈ ਕਿ ਬਜ਼ੁਰਗਾਂ ਨੂੰ ਮੌਜੂਦਾ ਮਹਿੰਗਾਈ ਦੀ ਮਾਰ ਅਤੇ ਵਧਦੀਆਂ ਜ਼ਰੂਰਤਾਂ ਦੇ ਮੱਦੇਨਜ਼ਰ ਵਧੇਰੇ ਸਹਾਇਤਾ ਦੀ ਲੋੜ ਹੈ। ਇਸ ਮਤੇ ਤਹਿਤ ਬਲੌਕ ਕਿਊਬੈਕ ਵਲੋਂ ਮੰਗ ਕੀਤੀ ਗਈ ਕਿ ਸਰਕਾਰ OAS ਦੇ ਲਾਭ ਦੇਣ ਲਈ ਇੱਕ ਤੁਰੰਤ ਯੋਜਨਾ ਬਣਾਏ।

ਮਗਰੋਂ, ਲਿਬਰਲ ਸਰਕਾਰ ਨੇ ਇਸ ਮਤੇ ਦਾ ਵਿਰੋਧ ਕੀਤਾ ਹੈ ਅਤੇ ਕਿਹਾ ਕਿ ਉਹ ਬਜ਼ੁਰਗਾਂ ਦੀਆਂ ਲੋੜਾਂ ਦੇ ਪ੍ਰਤੀ ਵਚਨਬੱਧ ਹਨ, ਪਰ ਸਥਾਈ ਅਰਿਥਕ ਸੰਭਾਲੀ ਦੇ ਮੁੱਦੇ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਪਹਿਲਾਂ ਹੀ ਬਜ਼ੁਰਗਾਂ ਲਈ ਕੀਤੇ ਵਾਧੇ ਅਤੇ ਹੋਰ ਸਮਰਥਨ ਕਾਰਜ ਮੌਜੂਦ ਹਨ, ਜਿਨ੍ਹਾਂ ਰਾਹੀਂ ਬਜ਼ੁਰਗਾਂ ਨੂੰ ਰਾਹਤ ਦਿੱਤੀ ਜਾ ਰਹੀ ਹੈ।

ਲਿਬਰਲ ਸਰਕਾਰ ਨੇ ਇਹ ਵੀ ਦੱਸਿਆ ਕਿ ਮਹਿੰਗਾਈ ਦੇ ਮੱਦੇਨਜ਼ਰ, ਉਹਨਾਂ ਨੇ ਪਹਿਲਾਂ ਹੀ ਬਜ਼ੁਰਗਾਂ ਦੇ OAS ਫੰਡ ਵਿੱਚ ਵਾਧਾ ਕੀਤਾ ਹੈ ਅਤੇ ਹੋਰ ਸਹੂਲਤਾ ਦੇਣ ਦੇ ਯਤਨ ਕੀਤੇ ਹਨ। ਇਸ ਮੋਸ਼ਨ 'ਤੇ ਵੋਟਿੰਗ ਨੂੰ ਲੈ ਕੇ ਬਲੌਕ ਕਿਊਬੈਕ ਅਤੇ ਹੋਰ ਵਿਰੋਧੀ ਧਿਰਾਂ ਨੇ ਸਰਕਾਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਹੈ ਕਿ ਟਰੂਡੋ ਬਜ਼ੁਰਗਾਂ ਦੀਆਂ ਆਵਾਜ਼ਾਂ ਨੂੰ ਸੁਣਨ ਵਿੱਚ ਨਾਕਾਮ ਰਹੇ ਹਨ।

ਇਸ ਮੋਸ਼ਨ ਦੇ ਹੱਕ ਵਿੱਚ ਬਲੌਕ ਕਿਊਬੈਕ ਅਤੇ ਨਿਊ ਡੈਮੋਕੇਟਿਕ ਪਾਰਟੀ ਵੋਟ ਦੇ ਸਕਦੇ ਹਨ ਜਦੋਂ ਕਿ ਕੰਜ਼ਰਵੇਟਿਵ ਪਾਰਟੀ ਦੇ ਕੁਝ ਮੈਂਬਰਾਂ ਨੇ ਵੀ ਸਮਰਥਨ ਦੇਣ ਦੀ ਗੱਲ ਕਹੀ ਹੈ । ਪਰ ਲਿਬਰਲ ਪਾਰਟੀ ਦੇ ਵਿਰੋਧ ਕਾਰਨ, ਮਤਾ ਪਾਸ ਹੋਣ ਤੋਂ ਰਹਿ ਸਕਦਾ ਹੈ। ਵਿਰੋਧੀ ਧਿਰਾਂ ਨੇ ਲਿਬਰਲ ਸਰਕਾਰ ਨੂੰ ਇਹ ਕਹਿੰਦਿਆਂ ਨਿਸ਼ਾਨਾ ਬਣਾਇਆ ਕਿ ਉਹ ਬਜ਼ੁਰਗਾਂ ਦੇ ਹੱਕਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ ਅਤੇ ਅਸਲ ਮੁੱਦਿਆਂ ਤੋਂ ਟੱਲ ਰਹੀ ਹੈ। ਨਿਊ ਡੈਮੋਕੇਟਿਕ ਪਾਰਟੀ ਦੇ ਨੇਤਾ ਜਗਮੀਤ ਸਿੰਘ ਨੇ ਕਿਹਾ, “ਇਹ ਸਮਾਂ ਹੈ ਕਿ ਅਸੀਂ ਬਜ਼ੁਰਗਾਂ ਲਈ ਕੁਝ ਫੈਸਲੇ ਲੈਂਦੇ। ਉਹਨਾਂ ਨੇ ਆਪਣੀ ਜ਼ਿੰਦਗੀ ਸਾਡੇ ਦੇਸ਼ ਨੂੰ ਸਮਰਪਿਤ ਕੀਤੀ ਹੈ, ਅਤੇ ਹੁਣ ਸਾਡੇ ਵੱਲੋਂ ਉਹਨਾਂ ਲਈ ਕੁਝ ਕਰਨ ਦਾ ਵਕਤ ਹੈ।" ਦੂਜੇ ਪਾਸੇ, ਲਿਬਰਲ ਸਰਕਾਰ ਨੇ ਮੁੱਖ ਤੌਰ 'ਤੇ ਆਪਣੇ ਫੈਸਲੇ ਦਾ ਬਚਾਅ ਕਰਦੇ ਹੋਏ ਕਿਹਾ ਕਿ ਬਜ਼ੁਰਗਾਂ ਦੀਆਂ ਲੋੜਾਂ ਲਈ ਉਹ ਵਚਨਬੱਧ ਹਨ, ਪਰ ਇਹਨਾਂ ਵਿੱਚ ਹੌਲੀ ਅਤੇ ਸੰਤੁਲਿਤ ਤੌਰ 'ਤੇ ਨਵੀਨਤਾ ਲਿਆਂਦੀ ਜਾ ਰਹੀ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਬਲੌਕ ਕਿਊਬਿਕ ਦੇ ਮੁੱਖ ਆਗੂ ਨੇ ਬੀਤੇ ਹਫ਼ਤੇ ਇਹ ਗੱਲ ਆਖੀ ਸੀ ਕਿ ਜੇਕਰ ਲਿਬਰਲ ਸਰਕਾਰ ਉਨ੍ਹਾਂ ਵਲੋਂ ਲਿਆਂਦੇ ਜਾ ਰਹੇ ਮਤਿਆਂ ਦਾ ਸਮਰਥਨ ਕਰੇਗੀ ਤਾਂ ਉਹ ਲਿਬਰਲ ਪਾਰਟੀ ਨਾਲ ਸਰਕਾਰ ਚਲਾਉਣ ਲਈ ਗਠਜੋੜ ਕਰ ਸਕਦੇ ਹਨ ਪਰ ਹੁਣ ਇਸ ਮਤੇ ‘ਤੇ ਹੋਈ ਵੋਟਿੰਗ ਤੋਂ ਬਾਅਦ ਲਿਬਰਲ ਸਰਕਾਰ ਨੂੰ ਸਮਰਥਨ ਮਿਲਣ ‘ਤੇ ਵੀ ਪ੍ਰਸ਼ਨ ਚਿੰਨ ਲੱਗ ਗਿਆ ਹੈ। This report was written by Simranjit Singh as part of the Local Journalism Initiative.

# ਛੋਟੇ ਕਾਰੋਬਾਰਾਂ ਨੂੰ ਦਸੰਬਰ ਵਿੱਚ 5 ਸਾਲਾਂ ਦੀ ਕਾਰਬਨ ਟੈਕਸ ’ਤੇ ਮਿਲੇਗੀ ਰੀਬੇਟ

ਔਟਵਾ (ਸਿਮਰਨਜੀਤ ਸਿੰਘ) ਛੋਟੇ ਕਾਰੋਬਾਰੀਆਂ ਲਈ ਇੱਕ ਵੱਡੀ ਰਾਹਤ ਦੇ ਤੌਰ ਤੇ, ਕੈਨੇਡੀਅਨ ਸਰਕਾਰ ਨੇ ਐਲਾਨ ਕੀਤਾ ਹੈ ਕਿ ਉਹ ਛੋਟੇ ਕਾਰੋਬਾਰਾਂ ਨੂੰ ਦਸੰਬਰ 2024 ਵਿੱਚ ਪਿਛਲੇ 5 ਸਾਲਾਂ ਦੀ ਕਾਰਬਨ ਕੀਮਤ ਦੀ ਰੀਬੇਟ ਵਾਪਸ ਕਰੇਗੀ। ਇਸ ਫੈਸਲੇ ਨਾਲ ਹਜ਼ਾਰਾਂ ਕਾਰੋਬਾਰੀਆਂ ਨੂੰ ਵਿੱਤੀ ਰਾਹਤ ਮਿਲੇਗੀ, ਜਿਨ੍ਹਾਂ 'ਤੇ ਕਾਰਬਨ ਟੈਕਸ ਦੀ ਮਾਰ ਪਈ ਸੀ।

ਇਹ ਰੀਬੇਟ ਕਾਰੋਬਾਰਾਂ ਲਈ ਇੱਕ ਮੱਦਦਗਾਰ ਹੌਸਲਾ ਹੈ ਜੋ ਮੌਸਮੀ ਤਬਦੀਲੀ ਦੇ ਟੈਕਸਾਂ ਅਤੇ ਵਾਧੂ ਲਾਗਤਾਂ ਨਾਲ ਜੂਝ ਰਹੇ ਹਨ। ਕੈਨੇਡਾ ਦੀ ਵਿੱਤ ਮੰਤਰੀ ਨੇ ਕਿਹਾ, “ਸਾਡੀ ਸਰਕਾਰ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਛੋਟੇ ਕਾਰੋਬਾਰ ਵਧਦੇ ਟੈਕਸਾਂ ਦੇ ਬੋਝ ਹੇਠਾਂ ਨਾ ਆਉਣ। ਇਹ ਰੀਬੇਟ ਉਨ੍ਹਾਂ ਲਈ ਰਾਹਤ ਦੇਣ ਲਈ ਹੈ ਜੋ ਮਹਿੰਗਾਈ ਅਤੇ ਵੱਧ ਰਹੀਆਂ ਲਾਗਤਾਂ ਨੂੰ ਝੱਲ ਰਹੇ ਹਨ।” ਰੀਬੇਟ ਮੁੱਖ ਤੌਰ 'ਤੇ ਉਹਨਾਂ ਕਾਰੋਬਾਰਾਂ ਲਈ ਹੈ ਜਿਨ੍ਹਾਂ ਨੂੰ 2019 ਤੋਂ ਲਾਗੂ ਕੀਤੇ ਗਏ ਕਾਰਬਨ ਕੀਮਤਾਂ ਨਾਲ ਆਪਣੇ ਖਰਚੇ ਸੰਭਾਲ ਨਹੀਂ ਪਾ ਰਹੇ। ਇਨ੍ਹਾਂ ਵਿੱਚ ਕਾਰਪੈਂਟਰੀ, ਛੋਟੇ ਪੈਮਾਨੇ 'ਤੇ ਉਤਪਾਦਨ, ਅਤੇ ਹੋਰ ਛੋਟੇ ਮਿਆਦੀ ਕੰਮ ਸ਼ਾਮਲ ਹਨ। ਰੀਬੇਟ ਦੇ ਨਾਲ, ਸਰਕਾਰ ਇਹ ਵੀ ਉਮੀਦ ਕਰ ਰਹੀ ਹੈ ਕਿ ਛੋਟੇ ਕਾਰੋਬਾਰ ਪੈਦਾਵਾਰੀ ਵਿੱਚ ਸਫਾਈ ਅਤੇ ਪ੍ਰੋ-ਇਕੋਲੋਜੀਕਲ ਤਰੀਕਿਆਂ ਦਾ ਅਪਨਾਉਣ ਕਰ ਕੇ ਵਾਤਾਵਰਣ ਨੂੰ ਹੋਰ ਹਾਨੀ ਪਹੁੰਚਾਉਣ ਤੋਂ ਬਚ ਸਕਣਗੇ।

ਵਿੱਤ ਵਿਭਾਗ ਦਾ ਕਹਿਣਾ ਹੈ ਕਿ ਫੈਡਰਲ ਸਰਕਾਰ ਦਸੰਬਰ ਵਿੱਚ ਲਗਭਗ 600,000 ਕੈਨੇਡੀਅਨ ਕਾਰੋਬਾਰਾਂ ਨੂੰ $2.5 ਬਿਲੀਅਨ ਤੋਂ ਵੱਧ ਭੇਜੇਗੀ।

ਦਸੰਬਰ ਵਿੱਚ ਜਦੋਂ ਇਹ ਰੀਬੇਟ ਜਾਰੀ ਕੀਤੀ ਜਾਵੇਗੀ ਤਾਂ ਛੋਟੇ ਕਾਰੋਬਾਰਾਂ ਨੂੰ ਹਰ ਸਾਲ ਦੀ ਵਾਪਸੀ ਇੱਕ ਕਤਾਰਵਾਰ ਰਕਮ ਦੇ ਤੌਰ 'ਤੇ ਮਿਲੇਗੀ।

ਸਰਕਾਰੀ ਤਰਜਮਾਨ ਨੇ ਕਿਹਾ, “ਅਸੀਂ ਇਨਸਾਫ਼ ਅਤੇ ਵਚਨਬੱਧਤਾ ਨਾਲ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਇਹ ਰੀਬੇਟ ਸਹੀ ਸਮੇਂ ਤੇ ਪਹੁੰਚੇ ਤਾਂ ਜੋ ਛੋਟੇ ਕਾਰੋਬਾਰਾਂ ਨੂੰ ਇਹਨੂੰ ਆਪਣੇ ਲਾਭ ਲਈ ਵਰਤਣ ਦਾ ਮੌਕਾ ਮਿਲੇ।” ਇਹ ਰੀਬੇਟ ਸਰਕਾਰੀ ਕਾਰਬਨ ਟੈਕਸ ਨੀਤੀ ਦੇ ਤਹਿਤ ਇੱਕ ਕਦਮ ਹੈ ਜੋ ਛੋਟੇ ਕਾਰੋਬਾਰਾਂ ਨੂੰ ਵਾਧੂ ਲਾਗਤਾਂ ਤੋਂ ਰਾਹਤ ਦੇਣ ਲਈ ਸਿੱਧਾ ਉਪਾਅ ਹੈ। This report was written by Simranjit Singh as part of the Local Journalism Initiative.









## ਰਸਟੈਡ ਦੇ ਵਿਚਾਰ ਅਤੇ ਨੀਤੀਆਂ:

- ਉਹ ਕਹਿੰਦਾ ਹੈ ਕਿ ਉਹ ਹੈਲਥਕੇਅਰ ਬਜਟ ਵਿੱਚ $4 ਬਿਲੀਅਨ ਦੀ ਕਟੌਤੀ ਕਰੇਗਾ – ਇਹ ਉਸਦੀ ਯੋਜਨਾ ਦੇ 12ਵੇਂ ਪੰਨੇ ' ਤੇ ਲਿਖਿਆ ਹੈ
- ਉਹ ਕਹਿੰਦਾ ਹੈ ਕਿ ਉਹ ਬੰਦੂਕਾਂ ਤੇ ਲੱਗੀਆਂ ਉਹਨਾਂ ਪਾਬੰਦੀਆਂ ਨੂੰ ਲਾਗੂ ਨਹੀਂ ਕਰੇਗਾ, ਜੋ ਇਨ੍ਹਾਂ ਹਥਿਆਰਾਂ ਨੂੰ ਗੈਂਗਸਟਰਜ਼ ਦੇ ਹੱਥਾਂ ਤੋਂ ਦੂਰ ਰੱਖਦੇ ਹਨ।
- ਉਸਦਾ ਮੰਨਣਾ ਹੈ ਕਿ ਜੀਵਨ ਬਚਾਉਣ ਵਾਲੇ ਕੋਵਿਡ ਟੀਕੇ ਇੱਕ ਸਾਜ਼ਿਸ਼ ਦਾ ਹਿੱਸਾ ਹਨ
- ਉਹ ਨਵੇਂ ਸਕੂਲ ਨਹੀਂ ਬਣਾਉਣਾ ਚਾਹੁੰਦਾ। ਉਹ ਸਾਡੇ ਬੱਚਿਆਂ ਨੂੰ ਵਧੇਰੇ ਭੀੜ-ਭੜੱਕੇ ਵਾਲੇ ਕਲਾਸਰੂਮਾਂ ਵਿੱਚ ਭਰਨਾ ਚਾਹੁੰਦਾ ਹੈ, ਜਿਸ ਨਾਲ ਪੜ੍ਹਾਈ-ਲਿਖਾਈ ਪ੍ਰਭਾਵਿਤ ਹੁੰਦੀ ਹੈ।
- ਉਹ ਕਹਿੰਦਾ ਹੈ ਕਿ ਕਲਾਇਮੇਟ ਚੇਂਜ ਸਰਾਸਰ ਝੂਠ ਹੈ!

**ਕੀ ਇਹ ਲੀਡਰਸ਼ਿਪ ਹੈ? ਕੀ ਤੁਸੀਂ ਉਸ 'ਤੇ ਭਰੋਸਾ ਕਰ ਸਕਦੇ ਹੋ?**

**ਜੌਨ ਰਸਟੈਡ: ਬਹੁਤ ਖਤਰਨਾਕ ਹੈ। ਇਹ ਬੀਸੀ ਨੂੰ ਸੰਭਾਲਣ ਦੇ ਕਾਬਲ ਨਹੀਂ।**

BC NDP

**In this BC election, re-elect David Eby and the BC NDP.**

Authorized by Karen Cooling, Financial Agent, 604-430-8600

# ਬੀ.ਸੀ. ਕੰਜ਼ਰਵੇਟਿਵ ਪਾਰਟੀ ਦੀਆਂ ਨੀਤੀਆਂ ਲੋਕਾਂ ਦੀ ਸੁਰੱਖਿਆ ਨੂੰ ਖਤਰੇ ’ਚ ਪਾ ਸਕਦੀਆਂ ਹਨ : ਬਲਤੇਜ ਢਿੱਲੋਂ

## ਬੀ.ਸੀ. ਕੰਜ਼ਰਵੇਟਿਵ ਨੇਤਾ ਜੌਨ ਰੁਸਟੈੱਡ ਵਲੋਂ ਫੈਡਰਲ ਬੰਦੂਕ ਸੁਰੱਖਿਆ ਕਾਨੂੰਨਾਂ ਨੂੰ ਲਾਗੂ ਨਾ ਕਰਨ ਦਾ ਕੀਤਾ ਗਿਆ ਸੀ ਐਲਾਨ

ਸਰੀ, (ਸਿਮਰਨਜੀਤ ਸਿੰਘ): ਸਰੀ-ਸਰਪੈਂਟਾਈਨ ਤੋਂ ਬੀ.ਸੀ. ਐਨ.ਡੀ.ਪੀ. ਦੇ ਉਮੀਦਵਾਰ ਅਤੇ ਆਰ.ਸੀ.ਐਮ.ਪੀ. ਦੇ ਸਾਬਕਾ ਅਧਿਕਾਰੀ ਬਲਤੇਜ ਸਿੰਘ ਢਿੱਲੋਂ ਨੇ ਬੀ.ਸੀ. ਕੰਜ਼ਰਵੇਟਿਵ ਨੇਤਾ ਜੌਨ ਰੁਸਟੈੱਡ ਦੀ ਪ੍ਰਸਤਾਵਿਤ ਗੰਨ ਕਾਨੂੰਨਾਂ ਨੂੰ ਨਜ਼ਰਅੰਦਾਜ਼ ਕਰਨ ਦੀ ਰਣਨੀਤੀ 'ਤੇ ਗੰਭੀਰ ਚਿੰਤਾ ਪ੍ਰਗਟਾਈ ਹੈ। ਢਿੱਲੋਂ ਨੇ ਚੇਤਾਵਨੀ ਦਿੱਤੀ ਕਿ ਰੁਸਟੈੱਡ ਦੀ ਇਹ ਪਾਲਿਸੀ ਗੈਂਗ ਹਿੰਸਾ ਨੂੰ ਹੋਰ ਵਧਾ ਸਕਦੀਆਂ ਹਨ ਜਿਸ ਨਾਲ ਸੂਬੇ ਭਰ ਵਿੱਚ ਲੋਕਾਂ ਦੀ ਸੁਰੱਖਿਆ ਵੀ ਖਤਰੇ ਵਿੱਚ ਪਵੇਗੀ।

ਜੌਨ ਰੁਸਟੈੱਡ ਨੇ ਘੋਸ਼ਣਾ ਕੀਤੀ ਹੈ ਕਿ ਉਹ ਬੀ.ਸੀ. ਵਿੱਚ ਪੁਲਿਸ ਨੂੰ ਸਲਾਹ ਦੇਣਗੇ ਕਿ ਉਹ ਫੈਡਰਲ ਬੰਦੂਕ ਸੁਰੱਖਿਆ ਕਾਨੂੰਨਾਂ ਨੂੰ ਲਾਗੂ ਨਾ ਕਰਨ। ਰੁਸਟੈੱਡ ਨੇ ਪਿਛਲੇ ਮਹੀਨੇ ਫੋਰਟ ਸਟ. ਜੌਨ ਵਿੱਚ ਇੱਕ ਸਮਾਗਮ ਦੌਰਾਨ ਇਹ ਟਿੱਪਣੀਆਂ ਕੀਤੀਆਂ ਸਨ ਅਤੇ ਇਸ ਸ਼ੁੱਕਰਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਇਸਦੀ ਪੁਸ਼ਟੀ ਕੀਤੀ। ਉਹਨਾਂ ਦੇ ਇਸ ਕਦਮ ਨੇ ਵੱਡਾ ਵਿਵਾਦ ਪੈਦਾ ਕੀਤਾ ਹੈ, ਖਾਸ ਕਰਕੇ ਉਸ ਸੰਦਰਭ ਵਿੱਚ ਜਦੋਂ ਗੈਂਗ ਹਿੰਸਾ ਵਿੱਚ ਵਰਤੇ ਜਾ ਰਹੇ ਹਥਿਆਰਾਂ ਨੂੰ ਰੋਕਣ ਲਈ ਇਸਦੇ ਉਲਟ ਕਦਮਾਂ ਦੀ ਲੋੜ ਦੱਸੀ ਜਾ ਰਹੀ ਹੈ।




ਢਿੱਲੋਂ ਨੇ ਕਿਹਾ, "ਜਿਨ੍ਹਾਂ ਕਾਨੂੰਨਾਂ ਨੂੰ ਰੁਸਟੈੱਡ ਨਜ਼ਰਅੰਦਾਜ਼ ਕਰਨ ਦੀ ਯੋਜਨਾ ਬਣਾ ਰਹੇ ਹਨ, ਉਹ ਗੈਰਕਾਨੂੰਨੀ ਬੰਦੂਕਾਂ ਨੂੰ ਟਾਰਗਿਟ ਕਰਦੇ ਹਨ ਜੋ ਹਿੰਸਕ ਅਪਰਾਧਾਂ ਵਿੱਚ ਵਰਤੇ ਜਾਂਦੇ ਹਨ, ਜਿਵੇਂ ਕਿ ਅ੍-15 ਸ਼੍ਰੇਣੀ ਦੀਆਂ ਰਾਈਫਲਾਂ ਅਤੇ ਹੈਂਡਗਨ। ਇਹ ਕਾਨੂੰਨ ਨਜ਼ਰਅੰਦਾਜ਼ ਕਰਨਾ ਗੈਂਗਾਂ ਨੂੰ ਖ਼ਤਰਨਾਕ ਸੰਦੇਸ਼ ਦੇਵੇਗਾ ਕਿ ਜੌਨ ਰੁਸਟੈੱਡ ਦੇ ਹੇਠਾਂ, ਉਹ ਬੇਰੋਕ-ਟੋਕ ਹਥਿਆਰਾ ਦਾ ਆਯਾਤ ਕਰ ਸਕਦੇ ਹਨ ਅਤੇ ਇਸਦੇ ਲਾਭ ਨਾਲ ਕੰਮ ਕਰ ਸਕਦੇ ਹਨ।"

ਜ਼ਿਕਰਯੋਗ ਹੈ ਕਿ ਬਿਲ ਸੀ-21 ਹੈਂਡਗਨ ਵਿਕਰੀ 'ਤੇ ਰੋਕ ਲਗਾਉਂਦਾ ਹੈ, ਖਤਰਨਾਕ ਰਾਈਫਲਾਂ ਨੂੰ ਸੀਮਿਤ ਕਰਦਾ ਹੈ, ਅਤੇ ਪੁਲੀਸ ਨੂੰ ਉਹਨਾਂ ਲੋਕਾਂ ਤੋਂ ਹਥਿਆਰ ਜ਼ਬਤ ਕਰਨ ਦੇ ਅਧਿਕਾਰ ਦਿੰਦਾ ਹੈ, ਜੋ ਘਰੇਲੂ ਹਿੰਸਾ ਜਾਂ ਪਾਬੰਦੀ ਆਰਡਰਾਂ ਦੇ ਅਧੀਨ ਹੁੰਦੇ ਹਨ।

ਢਿੱਲੋਂ ਨੇ ਆਖਿਆ, "ਇਹ ਸ਼ਿਕਾਰ ਜਾਂ ਕਾਨੂੰਨੀ ਬੰਦੂਕ ਮਲਕੀਅਤ ਬਾਰੇ ਨਹੀਂ ਹੈ। ਇਹ ਉਹਨਾਂ ਕਿਸਮਾਂ ਦੀਆਂ ਗੈਰਕਾਨੂੰਨੀ ਬੰਦੂਕਾਂ ਬਾਰੇ ਹੈ, ਜੋ ਗੈਂਗਾਂ ਦੁਆਰਾ ਵਰਤੀਆਂ ਜਾਂਦੀ ਹਨ।"

ਇਸ ਹਫ਼ਤੇ ਦੇ ਆਰੰਭ ਵਿੱਚ ਸਰੀ ਆਰ.ਸੀ.ਐਮ.ਪੀ. ਨੇ ਖ਼ਤਰਨਾਕ ਹਥਿਆਰਾਂ ਦਾ ਇੱਕ ਜ਼ਖੀਰਾ ਜ਼ਬਤ ਕੀਤਾ, ਜਿਸ ਵਿੱਚ ਹੈਂਡਗਨ ਵੀ ਸ਼ਾਮਿਲ ਸਨ। ਢਿੱਲੋਂ ਨੇ ਕਿਹਾ, "ਜਦੋਂ ਸਾਨੂੰ ਪੁਲੀਸ ਦਾ ਸਮਰਥਨ ਕਰਨਾ ਚਾਹੀਦਾ ਹੈ ਅਤੇ ਗੈਂਗ ਹਿੰਸਾ ਦੇ ਮੁਕਾਬਲੇ ਲਈ ਉਹਨਾਂ ਨੂੰ ਵਧੇਰੇ ਸੰਦ ਦੇਣੇ ਚਾਹੀਦੇ ਹਨ, ਜੌਨ ਰੁਸਟੈੱਡ ਦੇ ਵਾਅਦੇ ਅਦਭੁਤ ਹਨ, ਕਿਉਂਕਿ ਉਹ ਪੁਲੀਸ ਦੇ ਹੱਥ ਬੰਨ੍ਹਣ ਦੀ ਗੱਲ ਕਰ ਰਹੇ ਹਨ। ਇਸ ਨਾਲ ਪੁਲੀਸ ਅਧਿਕਾਰੀਆਂ ਦੀ ਸੁਰੱਖਿਆ ਨੂੰ ਖਤਰਾ ਹੋਵੇਗਾ ਅਤੇ ਸਾਡੇ ਸਮੂਹਾਂ ਵਿੱਚ ਹੋਰ ਲੋਕਾਂ ਨੂੰ ਬੰਦੂਕ ਹਿੰਸਾ ਦਾ ਖ਼ਤਰਾ ਵਧੇਗਾ।" This report was written by Simranjit Singh as part of the Local Journalism Initiative.

# ਵਾਈਟਰੌਕ ਵਿੱਚ ਓਵਰਡੋਜ਼ ਰੋਕਥਾਮ ਲਈ ਸ਼ੁਰੂ ਹੋਈ ਡਰੱਗ ਟੈਸਟਿੰਗ

ਸਰੀ, (ਸਿਮਰਨਜੀਤ ਸਿੰਘ): ਬੀ.ਸੀ. ‘ਚ ਵਧ ਰਹੀ ਓਵਰਡੋਜ਼ ਦੀ ਮਹਾਮਾਰੀ ਅਤੇ ਨਸ਼ੀਲੇ ਪਦਾਰਥਾਂ ਨਾਲ ਹੋ ਰਹੀਆਂ ਮੌਤਾਂ ਦੇ ਮੱਦੇਨਜ਼ਰ, ਵਾਈਟਰੌਕ ਦੇ ਓਵਰਡੋਜ਼ ਪ੍ਰਿਵੈਂਸ਼ਨ ਸਾਈਟ 'ਤੇ ਹੁਣ ਨਸ਼ੀਲੇ ਪਦਾਰਥਾਂ ਦੀ ਜਾਂਚ ਦੀ ਸਹੂਲਤ ਉਪਲਬਧ ਕਰਵਾਈ ਗਈ ਹੈ। ਇਸ ਨਵੇਂ ਕੀਤੇ ਗਏ ਉਪਰਾਲੇ ਦਾ ਮੁੱਖ ਉਦੇਸ਼ ਨਸ਼ੀਲੀਆਂ ਦਵਾਈਆਂ ਵਿੱਚ ਖ਼ਤਰਨਾਕ ਤੱਤਾਂ ਦੀ ਪਛਾਣ ਕਰਕੇ ਲੋਕਾਂ ਨੂੰ ਸੁਰੱਖਿਅਤ ਰੱਖਣਾ ਹੈ। ਸਾਈਟ ਤੇ ਆਉਣ ਵਾਲੇ ਵਿਅਕਤੀ ਹੁਣ ਆਪਣੇ ਨਸ਼ੀਲੇ ਪਦਾਰਥਾਂ ਦੀ ਜਾਂਚ ਸਕਦੇ ਹਨ, ਜਿਵੇਂ ਕਿ ਫੈਂਟੇਨਲ ਅਤੇ ਹੋਰ ਜ਼ਹਿਰੀਲੇ ਕੈਮਿਕਲਜ਼ ਦੀ ਮੌਜੂਦਗੀ ਦੀ ਜਾਂਚ ਕੀਤੀ ਜਾ ਸਕਦੀ ਹੈ।

ਇਹ ਸੇਵਾ ਮੁਫ਼ਤ ਹੈ ਅਤੇ ਇਸਦਾ ਉਦੇਸ਼ ਉਹਨਾਂ ਲੋਕਾਂ ਦੀ ਜਾਨ ਬਚਾਉਣਾ ਹੈ ਜੋ ਅਣਜਾਣੇ ‘ਚ ਖਤਰਨਾਕ ਨਸ਼ੀਲੀਆਂ ਦਵਾਈਆਂ ਦੀ ਵਰਤੋਂ



ਕਰਕੇ ਆਪਣੇ ਆਪ ਨੂੰ ਖ਼ਤਰੇ ਵਿੱਚ ਪਾ ਲੈਂਦੇ ਹਨ। ਇਹ ਪ੍ਰੋਗਰਾਮ ਓਵਰਡੋਜ਼ ਨਸ਼ਿਆਂ ਨਾਲ ਹੋ ਰਹੀਆਂ ਮੌਤਾਂ ਨੂੰ ਠੱਲ ਪਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਸਮੇਂ ਬੀ.ਸੀ. ਵਿੱਚ ਹਜ਼ਾਰਾਂ ਲੋਕਾਂ ਦੀ ਮੌਤ ਫੈਂਟੇਨਲ ਅਤੇ ਹੋਰ ਜ਼ਹਿਰੀਲੇ ਪਦਾਰਥਾਂ ਦੇ ਕਾਰਨ ਹੋ ਰਹੀ ਹੈ।

ਬੀ. ਸੀ. ਸਿਹਤ ਮੰਤਰੀ ਏਡਰੀਅਨ ਡਿਕਸ ਨੇ ਕਿਹਾ, “ਇਹ ਜਾਂਚ ਸਹੂਲਤ ਇੱਕ ਮਹੱਤਵਪੂਰਨ ਕਦਮ ਹੈ ਜੋ ਕਿ ਸਾਡੇ ਸੁਸਾਇਟੀ ਦੇ ਸਭ ਤੋਂ ਅਸੁਰੱਖਿਅਤ ਲੋਕਾਂ ਨੂੰ ਬਚਾਉਣ ਵਿੱਚ ਮਦਦ ਕਰੇਗੀ। ਸੁਰੱਖਿਆ ਪ੍ਰਧਾਨ ਕਰਨ ਦੇ ਨਾਲ-ਨਾਲ, ਇਹ ਸੇਵਾ ਨਸ਼ੇ ਦੀਆਂ ਸਮੱਸਿਆਵਾਂ ਨਾਲ ਨਜਿੱਠਣ ਵਿੱਚ ਵੀ ਮਦਦਗਾਰ ਸਾਬਤ ਹੋਵੇਗੀ।” This report was written by Simranjit Singh as part of the Local Journalism Initiative.







# ਸਰੀ ਕੌਂਸਲ ਵੱਲੋਂ ਰੈਡਵੁੱਡ ਪਾਰਕ ਦੇ ਵਿਸਥਾਰ ਨੂੰ ਮਨਜ਼ੂਰੀ

ਸਰੀ (ਸਿਮਰਨਜੀਤ ਸਿੰਘ): ਸਰੀ ਕੌਂਸਲ ਨੇ ਰੈਡਵੁੱਡ ਪਾਰਕ ਦੇ ਵਿਸਥਾਰ ਨੂੰ ਹਰੀ ਝੰਡੀ ਦੇ ਦਿੱਤੀ ਹੈ, ਜਿਸ ਨਾਲ ਸ਼ਹਿਰ ਦੇ ਵਸਨੀਕਾਂ ਨੂੰ ਹੁਣ ਹੋਰ ਖੁੱਲ੍ਹੇ ਸਬਜ਼ ਇਲਾਕੇ ਅਤੇ ਕੌਮੀ ਪਰਿਸ਼ਰਾਂ ਦੀ ਸਹੂਲਤ ਮਿਲੇਗੀ। ਇਸ ਪਾਰਕ ਦੇ ਏਰੀਏ ਨੂੰ ਵਧਾਇਆ ਗਿਆ ਪਾਰਕ ਸ਼ਹਿਰ ਦੇ ਹਰਿਆਲੀ ਨੂੰ ਸੰਭਾਲਨ ਅਤੇ ਇਥੋਂ ਦੇ ਵਾਸੀਆਂ ਲਈ ਇਸ ਪਾਰਕ ਨੂੰ ਵਧਾਇਆ ਜਾਣਾ ਇੱਕ ਹੋਰ ਮਹੱਤਵਪੂਰਨ ਕਦਮ ਹੈ। ਇਸ ਨਾਲ ਇਥੋਂ ਦੇ ਵਾਸੀਆਂ ਨੂੰ ਆਰਾਮਦਾਇਕ ਅਤੇ ਸਿਹਤਮੰਦ ਤਰੀਕੇ ਨਾਲ ਜੀਵਨ ਜਿਊਣ ਲਈ ਸੈਰ-ਸਪਾਟੇ ਦੇ ਮੌਕੇ ਪ੍ਰਦਾਨ ਹੋਣਗੇ। ਇਹ ਵਿਸਥਾਰ ਰੈਡਵੁੱਡ ਪਾਰਕ ਵਿੱਚ ਸੈਰ ਕਰਨ ਲਈ, ਖੇਡਣ ਲਈ, ਪਿਕਨਿਕ ਆਦਿ ਲਈ ਨਵਾਂ ਏਰੀਆ ਮਿਲੇਗਾ।

ਸਰੀ ਦੇ ਮੇਅਰ ਨੇ ਕਿਹਾ, "ਰੈਡਵੁੱਡ ਪਾਰਕ ਸਾਡੀ ਸ਼ਹਿਰ ਦੀ ਵਿਰਾਸਤ ਦਾ ਇੱਕ ਮਹੱਤਵਪੂਰਨ ਹਿੱਸਾ ਹੈ, ਅਤੇ ਇਸਦੇ ਵਿਸਥਾਰ ਨਾਲ ਸਾਡੀ ਕਮਿਊਨਟੀ ਨੂੰ ਹੋਰ ਵਧੀਆ ਜਗ੍ਹਾ ਮਿਲੇਗੀ ਜਿੱਥੇ ਲੋਕ ਕੁਦਰਤ ਦਾ ਆਨੰਦ ਮਾਣ ਸਕਣਗੇ। ਇਹ ਸਾਡੀ ਯੋਜਨਾ ਹੈ ਕਿ ਪਾਰਕਾਂ ਅਤੇ ਖੁੱਲ੍ਹੇ ਇਲਾਕਿਆਂ ਵਿੱਚ




ਨਿਵੇਸ਼ ਕਰਕੇ ਸਰੀ ਨੂੰ ਇੱਕ ਵਧੇਰੇ ਸੁਵਿਧਾ ਵਾਲਾ ਅਤੇ ਸਿਹਤਮੰਦ ਸ਼ਹਿਰ ਬਣਾਇਆ ਜਾਵੇ।"

ਰੈਡਵੁੱਡ ਪਾਰਕ, ਜੋ ਆਪਣੀਆਂ ਦੂਰ-ਦੂਰ ਤੋਂ ਆਏ ਹੋਏ ਦਰੱਖਤਾਂ ਦੀਆਂ ਕਿਸਮਾਂ ਲਈ ਪ੍ਰਸਿੱਧ ਹੈ, ਵਿਦੇਸ਼ੀ ਪਰਿਵਾਰਾਂ ਅਤੇ ਸੈਲਾਨੀਆਂ ਲਈ ਵੀ ਇੱਕ ਪ੍ਰਮੁੱਖ ਸਥਾਨ ਹੈ। ਇਸ ਪ੍ਰਾਜੈਕਟ ਦੇ ਪੂਰਾ ਹੋਣ ਨਾਲ, ਇਹ ਪਾਰਕ ਇੱਕ ਮਨੋਰੰਜਨ ਸਥਾਨ ਵਜੋਂ ਵੀ ਵਿਕਸਿਤ ਹੋਵੇਗਾ, ਜਿਸ ਨਾਲ ਸਥਾਨਕ ਲੋਕਾਂ ਅਤੇ ਵਿਦਿਆਰਥੀਆਂ ਨੂੰ ਕੁਦਰਤੀ ਜਗਤ ਬਾਰੇ ਹੋਰ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ।

ਵਿਸਥਾਰ ਲਈ ਮੰਜ਼ੂਰੀ ਤੋਂ ਬਾਅਦ, ਕੰਮ ਸ਼ੁਰੂ ਕਰਨ ਦੀ ਯੋਜਨਾ ਹੈ, ਅਤੇ ਇਸਨੂੰ ਅਗਲੇ ਕੁਝ ਸਾਲਾਂ ਵਿੱਚ ਪੂਰਾ ਕੀਤਾ ਜਾਣਾ ਹੈ। ਪਾਰਕ ਦੇ ਇਸ ਵਿਸਥਾਰ ਨਾਲ ਸਰੀ ਦੇ ਨਿਵਾਸੀਆਂ ਨੂੰ ਕੁਦਰਤ ਨਾਲ ਜੁੜਨ ਅਤੇ ਆਪਣੀ ਸਿਹਤ ਲਈ ਵਧੇਰੇ ਸੁਵਿਧਾਵਾਂ ਪ੍ਰਾਪਤ ਕਰਨ ਵਿੱਚ ਸਹੂਲਤ ਹੋਵੇਗੀ, ਜੋ ਸਰੀ ਸ਼ਹਿਰ ਦੀ ਹਰਿਆਲੀ ਨੀਤੀ ਦੇ ਅਧੀਨ ਹੈ। This report was written by Simranjit Singh as part of the Local Journalism Initiative.

# ਅਮਰੀਕਾ ਨੇ ਵਿਦੇਸ਼ੀ ਵਿਦਿਆਰਥੀਆਂ ਨੂੰ ਵੀਜ਼ਾ ਦੇਣ ਲਈ ਢਾਈ ਲੱਖ ਸਲਾਟ ਖੋਲ੍ਹੇ

ਵਾਸ਼ਿੰਗਟਨ : ਸੰਯੁਕਤ ਰਾਜ ਨੇ ਸੈਲਾਨੀਆਂ, ਹੁਨਰਮੰਦ ਕਾਮਿਆਂ ਅਤੇ ਵਿਦਿਆਰਥੀਆਂ ਲਈ ਵਾਧੂ 2,50,000 ਵੀਜ਼ਾ ਸਲਾਟ (ਵੀਜ਼ਾ ਲੈਣ ਲਈ ਦਰਖਾਸਤ ਕਰਨ ਦੀ ਪ੍ਰਕਿਰਿਆ) ਖੋਲ੍ਹ ਦਿੱਤੇ ਹਨ। ਅਮਰੀਕੀ ਦੂਤਾਵਾਸ ਨੇ ਕਿਹਾ ਕਿ ਨਵੇਂ ਸਲਾਟ ਬਿਨੈਕਾਰਾਂ ਨੂੰ ਸਮੇਂ ਸਿਰ ਇੰਟਰਵਿਊ ਦੇਣ ਤੇ ਉਨ੍ਹਾਂ ਵੱਲੋਂ ਅਮਰੀਕਾ ਦੀ ਯਾਤਰਾ ਕਰਨ ਦੀ ਸਹੂਲਤ ਪ੍ਰਦਾਨ ਕਰਨਗੇ। ਦੱਸਣਾ ਬਣਦਾ ਹੈ ਕਿ ਭਾਰਤ ਵਾਸੀਆਂ ਨੂੰ ਕਈ ਕਈ ਮਹੀਨੇ ਤੇ ਸਾਲ ਤੋਂ ਉਪਰ ਅਮਰੀਕਾ ਦੀ ਇੰਟਰਵਿਊ ਦੇਣ ਲਈ ਇੰਤਜ਼ਾਰ ਕਰਨਾ ਪੈਂਦਾ ਸੀ ਤੇ ਇਸ ਤੋਂ ਬਾਅਦ ਉਨ੍ਹਾਂ ਨੂੰ ਵੀਜ਼ਾ ਮਿਲਣ ਜਾਂ ਨਾ ਮਿਲਣ ਦਾ ਫੈਸਲਾ ਹੁੰਦਾ ਸੀ ਪਰ ਅਮਰੀਕਾ ਦੇ ਇਸ ਕਦਮ ਨਾਲ ਵੱਡੀ ਗਿਣਤੀ ਭਾਰਤੀਆਂ ਨੂੰ ਫਾਇਦਾ ਹੋਵੇਗਾ। ਦੂਤਾਵਾਸ ਦੇ ਰਿਕਾਰਡ ਅਨੁਸਾਰ ਇਸ ਸਾਲ ਵਿਚ ਹੁਣ ਤੱਕ 12 ਲੱਖ ਤੋਂ ਵੱਧ ਭਾਰਤੀਆਂ ਨੇ ਅਮਰੀਕਾ ਦੀ ਯਾਤਰਾ ਕੀਤੀ ਹੈ ਜੋ ਕਿ 2023 ਦੀ ਇਸ ਮਿਆਦ ਦੇ ਮੁਕਾਬਲੇ 35 ਫੀਸਦੀ ਵੱਧ ਹੈ। ਇਹ ਵੀ ਦੱਸਦਾ ਬਣਦਾ ਹੈ ਕਿ ਘੱਟੋ-ਘੱਟ 60 ਲੱਖ ਭਾਰਤੀਆਂ ਕੋਲ ਪਹਿਲਾਂ ਹੀ ਅਮਰੀਕਾ ਜਾਣ ਦਾ ਵੀਜ਼ਾ ਹੈ।

# ਮੁਰੰਮਤ ਦੇ ਚਲਦੇ ਪਟੂਲੋ ਪੁੱਲ ਦੀਆਂ ਕੁਝ ਲਾਇਨਾਂ 6 ਅਕਤੂਬਰ ਤੋਂ ਹੋਣ ਜਾ ਰਹੀਆਂ ਹਨ ਬੰਦ

ਵੈਨਕੂਵਰ (ਸਿਮਰਨਜੀਤ ਸਿੰਘ): ਮੁਰੰਮਤ ਦੇ ਕੰਮ ਦੇ ਕਾਰਨ ਪਟੂਲੋ ਪੁੱਲ ਦੀਆਂ ਕੁਝ ਲਾਇਨਾਂ 6 ਅਕਤੂਬਰ ਤੋਂ ਅਣਮਿੱਥੇ ਸਮੇਂ ਲਈ ਬੰਦ ਕੀਤੀਆਂ ਜਾ ਰਹੀਆਂ ਹਨ। ਇਹ ਪਾਬੰਦੀਆਂ ਟਰੈਫ਼ਿਕ ਨਿਯਮਾਂ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਲਾਗੂ ਕੀਤੀਆਂ ਜਾ ਰਹੀਆਂ ਹਨ ਅਤੇ ਇਸ ਕਾਰਨ ਡਰਾਈਵਰਾਂ ਨੂੰ ਹੋਰ ਰਸਤੇ ਰਾਹੀਂ ਜਾਣ ਸਬੰਧੀ ਹਦਾਇਤਾਂ ਵੀ ਜਾਰੀ ਕੀਤੀਆਂ ਗਈਆਂ ਹਨ।

ਬ੍ਰਿਟਿਸ਼ ਕੋਲੰਬੀਆ ਦੇ ਆਵਾਜਾਈ ਮੰਤਰੀ ਦੇ ਅਧਿਕਾਰੀਆਂ ਨੇ ਕਿਹਾ ਕਿ ਇਹ ਕੰਮ ਪਟੂਲੋ ਪੁੱਲ ਦੀ ਮਜ਼ਬੂਤੀ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਬਹੁਤ ਜ਼ਰੂਰੀ ਹੈ। ਟਰੱਕਾਂ ਅਤੇ ਭਾਰੀ ਗੱਡੀਆਂ ਦੇ ਲੰਘਣ ਕਰਕੇ ਪੁੱਲ ਦੇ ਕੁਝ ਹਿੱਸਿਆਂ ਨੂੰ ਮੁਰੰਮਤ ਦੀ ਲੋੜ ਹੈ, ਜਿਸ ਕਾਰਨ ਪੁੱਲ ਦੀਆਂ ਕੁਝ ਲਾਈਨਾਂ ਨੂੰ ਅਣਮਿੱਥੇ ਸਮੇਂ ਲਈ ਬੰਦ ਕੀਤਾ ਜਾ ਰਿਹਾ ਹੈ। ਜਾਣਕਾਰੀ ਅਨੁਸਾਰ

ਕੁਝ ਲਾਇਨਾਂ ਦਿਨਾਂ 'ਚ ਰਾਤ 10 ਵਜੇ ਤੋਂ ਸਵੇਰੇ 5 ਵਜੇ ਤੱਕ ਬੰਦ ਰਹਿਣਗੀਆਂ। ਜਿਸ ਕਾਰਨ ਪਟੂਲੋ ਪੁੱਲ ਰਾਹੀਂ ਸਫ਼ਰ ਕਰਨ ਵਾਲੇ ਯਾਤਰੀਆਂ ਨੂੰ ਇਸ ਰਸਤੇ ਦੀ ਥਾਂ ਹੋ ਵਿਕਲਪ ਚੁਣਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁਰੰਮਤ ਕੰਮ ਪੂਰਾ ਕਰਨ ਲਈ ਨਵੰਬਰ ਦੇ ਅਖੀਰ ਤੱਕ ਦਾ ਸਮਾਂ ਲੱਗ ਸਕਦਾ ਹੈ। ਬ੍ਰਿਟਿਸ਼ ਕੋਲੰਬੀਆ ਦੇ ਆਵਾਜਾਈ ਮੰਤਰੀ ਨੇ ਸਿਫ਼ਾਰਸ਼ ਕੀਤੀ ਹੈ ਕਿ ਮੁਰੰਮਤ ਦੌਰਾਨ ਨਿਰੀਖਣ ਸਿਸਟਮ ਅਤੇ ਸੁਰੱਖਿਆ ਦੇ ਨਿਯਮਾਂ ਦਾ ਪੂਰਾ ਧਿਆਨ ਰੱਖਿਆ ਜਾਵੇ। This report was written by Simranjit Singh as part of the Local Journalism Initiative.



| Date closure begins | Time | Direction closed |
|---|---|---|
| Sunday, October 6 | 10 p.m. – 5 a.m. | Both directions |
| Monday, October 7 | 10 p.m. – 5 a.m. | Southbound into Surrey |
| Tuesday, October 8 | 10 p.m. – 5 a.m. | Northbound into New Westminster |
| Wednesday, October 9 | 10 p.m. – 5 a.m. | Southbound into Surrey |
| Thursday, October 10 | 10 p.m. – 5 a.m. | Northbound into New |

Guru Nanak's Free Kitchen
LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170

# ਡੇਵਿਡ ਈਬੀ ਨੇ ਬੀ.ਸੀ. ਦੀ ਫਿਲਮ ਇੰਡਸਟਰੀ ਨੂੰ ਮੁੜ ਲੀਹ 'ਤੇ ਲਿਆਉਣ ਲਈ ਯੋਜਨਾ ਐਲਾਨੀ



ਲੈਂਗਲੀ (ਸਿਮਰਨਜੀਤ ਸਿੰਘ): ਮਾਰਟੀਨੀ ਸਟੂਡੀਓਜ਼, ਲੈਂਗਲੀ ਵਿੱਚ ਫ਼ਿਲਮ ਅਤੇ ਟੈਲੀਵਿਜ਼ਨ ਸੈੱਟਾਂ ਦਾ ਦੌਰਾ ਕਰਨ ਦੌਰਾਨ ਡੇਵਿਡ ਈਬੀ ਨੇ ਬ੍ਰਿਟਿਸ਼ ਕੋਲੰਬੀਆ ਵਿੱਚ ਫ਼ਿਲਮ ਉਦਯੋਗ ਨੂੰ ਉਤਸ਼ਾਹਤ ਕਰਨ ਲਈ ਕਈ ਐਲਾਨ ਕੀਤੇ। ਉਨ੍ਹਾਂ ਕਿਹਾ ਕਿ ਫਿਲਮ ਇੰਡਸਟਰੀ 'ਚ ਵਿੱਚ ਵਧੀਆ ਤਨਖਾਹਾਂ ਵਾਲੀਆਂ ਨੌਕਰੀਆਂ ਵਧਾਉਣ ਲਈ ਨਵੀਂ ਯੋਜਨਾਵਾਂ ਬਣਾਈਆਂ ਗਈਆਂ ਹਨ।

ਈਬੀ ਨੇ ਕਿਹਾ, "ਪਿਛਲੇ ਕੁਝ ਸਾਲਾਂ ਵਿੱਚ ਬ੍ਰਿਟਿਸ਼ ਕੋਲੰਬੀਆ ਵਿੱਚ ਫ਼ਿਲਮ ਉਦਯੋਗ ਨੂੰ ਮਹਾਂਮਾਰੀ, ਸਰਹੱਦ ਤੋਂ ਲੇਬਰ ਵਿਵਾਦਾਂ ਅਤੇ ਉਦਯੋਗ ਦੇ ਵਪਾਰ ਕਰਨ ਦੇ ਤਰੀਕੇ ਵਿੱਚ ਆਈਆਂ ਤਬਦੀਲੀਆਂ ਕਾਰਨ ਵੱਡਾ ਨੁਕਸਾਨ ਹੋਇਆ ਹੈ। ਅਸੀਂ ਇੰਡਸਟਰੀ ਦੇ ਹਾਲਾਤਾਂ ਨੂੰ ਸੁਧਾਰਨ ਲਈ ਕਾਰਵਾਈ ਕਰ ਰਹੇ ਹਾਂ ਅਤੇ ਹਜ਼ਾਰਾਂ ਪ੍ਰਤਿਭਾਸ਼ਾਲੀ ਲੋਕਾਂ ਨੂੰ ਨਵੇਂ ਮੌਕੇ ਦੇਣ ਲਈ ਯੋਜਨਾ ਬਣਾ ਰਹੇ ਹਾਂ। ਸਾਡੀ ਯੋਜਨਾ ਹਾਲੀਵੁੱਡ ਨੌਰਥ ਦੇ ਮੁਕਾਬਲੇ ਫ਼ਾਇਦਿਆਂ ਨੂੰ ਵਧਾਉਣ ਵਿੱਚ ਮਦਦ ਕਰਨਾ ਹੈ ਤਾਂ ਜੋ ਬੀ.ਸੀ. ਨੂੰ ਉਹ ਮੰਜ਼ਿਲ ਹਾਸਲ ਕਰ ਸਕੇ ਜਿਸ ਲਈ ਜਿਸ ਦਾ ਇਹ ਹੱਕਦਾਰ ਹੈ।

ਡੇਵਿਡ ਈਬੀ ਦੀ ਯੋਜਨਾ ਬ੍ਰਿਟਿਸ਼ ਕੋਲੰਬੀਆ ਦੇ ਫ਼ਿਲਮ ਅਤੇ ਟੈਲੀਵਿਜ਼ਨ ਉਦਯੋਗ ਨੂੰ ਵੱਡੇ ਪੱਧਰ ਤੇ ਵਧਾਉਣ ਅਤੇ ਵਿਦੇਸ਼ੀ ਉਤਪਾਦਨ ਨੂੰ ਆਕਰਸ਼ਿਤ ਕਰਨ ਲਈ ਵੱਡੀ ਸਹਾਇਤਾ ਪ੍ਰਦਾਨ ਕਰੇਗੀ। ਇਸ ਨਾਲ 7,000 ਵਧੇਰੇ ਨੌਕਰੀਆਂ ਬਣਨ ਦੀ ਸੰਭਾਵਨਾ ਹੈ। ਇਹ ਨੌਕਰੀਆਂ ਉੱਚ-ਹੁਨਰਮੰਦਾਂ ਲਈ ਹੋਣਗੀਆਂ ਜੋ ਸੈੱਟਾਂ ਦੀ ਨਿਰਮਾਣ ਕਰਦੇ ਹਨ, ਕਾਸਟਿਊਮ ਡਿਜ਼ਾਇਨ ਕਰਦੇ ਹਨ, ਮੈਕਅੱਪ ਕਰਦੇ ਹਨ, ਤਸਵੀਰਾਂ ਫਰੇਮ ਕਰਦੇ ਹਨ, ਡਾਇਲਾਗ ਰਿਕਾਰਡ ਕਰਦੇ ਹਨ, ਸੀਨ ਐਡੀਟ ਕਰਦੇ ਹਨ, ਅਤੇ ਉਹ ਅਦਾਕਾਰ ਜੋ ਕਹਾਣੀਆਂ ਨੂੰ ਜ਼ਿੰਦਾ ਕਰਦੇ ਹਨ।

ਈਬੀ ਵਲੋਂ ਸੇਵਾਵਾਂ ਟੈਕਸ ਕਰੈਡਿਟ ਅਤੇ ਫ਼ਿਲਮ ਇਨਸੈਂਟਿਵ ਬੀ.ਸੀ. ਰੀਫੰਡ ਨੂੰ 36 ਫ਼ੀਸਦੀ ਤੱਕ ਵਧਾਉਣ ਦਾ ਵਾਅਦਾ ਕੀਤਾ ਗਿਆ।

## ਕੈਨੇਡਾ ਦੇ ਲੋਕਾਂ ਨੂੰ ਜਲਦੀ ਹੀ ...

ਹੈ। ਕ੍ਰੇਡਿਟ ਹਰੇਕ ਤਿੰਨ ਮਹੀਨੇ ਬਾਅਦ ਵਰਕਿੰਗ ਕਲਾਸ ਲੋਕਾਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਕੀਤਾ ਜਾਂਦਾ ਹੈ। ਸਰਕਾਰੀ ਸੂਤਰਾਂ ਅਨੁਸਾਰ, ਇਹ ਭੁਗਤਾਨ ਜਲਦੀ ਹੀ ਆਉਣ ਵਾਲੇ ਦਿਨਾਂ ਵਿੱਚ ਪ੍ਰਾਪਤ ਹੋਵੇਗਾ। ਉਹਨਾਂ ਨੇ ਦੱਸਿਆ ਕਿ ਇਹ ਰਕਮ ਸਿੱਧਾ ਬੈਂਕਿੰਗ ਸਿਸਟਮ ਰਾਹੀਂ ਜਿਨ੍ਹਾਂ ਨੇ ਆਪਣਾ ਬੈਂਕ ਖਾਤਾ ਸਰਕਾਰੀ ਸਹਾਇਕ ਪ੍ਰਣਾਲੀ ਵਿੱਚ ਦਰਜ ਕੀਤਾ ਹੈ, ਉਹਨਾਂ ਨੂੰ ਜਾਰੀ ਕੀਤੀ ਜਾਵੇਗੀ। ਜਿਹੜੇ ਲੋਕ ਸਿੱਧੇ ਡਿਪਾਜ਼ਿਟ ਲਈ ਯੋਗ ਨਹੀਂ ਹਨ, ਉਹਨਾਂ ਨੂੰ ਚੈੱਕ ਰਾਹੀਂ ਕ੍ਰੈਡਿਟ ਭੁਗਤਾਨ ਭੇਜਿਆ ਜਾਵੇਗਾ।

ਇਹ ਭੁਗਤਾਨ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਰ ਵਿਅਕਤੀ ਨੂੰ ਪ੍ਰਦਾਨ ਕਰਨ ਦੀ ਯੋਜਨਾ ਹੈ, ਜੋ ਸਰਕਾਰ ਵਲੋਂ ਨਿਰਧਾਰਤ ਆਮਦਨ ਸੀਮਾ ਅੰਦਰ ਆਉਂਦਾ ਹੈ।

ਇਸ ਕ੍ਰੈਡਿਟ ਦਾ ਮਕਸਦ ਮਹਿੰਗਾਈ ਨਾਲ ਨਜਿੱਠਣ, ਜਰੂਰੀਆਂ ਚੀਜ਼ਾਂ ਦੀਆਂ ਕੀਮਤਾਂ 'ਤੇ ਕੰਟਰੋਲ ਅਤੇ ਵਿੱਤੀ ਬੋਝ ਘਟਾਉਣ ਵਿੱਚ ਮਦਦ ਕਰਨਾ ਹੈ।

ਵਿੱਤ ਮੰਤਰੀ ਨੇ ਕਿਹਾ, "ਇਸ ਕ੍ਰੈਡਿਟ ਦਾ ਉਦੇਸ਼ ਉਹਨਾਂ ਲੋਕਾਂ ਦੀ ਸਹਾਇਤਾ ਕਰਨੀ ਹੈ ਜੋ ਮਹਿੰਗਾਈ ਅਤੇ ਵਿੱਤੀ ਤਣਾਅ ਵਿੱਚ ਜੀਵਨ ਬਿਤਾ ਰਹੇ ਹਨ। ਇਹ ਸਹਾਇਤਾ ਲੋਕਾਂ ਦੇ ਲਈ ਜ਼ਰੂਰੀ ਖਰਚਿਆਂ ਲਈ ਮਦਦਗਾਰ ਸਾਬਤ ਹੋਵੇਗੀ।"

ਜ਼ਿਕਰਯੋਗ ਹੈ ਕਿ GST/HST ਕ੍ਰੈਡਿਟ ਦੀ ਰਕਮ ਵਿਅਕਤੀ ਦੀ ਸਾਲਾਨਾ ਆਮਦਨ 'ਤੇ ਆਧਾਰਿਤ ਹੁੰਦੀ ਹੈ। ਜਿਨ੍ਹਾਂ ਦੀ ਆਮਦਨ ਘੱਟ ਹੁੰਦੀ ਹੈ, ਉਹਨਾਂ ਨੂੰ ਵੱਧ ਕ੍ਰੈਡਿਟ ਮਿਲਦਾ ਹੈ। ਇਸ ਪ੍ਰਬੰਧਨ ਰਾਹੀਂ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਰਾਹਤ ਮਿਲੇਗੀ ਅਤੇ ਉਹਨਾਂ ਦੇ ਮਾਸਿਕ ਖਰਚਿਆਂ ਨੂੰ ਪੂਰਾ ਕਰਨ ਵਿੱਚ ਮਦਦ ਮਿਲੇਗੀ।

## ਸਫ਼ਾ 1 ਦਾ ਬਾਕੀ

ਇਸ ਯੋਜਨਾ ਤੋਂ ਲਾਭਪਾਤਰ ਹੋਣ ਲਈ ਵਿਅਕਤੀਆਂ ਨੂੰ ਇਹ ਜ਼ਰੂਰੀ ਹੈ ਕਿ ਉਸ ਨੇ ਆਪਣਾ ਤਾਜ਼ਾ ਟੈਕਸ ਰਿਟਰਨ ਫਾਇਲ ਕੀਤਾ ਹੈ ਅਤੇ ਇਹ ਭੁਗਤਾਨ ਆਮਦਨ ਦੇ ਅੰਕੜਿਆਂ 'ਤੇ ਆਧਾਰਿਤ ਹੁੰਦਾ ਹੈ। This report was written by Simranjit Singh as part of the Local Journalism Initiative.

## ਵੋਟਰਾਂ ਨੂੰ ਲੁਭਾਉਣ ਲਈ ਵੱਖ-ਵੱਖ...

ਪਰਿਵਾਰਾਂ ਲਈ ਇਹ ਸਮਾਂ ਬਹੁਤ ਮੁਸ਼ਕਿਲ ਹੈ – ਮਹਿੰਗਾਈ ਅਤੇ ਵਿਆਜ਼ ਦਰਾਂ ਨੇ ਜ਼ਰੂਰੀ ਚੀਜ਼ਾਂ ਦੀ ਕੀਮਤ ਵਧਾ ਦਿੱਤੀ ਹੈ। ਲੋਕਾਂ ਨੂੰ ਹੁਣ ਮਦਦ ਦੀ ਲੋੜ ਹੈ, ਤਾਂ ਜੋ ਉਹ ਅੱਗੇ ਵੱਧ ਸਕਣ।" ਇਸ ਦੇ ਨਾਲ ਹੀ ਈਬੀ ਨੇ ਕਿਹਾ ਕਿ "ਜੌਨ ਰੁਸਟੈੱਡ ਦੀਆਂ ਯੋਜਨਾਵਾਂ ਤੋਂ ਆਮ ਲੋਕਾਂ ਨੂੰ ਕੋਈ ਸਹਾਇਤਾ ਰ ਬਾਕੀ ਸਫ਼ਾ 7 'ਤੇ ਮਿਲਣ ਲਈ ਅਠਾਰਾਂ ਮਹੀਨੇ ਦਾ ਇੰਤਜ਼ਾਰ ਕਰਨਾ ਪਵੇਗਾ ਪਰ ਐਨ.ਡੀ.ਪੀ. ਵਲੋਂ ਇਸ ਯੋਜਨਾ ਦਾ ਲਾਭ ਤੁਰੰਤ ਲਾਗੂ ਕੀਤਾ ਜਵੇਗਾ।

ਡੇਵਿਡ ਈਬੀ ਦੀ ਯੋਜਨਾ ਵਿੱਚ ਹਰ ਸਾਲ ਵਿਅਕਤੀਗਤ ਆਮਦਨ ਵਿੱਚ ਵਾਧਾ ਕਰਕੇ 10,000 ਡਾਲਰ ਦੀ ਮੂਲ ਜਨਤਕ ਰਾਖਵਾਂ ਦੇ ਮਾਤਰ ਨੂੰ ਛੁਟ ਦਿੱਤੀ ਜਾਵੇਗੀ – ਜਿਸ ਨਾਲ ਪਰਿਵਾਰਾਂ ਨੂੰ 1,000 ਡਾਲਰ ਅਤੇ ਵਿਅਕਤੀਗਤ ਬ੍ਰਿਟਿਸ਼ ਕੋਲੰਬੀਆਵਾਂ ਨੂੰ 500 ਡਾਲਰ ਤੋਂ ਵੱਧ ਦੀ ਕਰ ਛੂਟ ਮਿਲੇਗੀ। 2025 ਵਿੱਚ, ਈਬੀ ਦੀ ਮੱਧ ਵਰਗੀ ਪਰਿਵਾਰਾਂ ਨੂੰ ਸਿੱਧੇ ਰਿਬੇਟ ਦੇ ਰੂਪ ਵਿੱਚ ਦਿੱਤੀ ਜਾਵੇਗੀ, ਤਾਂ ਜੋ ਲੋਕਾਂ ਨੂੰ ਮਦਦ ਲਈ ਇੰਤਜ਼ਾਰ ਨਾ ਕਰਨਾ ਪਵੇ।

ਉਨ੍ਹਾਂ ਨੇ ਕਿਹਾ, "ਜੌਨ ਰੁਸਟੈੱਡ ਦਾ 20 ਸਾਲਾਂ ਦਾ ਰਿਕਾਰਡ ਉਹਨਾਂ ਲੋਕਾਂ ਲਈ ਟੈਕਸ ਕੱਟਾਂ ਦੇ ਸਹਾਇਤਾ ਕਰਨ ਦਾ ਹੈ, ਜੋ ਇਸਦੀ ਲੋੜ ਨਹੀਂ ਹੈ, ਅਤੇ ਉਹਨਾਂ ਲੋਕਾਂ ਨੂੰ ਜਿਨ੍ਹਾਂ ਨੂੰ ਮਦਦ ਦੀ ਲੋੜ ਹੈ, ਵੱਧ ਭੁਗਤਣ ਕਰਦੇ ਹਨ। ਰੁਸਟੈੱਡ ਪਹਿਲਾਂ ਵੀ ਇਹ ਕਰ ਚੁੱਕਾ ਹੈ ਅਤੇ ਉਹ ਦੁਬਾਰਾ ਇਸ ਨੂੰ ਦੁਹਰਾਉਣਗੇ ਜੋ ਕਿ ਆਮ ਲੋਕਾਂ ਲਈ ਇੱਕ ਖ਼ਤਰਾ ਹੈ ਜਿਸਦੀ ਸਾਨੂੰ ਬਿਲਕੁਲ ਲੋੜ ਨਹੀਂ। This report was written by Simranjit Singh as part of the Local Journalism Initiative.

## ਟੀਡੀ ਬੈਂਕ 'ਸਪੂਫਿੰਗ' ਦੋਸ਼ਾਂ...

ਆਦੇਸ਼ ਪਾ ਕੇ ਉਨ੍ਹਾਂ ਨੂੰ ਰੱਦ ਕੀਤਾ, ਜਿਸ ਨਾਲ ਸਿਰਫ਼ ਕੀਮਤਾਂ 'ਤੇ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਤੋਂ ਬਾਅਦ, ਉਨ੍ਹਾਂ ਨੇ ਨਫ਼ਾ ਲੈਣ ਲਈ ਮਾਰਕੀਟ 'ਚ ਹਕੀਕਤੀ ਆਦੇਸ਼ ਪਾਏ। ਇਹ ਕਾਰਵਾਈ 'ਸਪੂਫਿੰਗ' ਕਹਾਉਂਦੀ ਹੈ ਅਤੇ ਇਹ ਅਮਰੀਕਾ ਦੀਆਂ ਵਿੱਤੀ ਮਾਰਕੀਟਾਂ ਵਿੱਚ ਗੈਰਕਾਨੂੰਨੀ ਮੰਨੀ ਜਾਂਦੀ ਹੈ। This report was written by Simranjit Singh as part of the Local Journalism Initiative.

# ਮਿਸੀਸਾਗਾ 'ਚ ਫਲਸਤੀਨੀ ਸਮਰਥਕਾਂ ਵਲੋਂ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨਾਲ ਛੇੜ-ਛਾੜ

ਵੈਨਕੂਵਰ: ਫਲਸਤੀਨ ਦੇ ਗਾਜ਼ਾ ਵਿਚ ਹਮਲਿਆਂ ਦਾ ਇਕ ਸਾਲ ਪੂਰਾ ਹੋਣ ਮੌਕੇ ਕੈਨੇਡਾ ਵਿਚ ਇਜ਼ਰਾਈਲ ਖ਼ਿਲਾਫ਼ ਰੋਸ ਵਿਖਾਵੇ ਕੀਤੇ ਜਾ ਰਹੇ ਹਨ। ਇਸ ਦੌਰਾਨ ਮਿਸੀਸਾਗਾ ਸ਼ਹਿਰ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨਾਲ ਫਲਸਤੀਨੀ ਝੰਡਾ ਬੰਨ੍ਹ ਦਿੱਤਾ ਗਿਆ। ਕੁਝ ਵਿਖਾਵਾਕਾਰੀਆਂ ਨੇ ਮਿਸੀਸਾਗਾ ਸ਼ਹਿਰ ਦੀ ਡਰਿਊ ਰੋਡ ਸਥਿਤ ਗਰੇਟ ਪੰਜਾਬ ਪਲਾਜ਼ੇ ਵਿਚ ਲੱਗੇ ਆਦਮ ਕੱਦ ਅਕਾਰੀ ਘੋੜੇ 'ਤੇ ਸਵਾਰ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨਾਲ ਕਥਿਤ ਛੇੜ-ਛਾੜ ਵੀ ਕੀਤੀ। ਪੰਜਾਬੀ ਭਾਈਚਾਰੇ ਨੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ 'ਤੇ ਫਲਸਤੀਨੀ ਝੰਡਾ ਲਾਉਣ ਦੀ ਘਟਨਾ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਪ੍ਰਦਰਸ਼ਨ ਦੌਰਾਨ ਦੋ ਨਕਾਬਪੋਸ਼ ਬੁੱਤ 'ਤੇ ਚੜ੍ਹੇ ਅਤੇ ਘੋੜੇ ਦੀ ਗਰਦਨ ਨਾਲ ਫਲਸਤੀਨ ਦਾ ਝੰਡਾ ਬੰਨ੍ਹਣ ਮਗਰੋਂ ਫ਼ਰਾਰ ਹੋ ਗਏ। ਹਾਲਾਂਕਿ, ਪੁਲਿਸ ਨੇ ਝੰਡਾ ਉਤਾਰ ਦਿੱਤਾ ਅਤੇ ਸ਼ਰਾਰਤੀ ਅਨਸਰਾਂ ਖ਼ਿਲਾਫ਼ ਕਾਰਵਾਈ ਕੀਤੀ ਜਾ ਰਹੀ ਹੈ। ਬੁੱਤ 'ਤੇ ਝੰਡਾ ਲਾਉਣ ਦੀ ਘਟਨਾ ਦੀ ਵੀਡੀਓ ਬਣਾਉਣ ਵਾਲਿਆਂ ਨੇ ਕਿਹਾ ਕਿ ਬੁੱਤ ਦੀ ਕੋਈ ਭੰਨਤੋੜ ਨਹੀਂ ਕੀਤੀ ਗਈ। ਕੈਨੇਡਾ ਰਹਿੰਦੇ ਫਲਸਤੀਨ



ਸਮਰਥਕ ਕਈ ਦਿਨਾਂ ਤੋਂ ਇਜ਼ਰਾਈਲ ਖ਼ਿਲਾਫ਼ ਰੋਸ ਵਿਖਾਵੇ ਕਰ ਰਹੇ ਹਨ ਅਤੇ ਕਈ ਥਾਵਾਂ 'ਤੇ ਫਲਸਤੀਨੀ ਝੰਡੇ ਲਗਾ ਰਹੇ ਹਨ। ਪ੍ਰਦਰਸ਼ਨਕਾਰੀਆਂ ਨੇ ਦੋ ਦਿਨ ਪਹਿਲਾਂ ਹਾਈਵੇਅ 401 ਸਮੇਤ ਕਈ ਹੋਰ ਪ੍ਰਮੁੱਖ ਸੜਕਾਂ ਦੀਆਂ ਉੱਚੀਆਂ ਥਾਵਾਂ ਉੱਤੇ ਝੰਡੇ ਬੰਨ੍ਹ ਦਿੱਤੇ ਸਨ ਜੋ ਬਾਅਦ ਵਿਚ ਪੁਲਿਸ ਵੱਲੋਂ ਉਤਾਰ ਦਿੱਤੇ ਗਏ। ਇਸ ਦੌਰਾਨ ਟੋਰਾਂਟੋ ਸਥਿਤ ਸੀਐੱਨ ਟਾਵਰ ਉੱਤੇ ਝੰਡਾ ਬੰਨ੍ਹਣ ਦਾ ਯਤਨ ਪੁਲਿਸ ਨੇ ਨਾਕਾਮ ਕਰ ਦਿੱਤਾ। ਇਸ ਦੌਰਾਨ ਪੁਲਿਸ ਨੇ ਕੁਝ ਵਿਖਾਵਾਕਾਰੀ ਹਿਰਾਸਤ ਵਿਚ ਵੀ ਲਏ। ਦੱਸਿਆ ਜਾ ਰਿਹਾ ਹੈ ਕਿ ਉਹ ਉਸੇ ਦਿਨ ਜ਼ਮਾਨਤ ਮਿਲਣ ਮਗਰੋਂ ਮੁੜ ਰੋਸ ਪ੍ਰਦਰਸ਼ਨਾਂ ਵਿਚ ਸ਼ਾਮਲ ਹੋ ਗਏ। ਪ੍ਰਦਰਸ਼ਨਕਾਰੀ ਆਲਮੀ ਪੱਧਰ 'ਤੇ ਫਲਸਤੀਨੀਆਂ ਲਈ ਸਮਰਥਨ ਜੁਟਾਉਣ ਦਾ ਯਤਨ ਕਰ ਰਹੇ ਹਨ। ਜਾਣਕਾਰਾਂ ਦਾ ਮੰਨਣਾ ਹੈ ਕਿ ਮਹਾਰਾਜੇ ਦੀ ਮਹਾਨਤਾ ਤੋਂ ਅਣਜਾਣ ਇਨ੍ਹਾਂ ਲੋਕਾਂ ਨੇ ਸ਼ਾਇਦ ਬੁੱਤ ਦੀ ਉਚਾਈ ਅਤੇ ਲੋਕਾਂ ਦੀ ਉਸ ਪ੍ਰਤੀ ਖਿੱਚ ਵੇਖ ਕੇ ਇੰਜ ਕਰਨ ਦਾ ਯਤਨ ਕੀਤਾ ਹੋਵੇ। ਸੂਤਰਾਂ ਅਨੁਸਾਰ ਪੁਲਿਸ ਨੇ ਇਸ ਸਬੰਧੀ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ।












SINCE : 2007

ਕੈਨੇਡੀਅਨ ਪੰਜਾਬ ਟਾਈਮਜ਼

**Canadian Punjab Times**

- **Sukhmander Singh Brar**
  **Bhagta Bhai Ka**
  **Editor**
  604-751-1113

Funded by the Government of Canada | Financé par le gouvernement du Canada | Canada

**ADVISORY BOARD**

- **Dr. Puran Singh**
  Vancouver, Canada
- **S. Jarnail Singh**
  Surrey, Canada
- **Simranjit Singh**
  News Reporter
- **Gora Sandhu Khurd**
  News Reporter (Punjab)
- **Paramjit Singh**
  Graphic Designer

Ishpreet Kaur as part of the Local Journalism Initiative.

Distributed in B.C., Greater Vancouver, Fraser Valley,
Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**
**(Punjabi Newspaper)**
Contact :
**604-338-7310**
Fax :
**604-572-3638**
Website :
**www.thepunjabtimes.ca**
E-mail :
**canadianpunjabtimes@gmail.com**

**Please Note:**
The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed. Publisher is not responsible in any mishappening between the customer and Advertiser.

ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।

# ਵਧ ਰਹੇ ਵਿਦਿਆਰਥੀਆਂ ਦੇ ਪ੍ਰਵਾਸ ਦਾ ਕੀ ਪ੍ਰਭਾਵ ਪਵੇਗਾ?

**ਲੇਖਕ : ਸੁੱਚਾ ਸਿੰਘ ਗਿੱਲ**

ਕਿਹਾ ਜਾਂਦਾ ਹੈ ਕਿ 'ਤਬਦੀਲੀ ਕੁਦਰਤ ਦਾ ਨਿਯਮ ਹੈ', ਇਸ ਪ੍ਰਸੰਗ ਵਿਚ ਪੰਜਾਬ ਤੋਂ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਅਤੇ ਪੰਜਾਬ 'ਤੇ ਪੈ ਰਹੇ ਪ੍ਰਭਾਵਾਂ ਨੂੰ ਸਮਝਣਾ ਬਣਦਾ ਹੈ।

ਪੰਜਾਬ ਤੋਂ ਹਰ ਸਾਲ ਲੱਖਾਂ ਦੀ ਗਿਣਤੀ ਵਿਚ ਵਿਦਿਆਰਥੀ ਵਿਦੇਸ਼ ਜਾ ਰਹੇ ਹਨ। ਇਹ ਮੁਖ ਤੌਰ 'ਤੇ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਬਰਤਾਨੀਆ, ਅਮਰੀਕਾ ਆਦਿ ਪੱਛਮੀ ਦੇਸ਼ਾਂ ਦੇ ਕਾਲਜਾਂ ਯੂਨੀਵਰਸਿਟੀਆਂ ਵਿਚ ਦਾਖਲਾ ਲੈਂਦੇ ਹਨ। ਇਨ੍ਹਾਂ ਦੇਸ਼ਾਂ ਵਿਚ ਇਨ੍ਹਾਂ ਵਿਦਿਆਰਥੀਆਂ ਨੂੰ ਪਹਿਲਾਂ ਦੇ ਮੁਕਾਬਲੇ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੰਨੀ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਦੇ ਬਾਹਰ ਜਾਣ ਨਾਲ ਪੰਜਾਬ ਦੀਆਂ ਵਿਦਿਅਕ ਸੰਸਥਾਵਾਂ, ਪਰਿਵਾਰਾਂ, ਆਰਥਿਕਤਾ, ਪ੍ਰਸ਼ਾਸਨ ਅਤੇ ਸਭਿਆਚਾਰ 'ਤੇ ਪ੍ਰਭਾਵ ਪੈ ਰਿਹਾ ਹੈ। ਇਨ੍ਹਾਂ ਮਸਲਿਆਂ ਬਾਰੇ ਵਿਚਾਰਾਂ ਨੂੰ ਸਰਲਤਾ ਵਾਸਤੇ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ। ਪਹਿਲਾ ਭਾਗ ਵਿਦਿਆਰਥੀਆਂ ਦੀ ਵਿਦੇਸ਼ਾਂ ਵਿਚ ਬਦਲਦੀ ਪ੍ਰੋਫਾਈਲ ਨੂੰ ਸਮਰਪਿਤ ਹੈ। ਦੂਜੇ ਭਾਗ ਵਿਚ ਅੱਜ ਦਰਪੇਸ਼ ਸਮੱਸਿਆਵਾਂ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਹੈ। ਤੀਜੇ ਭਾਗ ਵਿਚ ਵਿਦਿਆਰਥੀਆਂ ਦੇ ਬਾਹਰ ਜਾਣ ਨਾਲ ਪੰਜਾਬ ਦੇ ਵਿਦਿਅਕ ਸੰਸਥਾਵਾਂ, ਸੂਬੇ ਦੀ ਆਰਥਿਕਤਾ, ਪ੍ਰਸ਼ਾਸਨ ਤੇ ਸਭਿਆਚਾਰਕ ਪ੍ਰਭਾਵਾਂ ਬਾਰੇ ਚਰਚਾ ਹੈ। ਅਖੀਰਲੇ ਹਿੱਸੇ ਵਿਚ ਕੁਝ ਵਿਚਾਰਨ ਵਾਲੇ ਨੁਕਤੇ ਪੇਸ਼ ਕੀਤੇ ਹਨ।

### ਵਿਦੇਸ਼ਾਂ ਵਿਚ ਪੰਜਾਬੀ ਵਿਦਿਆਰਥੀਆਂ ਦੀ ਬਦਲਦੀ ਪ੍ਰੋਫਾਈਲ

ਪੰਜਾਬ ਤੋਂ ਵਿਦੇਸ਼ਾਂ ਵਿਚ ਵਿਦਿਆਰਥੀ ਵੀਹਵੀਂ ਸਦੀ ਦੇ ਸ਼ੁਰੂ ਤੋਂ ਹੀ ਯੂਨੀਵਰਸਿਟੀਆਂ ਵਿਚ ਦਾਖ਼ਲੇ ਲੈ ਕੇ ਪੜ੍ਹਨ ਜਾ ਰਹੇ ਹਨ। ਗ਼ਦਰ ਲਹਿਰ ਦੇ ਮੋਢੀਆਂ ਵਿਚੋਂ ਕਰਤਾਰ ਸਿੰਘ ਸਰਾਭਾ ਨੇ ਅਮਰੀਕਾ ਦੀ ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਵਿਚ ਪੜ੍ਹਾਈ ਲਈ ਦਾਖਲਾ ਲਿਆ ਸੀ। ਉਸ ਸਮੇਂ ਭਾਰਤ ਬਰਤਾਨੀਆ ਦੀ ਕਾਲੋਨੀ ਸੀ ਅਤੇ ਵਿਦਿਆਰਥੀਆਂ ਨੂੰ ਆਪਣੇ ਖਰਚੇ ਦਾ ਪ੍ਰਬੰਧ ਆਪ ਕਰਨਾ ਪੈਂਦਾ ਸੀ। ਇਸ ਕਰ ਕੇ ਇਨ੍ਹਾਂ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਗਿਣਤੀ ਦੇ ਵਿਦਿਆਰਥੀ ਹੀ ਪਹੁੰਚ ਸਕਦੇ ਸਨ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਜਦੋਂ ਭਾਰਤ ਨੂੰ ਬਤੌਰ ਆਜ਼ਾਦ ਦੇਸ਼, ਬਰਤਾਨੀਆ ਨੇ ਕਾਮਨਵੈਲਥ ਦੇਸ਼ਾਂ ਦੇ ਸੰਗਠਨ ਵਿਚ ਸ਼ਾਮਲ ਕੀਤਾ ਤਾਂ ਭਾਰਤੀ ਮੂਲ ਦੇ ਵਿਦਿਆਰਥੀਆਂ ਵਾਸਤੇ ਕਾਮਨਵੈਲਥ ਵਜ਼ੀਫ਼ੇ ਕਾਇਮ ਕੀਤੇ ਗਏ। ਇਹ ਵਜ਼ੀਫ਼ੇ ਆਮ ਤੌਰ 'ਤੇ ਯੋਗਤਾ ਦੇ ਆਧਾਰ 'ਤੇ ਦਿੱਤੇ ਜਾਂਦੇ ਸਨ। ਬਰਤਾਨੀਆ ਕਾਮਨਵੈਲਥ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿਚ ਵਜ਼ੀਫ਼ੇ ਲਈ ਚੁਣੇ ਵਿਦਿਆਰਥੀਆਂ ਨੂੰ ਪੋਸਟ ਗ੍ਰੈਜੂਏਸ਼ਨ/ਪੀਐੱਚਡੀ ਲਈ ਦਾਖਲਾ ਦਿੱਤਾ ਜਾਂਦਾ ਸੀ। ਇਹ ਵਿਦਿਆਰਥੀ ਬਾਂਡ ਭਰ ਕੇ ਵਿਦੇਸ਼ ਜਾਂਦੇ ਸਨ ਅਤੇ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਭਾਰਤ ਦੀਆਂ ਯੂਨੀਵਰਸਿਟੀਆਂ ਕਾਲਜਾਂ ਵਿਚ ਪੜ੍ਹਾਉਣ ਅਤੇ ਖੋਜ ਦਾ ਕੰਮ ਕਰਦੇ ਸਨ। 1960ਵਿਆਂ ਵਿਚ ਅਮਰੀਕਾ ਦੀ ਫੋਰਡ ਫਾਊਂਡੇਸ਼ਨ ਅਤੇ ਰਾਕਫੈਲਰ ਫਾਊਂਡੇਸ਼ਨ ਦੇ ਅਜਿਹੇ ਵਜ਼ੀਫਿਆਂ ਦਾ ਇੰਤਜ਼ਾਮ ਭਾਰਤੀ ਵਿਦਿਆਰਥੀਆਂ ਵਾਸਤੇ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਕੀਤਾ ਗਿਆ ਸੀ।

ਆਜ਼ਾਦੀ ਤੋਂ ਬਾਅਦ ਪਹਿਲੀ ਪੀੜ੍ਹੀ ਦੇ ਭਾਰਤੀ ਯੂਨੀਵਰਸਿਟੀਆਂ ਦੇ ਬਹੁਤੇ ਪ੍ਰੋਫੈਸਰਾਂ ਕੋਲ ਬਾਹਰ ਦੀਆਂ ਯੂਨੀਵਰਸਿਟੀਆਂ ਵਾਲੀਆਂ ਉੱਚ ਡਿਗਰੀਆਂ ਸਨ। ਇਹ ਵਰਤਾਰਾ 1970ਵੀਆਂ ਦੇ ਅਖੀਰ ਤੱਕ ਚਲਦਾ ਰਿਹਾ ਪਰ 1980ਵਿਆਂ ਤੋਂ ਬਾਅਦ ਇਨ੍ਹਾਂ ਦੇਸ਼ਾਂ ਵਿਚ ਨਵ-ਉਦਾਰਵਾਦੀ ਨੀਤੀਆਂ ਤੋਂ ਬਾਅਦ ਇਨ੍ਹਾਂ ਯੂਨੀਵਰਸਿਟੀਆਂ ਵਿਚ ਵਿਦੇਸ਼ੀ ਵਿਦਿਆਰਥੀਆਂ ਦੀਆਂ ਫੀਸਾਂ ਵਿਚ ਕਾਫ਼ੀ ਵਾਧਾ ਕੀਤਾ ਗਿਆ ਜਿਸ ਕਾਰਨ ਪੁਰਾਣੇ ਵਜ਼ੀਫ਼ੇ ਨਿਗੂਣੇ ਹੋ ਗਏ। ਇਸ ਨਾਲ ਭਾਰਤ ਵਿਚੋਂ ਉੱਚ ਵਿੱਦਿਆ ਲਈ ਵਿਦਿਆਰਥੀਆਂ ਦਾ ਵਹਾਅ ਘਟ ਗਿਆ। 1990ਵਿਆਂ ਦੇ ਮੱਧ ਤੋਂ ਬਾਅਦ ਭਾਰਤ ਵਿਚੋਂ ਤਕਨਾਲੋਜੀ ਦੇ ਗਰੈਜੂਏਟਾਂ ਨੇ ਬਾਹਰ ਵੱਲ, ਖਾਸ ਕਰ ਕੇ ਅਮਰੀਕਾ ਦੀਆਂ ਯੂਨੀਵਰਸਿਟੀਆਂ ਵੱਲ ਵਹੀਰਾਂ ਘੱਤੀਆਂ। ਇਨ੍ਹਾਂ ਵਲੋਂ ਇੰਟਰਨੈੱਟ ਤਕਨਾਲੋਜੀ ਵਿਚ ਗਿਣਨਯੋਗ ਰੋਲ ਸਿਲੀਕੌਨ ਘਾਟੀ ਵਿਚ ਅਦਾ ਕੀਤਾ ਗਿਆ।

ਇਸ ਤੋਂ ਬਾਅਦ ਭਾਰਤ, ਖਾਸ ਕਰ ਕੇ ਪੰਜਾਬ ਵਿਚ ਵਿਦਿਆਰਥੀਆਂ ਦਾ ਪੱਛਮੀ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿਚ ਦਾਖ਼ਲੇ ਦਾ ਰੁਝਾਨ ਕਾਫ਼ੀ ਵਧ ਗਿਆ। ਸੂਬੇ ਦੇ ਹਰ ਸ਼ਹਿਰ ਅਤੇ ਕਸਬੇ ਵਿਚ ਆਈਲੈਟਸ ਅਤੇ ਟੌਅਫਲ ਦੀ ਟ੍ਰੇਨਿੰਗ ਦੇ ਪ੍ਰਾਈਵੇਟ ਕੇਂਦਰ ਖੁੱਲ੍ਹ ਗਏ। ਇਸ ਦੇ ਨਾਲ ਹੀ ਟਰੈਵਲ ਏਜੰਟਾਂ ਦਾ ਜਾਲ਼ ਵੀ ਸੂਬੇ ਵਿਚ ਫੈਲ ਗਿਆ। ਹੁਣ ਪੰਜਾਬ ਤੋਂ ਵਿਦੇਸ਼ ਜਾਣ ਵਾਲੇ ਵਿਦਿਆਰਥੀਆਂ ਵਿਚ ਸਿਫਤੀ ਤਬਦੀਲੀ ਆਈ ਹੈ। ਇਨ੍ਹਾਂ ਵਿਚੋਂ ਬਹੁਤੇ ਵਿਦਿਆਰਥੀਆਂ ਦੀ ਉਮਰ ਛੋਟੀ ਹੈ ਅਤੇ ਉਹ ਬਾਹਰਵੀਂ ਜਮਾਤ (10+2) ਤੋਂ ਬਾਅਦ ਆਈਲੈਟਸ ਦਾ ਇਮਤਿਹਾਨ ਪਾਸ ਕਰ ਕੇ ਬਾਹਰ ਜਾ ਰਹੇ ਹਨ। ਇਨ੍ਹਾਂ ਨੇ ਅਜੇ ਤੱਕ ਸਪੈਸ਼ਲਿਸਟਾਂ ਵਾਲੀ ਕੋਈ ਲਾਈਨ ਵੀ ਨਹੀਂ ਚੁਣੀ ਹੁੰਦੀ। ਜਿਸ ਡਿਗਰੀ ਜਾਂ ਡਿਪਲੋਮਾ ਵਿਚ ਦਾਖਲਾ ਮਿਲਦਾ ਹੈ ਅਤੇ ਜਿਸ ਕਾਲਜ ਜਾਂ ਯੂਨੀਵਰਸਿਟੀ ਵਿਚ ਮਿਲਦਾ ਹੈ, ਲੈ ਲੈਂਦੇ ਹਨ। ਇਨ੍ਹਾਂ ਕੋਲ ਕੋਈ ਵਜ਼ੀਫਾ ਜਾਂ ਸਰਕਾਰੀ ਮਦਦ ਦਾ ਕੋਈ ਇੰਤਜ਼ਾਮ ਨਹੀਂ ਹੁੰਦਾ। ਸ਼ੁਰੂ ਵਿਚ ਇਹ ਵੀਜ਼ਾ ਲੱਗਣ ਤੋਂ ਬਾਅਦ ਹਵਾਈ ਜਹਾਜ਼ ਦੀ ਟਿਕਟ, ਛੇ ਮਹੀਨਿਆਂ ਦੀ ਫੀਸ ਅਤੇ ਰਹਿਣ ਦੇ ਖਰਚੇ ਦਾ ਇੰਤਜ਼ਾਮ ਕਰ ਕੇ ਬਾਹਰ ਵਿਦੇਸ਼ ਜਾਂਦੇ ਹਨ। ਇਸ ਕਰ ਕੇ ਇਹ ਬਹੁਤ ਗਰੀਬ ਵਰਗ ਨਾਲ ਸਬੰਧਿਤ ਨਹੀਂ। ਇਹ ਵਿਦਿਆਰਥੀ ਮੱਧ ਵਰਗ ਅਤੇ ਇਸ ਤੋਂ ਉਪਰ ਦੇ ਵਰਗਾਂ ਨਾਲ ਸਬੰਧਿਤ ਹਨ। ਕਾਫੀ ਗਿਣਤੀ ਵਿਦਿਆਰਥੀ ਕਿਸਾਨਾਂ ਦੇ ਪਰਿਵਾਰਾਂ ਨਾਲ ਸਬੰਧ ਰੱਖਦੇ ਹਨ। ਕਾਫੀ ਕਿਸਾਨ ਪਰਿਵਾਰ ਆਪਣੀਆਂ ਜ਼ਮੀਨਾਂ ਗਹਿਣੇ ਰੱਖ ਕੇ ਜਾਂ ਵੇਚ ਕੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ। ਇਨ੍ਹਾਂ ਵਿਦਿਆਰਥੀਆਂ ਦਾ ਮੰਤਵ ਕੁਝ ਵਿਦਿਆ ਪ੍ਰਾਪਤ ਕਰ ਕੇ ਵਿਦੇਸ਼ਾਂ ਵਿਚ ਪੱਕੇ ਪੈਰੀਂ ਰਹਿਣ ਦਾ ਹੁੰਦਾ ਹੈ। ਇਹ ਪੰਜਾਬ ਵਾਪਸ ਨਹੀਂ ਜਾਣਾ ਚਾਹੁੰਦੇ।

### ਵਿਦੇਸ਼ਾਂ ਵਿਚ ਵਿਦਿਆਰਥੀਆਂ ਦੀਆਂ ਸਮੱਸਿਆਵਾਂ

ਵਿਦੇਸ਼ ਪਹੁੰਚ ਕੇ ਇਨ੍ਹਾਂ ਵਿਦਿਆਰਥੀਆਂ ਨੂੰ ਕਈ ਸਮੱਸਿਆਵਾਂ ਨਾਲ ਜੂਝਣਾ ਪੈਂਦਾ ਹੈ। ਨਵੇਂ ਮੁਲਕ ਦੇ ਸੱਭਿਆਚਾਰ ਅਤੇ ਮਾਹੌਲ ਨੂੰ ਸਮਝਣ ਅਤੇ ਉਸ ਨਾਲ ਇੱਕਮਿਕ ਹੋਣ ਵਿਚ ਵਕਤ ਲਗਦਾ ਹੈ। ਪੰਜਾਬ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਆਉਣ ਤੋਂ ਪਹਿਲਾਂ ਜਿਸ ਮੁਲਕ ਵਿਚ ਜਾਣਾ ਹੁੰਦਾ ਹੈ, ਉਸ ਬਾਰੇ ਓਰੀਐਨਟੇਸ਼ਨ ਕੋਰਸ ਦਾ ਪ੍ਰਬੰਧ ਨਹੀਂ ਕੀਤਾ ਜਾਂਦਾ। ਇਸ ਕਰ ਕੇ ਕਾਫ਼ੀ ਵਿਦਿਆਰਥੀਆਂ ਨੂੰ ਨਵੇਂ ਮਾਹੌਲ ਵਿਚ ਰਚਣ ਮਿਚਣ ਲਈ ਮਾਨਸਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਨਵੇਂ ਮਾਹੌਲ ਵਿਚ ਕਈ ਵਿਦਿਆਰਥੀ ਮਾਮੂਲੀ ਸ਼ਰਾਰਤ ਕਾਰਨ ਮੁਸ਼ਕਿਲ ਵਿਚ ਫਸ ਜਾਂਦੇ ਹਨ ਪਰ ਮੁੱਖ ਪ੍ਰੇਸ਼ਾਨੀ ਥੋੜ੍ਹੇ ਸਮੇਂ ਬਾਅਦ ਆਰਥਿਕ ਤੌਰ 'ਤੇ ਤੰਗੀ ਦੀ ਆਣ ਫੜਦੀ ਹੈ। ਦੂਜੇ ਸਮੈਸਟਰ ਦੀ ਫੀਸ ਦਾ ਪ੍ਰਬੰਧ ਅਤੇ ਰਹਿਣ ਸਹਿਣ ਦੇ ਖਰਚੇ ਦਾ ਇੰਤਜ਼ਾਮ ਤੰਗ ਕਰਨ ਲੱਗ ਪੈਂਦਾ ਹੈ। ਇਸ ਵਾਸਤੇ ਅੱਲੜ੍ਹ ਉਮਰੇ ਪੜ੍ਹਾਈ ਦੇ ਨਾਲ ਨਾਲ ਕੁਝ ਘੰਟਿਆਂ ਦੀ ਰੋਜ਼ਾਨਾ ਨੌਕਰੀ ਦੀ ਭਾਲ ਕਰਨੀ ਪੈਂਦੀ ਹੈ।

ਕੋਵਿਡ-19 ਮਹਾਮਾਰੀ ਤੋਂ ਬਾਅਦ ਵਿਦੇਸ਼ਾਂ ਵਿਚ ਕੰਮ ਕਰਨ ਦੇ ਮੌਕੇ ਕਾਫੀ ਘਟ ਗਏ ਹਨ। ਜਿਹੜੇ ਕੰਮ ਮਿਲਦੇ ਹਨ, ਉਨ੍ਹਾਂ ਵਿਚ ਉਜਰਤਾਂ ਕਾਫ਼ੀ ਘਟ ਮਿਲਦੀਆਂ ਹਨ। ਇਸ ਕਰ ਕੇ ਗੁਜ਼ਾਰਾ ਮੁਸ਼ਕਿਲ ਹੋ ਜਾਂਦਾ ਹੈ।

ਇਸ ਕਾਰਨ ਕੁਝ ਵਿਦਿਆਰਥੀਆਂ ਨੂੰ ਮਾਨਸਿਕ ਤਣਾਓ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਪਿਛਲੇ ਦਿਨੀਂ ਇਸ ਕਾਰਨ ਕੁਝ ਵਿਦਿਆਰਥੀਆਂ ਦੀਆਂ ਆਤਮ-ਹੱਤਿਆਵਾਂ, ਨਸ਼ਿਆਂ ਅਤੇ ਐਕਸੀਡੈਂਟ ਦੇ ਸ਼ਿਕਾਰ ਹੋਣ ਬਾਰੇ ਖ਼ਬਰਾਂ ਮੀਡੀਆ ਵਿਚ ਆਈਆਂ ਹਨ। ਸੋਹਣ ਸਿੰਘ ਖਾਲਸਾ ਨੇ 12 ਜੂਨ 2023 ਨੂੰ ਵੀਡੀਓ ਜਾਰੀ ਕਰ ਕੇ ਪੰਜਾਬ ਦੇ ਲੋਕਾਂ ਨੂੰ ਚਿਤਾਵਨੀ ਦਿਤੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਕੈਨੇਡਾ ਭੇਜਣ ਤੋਂ ਗੁਰੇਜ਼ ਕਰਨ। ਹੋਰਨਾਂ ਗੱਲਾਂ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਮੁਸ਼ਕਿਲਾਂ ਕਾਰਨ ਹਰ ਹਫ਼ਤੇ 7-8 ਵਿਦਿਆਰਥੀ ਦਿਲ ਫੇਲ੍ਹ ਹੋਣ, ਐਕਸੀਡੈਂਟ, ਨਸ਼ਿਆਂ ਕਾਰਨ ਜਾਂ ਆਤਮ-ਹੱਤਿਆਵਾਂ ਦਾ ਸ਼ਿਕਾਰ ਹੋ ਰਹੇ ਹਨ। ਦੱਸਿਆ ਗਿਆ ਕਿ ਦਸੰਬਰ ਵਿਚ ਆਏ ਕਈ ਵਿਦਿਆਰਥੀਆਂ ਨੂੰ ਅਜੇ ਤੱਕ ਵੀ ਕੰਮ ਨਹੀਂ ਮਿਲਿਆ। ਕੁਝ ਵਿਦਿਆਰਥੀ ਏਜੰਟਾਂ ਦੇ ਧੋਖੇ ਦਾ ਸ਼ਿਕਾਰ ਹੋ ਰਹੇ ਹਨ। ਇਸ ਬਾਰੇ 700 ਵਿਦਿਆਰਥੀਆਂ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸੂਬੇ ਵਿਚ ਮੁਸ਼ਕਿਲ ਆ ਰਹੀ ਹੈ ਅਤੇ ਕੁਝ ਉੱਤੇ ਵਾਪਿਸ ਜਾਣ ਦਾ ਖ਼ਤਰਾ ਅਜੇ ਟਲਿਆ ਨਹੀਂ।

ਬਹੁਤੇ ਵਿਦਿਆਰਥੀਆਂ ਦਾ ਮਕਸਦ ਪੜ੍ਹਾਈ ਦੇ ਬਹਾਨੇ ਵਿਦੇਸ਼ਾਂ ਵਿਚ ਪੱਕਾ ਵਸੇਬਾ ਕਰਨਾ ਹੈ। ਉਨ੍ਹਾਂ ਵਿਚੋਂ ਕੁਝ ਮੌਕਾ ਮਿਲਦਿਆਂ ਹੀ ਪੜ੍ਹਾਈ ਛੱਡ ਕੇ ਨੌਕਰੀ ਕਰ ਲੈਂਦੇ ਹਨ। ਇਸ ਕਰ ਕੇ ਆਸਟਰੇਲੀਆ ਦੀਆਂ ਪੰਜ ਯੂਨੀਵਰਸਿਟੀਆਂ ਨੇ ਪੰਜਾਬ, ਹਰਿਆਣਾ, ਜੰਮੂ ਕਸ਼ਮੀਰ ਅਤੇ ਗੁਜਰਾਤ ਦੇ ਵਿਦਿਆਰਥੀਆਂ ਦੇ ਦਾਖ਼ਲੇ ਬੰਦ ਕਰਨ ਦਾ ਐਲਾਨ ਕੀਤਾ ਗਿਆ ਹੈ। ਜੇ ਇਨ੍ਹਾਂ ਵਿਦਿਆਰਥੀਆਂ ਦਾ ਕਿਰਦਾਰ ਇਸ ਤਰ੍ਹਾਂ ਦਾ ਰਿਹਾ ਤਾਂ ਇਹ ਸਮੱਸਿਆ ਹੋਰ ਦੇਸ਼ਾਂ ਵਿਚ ਵੀ ਆ ਸਕਦੀ ਹੈ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਪਰਵਾਸ ਨਿਯਮਿਤ ਹੈ। ਲੋੜ ਪੈਣ 'ਤੇ ਕਿਸੇ ਦੇਸ਼/ਇਲਾਕੇ ਤੋਂ ਇਸ ਸਬੰਧੀ ਰੋਕ/ਸੀਮਾ ਲੱਗ ਸਕਦੀ ਹੈ।

### ਵਿਦਿਆਰਥੀਆਂ ਦੇ ਬਾਹਰ ਜਾਣ ਦੇ ਪੰਜਾਬ 'ਤੇ ਅਸਰ

ਵੱਡੀ ਗਿਣਤੀ ਵਿਦਿਆਰਥੀਆਂ ਦੇ ਵਿਦੇਸ਼ ਜਾਣ ਨਾਲ ਪੰਜਾਬ ਦੇ ਅਰਥਚਾਰੇ, ਸਿੱਖਿਆ ਸੰਸਥਾਵਾਂ ਅਤੇ ਸਮਾਜਿਕ ਪ੍ਰਭਾਵ ਪੈ ਰਹੇ ਹਨ। ਸੰਜੀਵ ਬਰਿਆਣਾ ਨੇ ਅੰਗਰੇਜ਼ੀ ਅਖ਼ਬਾਰ 'ਦਿ ਟ੍ਰਿਬਿਊਨ' ਵਿਚ ਚੰਡੀਗੜ੍ਹ ਸਥਿਤ ਕੈਨੇਡੀਅਨ ਕੌਂਸਲੇਟ ਦੇ ਹਵਾਲੇ ਨਾਲ ਪਿਛਲੇ ਤਿੰਨ ਸਾਲਾਂ ਦੇ ਪੜ੍ਹਾਈ ਵੀਜ਼ਿਆਂ ਬਾਰੇ ਅੰਕੜੇ ਜਾਰੀ ਕੀਤੇ ਹਨ। ਉਸ ਅਨੁਸਾਰ, 2020 ਵਿਚ ਵਿਦਿਆਰਥੀ ਵੀਜ਼ਿਆਂ ਦੀ ਗਿਣਤੀ 80,880 ਸੀ ਜਿਹੜੀ 2021 ਵਿਚ ਵਧ ਕੇ 1,69,410 ਅਤੇ 2022 ਵਿਚ 2,26,095 ਹੋ ਗਈ। ਤਿੰਨ ਸਾਲਾਂ ਵਿਚ 167% ਸਿਰਫ਼ ਕੈਨੇਡਾ ਵਿਚ ਜਾਣ ਵਾਲੇ ਵਿਦਿਆਰਥੀਆਂ ਵਿਚ ਵਾਧਾ ਹੋਇਆ ਹੈ।

ਇਹ ਵਿਦਿਆਰਥੀ ਮੁੱਖ ਤੌਰ 'ਤੇ ਪੰਜਾਬ ਅਤੇ ਹਰਿਆਣਾ ਤੋਂ ਹਨ। ਇਸ ਵਿਚ ਹੋਰ ਵਿਕਸਤ ਦੇਸ਼ਾਂ ਵਿਚ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਸ਼ਾਮਲ ਨਹੀਂ। ਇਸ ਬਾਰੇ ਵਿਸਥਾਰ ਨਾਲ ਜਾਣਕਾਰੀ ਕਿਸੇ ਵਿਦਵਾਨ ਜਾਂ ਸਰਕਾਰ ਨੇ ਇਕੱਠੀ ਨਹੀਂ ਕੀਤੀ ਹੈ। ਇਹ ਅਨੁਮਾਨ/ਅੰਦਾਜ਼ੇ ਆਮ ਹਨ ਕਿ ਲੱਖਾਂ ਦੀ ਗਿਣਤੀ ਵਿਚ ਵਿਦਿਆਰਥੀ ਵਿਦੇਸ਼ ਜਾ ਰਹੇ ਹਨ। ਜੇ ਮੰਨ ਲਿਆ ਜਾਵੇ ਕਿ ਹਰ ਸਾਲ ਇੱਕ ਲੱਖ ਵਿਦਿਆਰਥੀ ਪੰਜਾਬ ਤੋਂ ਵਿਦੇਸ਼ ਪੜ੍ਹਨ ਲਈ ਜਾ ਰਹੇ ਹਨ, ਤੇ ਔਸਤਨ ਹਰ ਵਿਦਿਆਰਥੀ 10 ਲੱਖ ਤੋਂ 15 ਲੱਖ ਰੁਪਏ ਆਪਣੇ ਨਾਲ ਫ਼ੀਸ ਅਤੇ ਖਰਚੇ ਵਾਸਤੇ ਲੈ ਕੇ ਜਾ ਰਿਹਾ ਹੈ ਤਾਂ ਸੂਬੇ ਵਿਚੋਂ 10,000 ਤੋਂ 15,000 ਕਰੋੜ ਰੁਪਏ ਦੇ ਬਰਾਬਰ ਹਰ ਸਾਲ ਸਰਮਾਇਆ ਵਿਦੇਸ਼ ਜਾ ਰਿਹਾ ਹੈ। ਜੇ ਇਹ ਵਿਦਿਆਰਥੀ ਪੰਜਾਬ ਵਿਚ ਰਹਿ ਕੇ ਸਿੱਖਿਆ ਪ੍ਰਾਪਤ ਕਰਦੇ ਤਾਂ ਇਹ ਸਰਮਾਇਆ ਸੂਬੇ ਵਿਚ ਨਿਵੇਸ਼ ਦਾ ਰੂਪ ਧਾਰ ਸਕਦਾ ਸੀ ਜਿਸ ਨਾਲ ਆਮਦਨ ਅਤੇ ਰੁਜ਼ਗਾਰ ਵਿਚ ਵਾਧਾ ਹੋ ਸਕਦਾ ਸੀ। ਜੇ ਇਨ੍ਹਾਂ ਵਿਦਿਆਰਥੀਆਂ ਦੀ ਗਿਣਤੀ 2 ਲੱਖ ਮੰਨ ਲਈ ਜਾਵੇ ਤਾਂ ਇਹ ਸਰਮਾਇਆ ਨਿਵੇਸ਼ ਦੁੱਗਣਾ ਹੋ ਸਕਦਾ ਸੀ। ਅਸੀਂ ਆਪਣੇ ਬੱਚਿਆਂ ਨੂੰ ਪਾਲਣ ਪੋਸਣ ਤੋਂ ਬਾਅਦ ਉਨ੍ਹਾਂ ਨੂੰ ਵੱਡੀ ਰਕਮ ਦੇ ਕੇ ਬਾਹਰ ਭੇਜ ਰਹੇ ਹਾਂ। ਇਸ ਕਰ ਕੇ ਪੰਜਾਬ ਵਿਚ ਆਰਥਿਕ ਅਤੇ ਸਮਾਜਿਕ ਵਿਕਾਸ ਨੂੰ ਖੋਰਾ ਲੱਗਣਾ ਲਾਜ਼ਮੀ ਹੈ। ਅਸੀਂ ਇਕੱਲਾ ਪੈਸਾ/ਸਰਮਾਇਆ ਹੀ ਨਹੀਂ ਬਾਹਰ ਭੇਜ ਰਹੇ ਸਗੋਂ ਇਨ੍ਹਾਂ ਬੱਚਿਆਂ ਦੇ ਰੂਪ ਵਿਚ ਬਹੁਕੀਮਤੀ ਮਨੁੱਖੀ ਸਰੋਤ ਬਰਾਮਦ ਕਰ ਰਹੇ ਹਾਂ। ਇਨ੍ਹਾਂ ਬੱਚਿਆਂ ਵਿਚ ਕਾਫ਼ੀ ਬੱਚੇ ਲਾਇਕ ਅਤੇ ਹੋਣਹਾਰ ਹਨ ਜਿਨ੍ਹਾਂ ਦੇ ਬਾਹਰ ਜਾਣ ਨਾਲ ਪੰਜਾਬ ਭਾਰੀ ਨੁਕਸਾਨ ਉਠਾ ਰਿਹਾ ਹੈ। ਇਉਂ ਪੰਜਾਬ ਆਪਣੇ ਹੀ ਭਵਿੱਖ ਨਾਲ ਖਿਲਵਾੜ ਕਰ ਰਿਹਾ ਹੈ। ਇਨ੍ਹਾਂ ਵਿਚੋਂ ਕਾਫ਼ੀ ਗਿਣਤੀ ਵਿਚ ਡਾਕਟਰ, ਇੰਜਨੀਅਰ, ਅਧਿਆਪਕ, ਵਕੀਲ, ਜੱਜ, ਉਦਯੋਗਪਤੀ, ਸਾਹਿਤਕਾਰ, ਮੈਨੇਜਰ, ਅਫਸਰ, ਕਲਾਕਾਰ ਅਤੇ ਸਿਆਣੇ ਲੀਡਰ ਬਣਨ ਦੇ ਕਾਬਲ ਹਨ। ਇਸ ਨੁਕਸਾਨ ਨੂੰ ਰੁਪਇਆਂ ਵਿਚ ਮਾਪਿਆ ਨਹੀਂ ਜਾ ਸਕਦਾ। ਇਹ ਸਾਡਾ ਸਮਾਜਿਕ, ਸੱਭਿਆਚਾਰਕ, ਸਿਆਸੀ ਅਤੇ ਆਰਥਿਕ ਨੁਕਸਾਨ ਹੈ।

ਇੰਨੀ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਦੇ ਵਿਦੇਸ਼ ਜਾਣ ਕਾਰਨ ਕਈ ਕਾਲਜਾਂ ਵਿਚ ਦਾਖਲਾ 15-40% ਤੱਕ ਘਟ ਗਿਆ ਹੈ। ਬੀਏ, ਬੀਐੱਸਸੀ, ਐੱਮਏ ਅਤੇ ਤਕਨਾਲੋਜੀ ਦੇ ਕੋਰਸਾਂ ਵਿਚ ਵਿਚ ਕਾਲਜਾਂ ਨੂੰ ਵਿਦਿਆਰਥੀ ਨਹੀਂ ਮਿਲ ਰਹੇ। ਇਹ ਖ਼ਬਰਾਂ ਜਲੰਧਰ ਅਤੇ ਅੰਮ੍ਰਿਤਸਰ ਸਥਿਤ ਕਾਲਜਾਂ ਤੋਂ ਮਿਲ ਰਹੀਆਂ ਹਨ (ਪੰਜਾਬੀ ਟ੍ਰਿਬਿਊਨ ਤੇ ਦਿ ਟ੍ਰਿਬਿਊਨ, 19 ਜੂਨ 2023, 17 ਜੁਲਾਈ 2023)। ਛੋਟੇ ਸ਼ਹਿਰਾਂ ਕਸਬਿਆਂ ਦੇ ਕਾਲਜ ਬੰਦ ਹੋਣ ਕਿਨਾਰੇ ਪੁੱਜ ਗਏ ਹਨ। ਬੰਦ ਹੋਣ ਵਾਲੇ ਕਾਲਜਾਂ ਵਿਚ ਨਰਸਿੰਗ, ਬੀਐੱਡ, ਬੀਡੀਐੱਸ ਅਤੇ ਤਕਨਾਲੋਜੀ ਤੇ ਮੈਨੇਜਮੈਂਟ ਨਾਲ ਸਬੰਧਿਤ ਹਨ। ਇਨ੍ਹਾਂ ਦੀਆਂ ਇਮਾਰਤਾਂ ਅਤੇ ਸਾਜ਼ੋ-ਸਾਮਾਨ 'ਤੇ ਕਰੋੜਾਂ ਰੁਪਏ ਖਰਚ ਹੋਏ ਹਨ ਜਿਹੜੇ ਹੁਣ ਵਿਅਰਥ ਹੋ ਗਏ ਲਗਦੇ ਹਨ। ਇਸ ਵਰਤਾਰੇ ਨਾਲ ਪੰਜਾਬ ਵਿਚ ਕਾਰੋਬਾਰ ਨੂੰ ਧੱਕਾ ਲਗਦਾ ਹੈ ਅਤੇ ਸਮਾਜਿਕ ਤੌਰ 'ਤੇ ਬੌਧਿਕ ਅਸੰਤੁਲਨ ਪੈਦਾ ਹੋ ਰਿਹਾ ਹੈ। ਇਸ ਕਾਰਨ ਸੱਭਿਆਚਾਰਕ ਤੌਰ 'ਤੇ ਵਿਗਾੜ ਪੈਦਾ ਹੋ ਰਹੇ ਹਨ। ਨੌਜਵਾਨਾਂ ਵਿਚ ਨਸ਼ਿਆਂ ਦਾ ਫੈਲਾਓ ਅਤੇ ਗੈਂਗਸਟਰ ਗਰੁੱਪਾਂ ਦਾ ਪੈਦਾ ਹੋਣਾ ਇਸ ਦੇ ਸੂਚਕ ਹਨ।

# ਹੁਣ ਦੁਨੀਆ ਦੇ ਹਰ ਕੋਨੇ 'ਚ ਬੈਠਾ ਵਿਅਕਤੀ ਪੰਜਾਬੀ ਭਾਸ਼ਾ ਦਾ ਹਾਸਲ ਕਰ ਸਕਦਾ ਹੈ ਗਿਆਨ

## ਭਾਸ਼ਾ ਵਿਭਾਗ ਪੰਜਾਬ ਨੇ ਤਿਆਰ ਕੀਤੀ ਬਹੁਮੰਤਵੀ ਤੇ ਵਿਲੱਖਣ ਵੈੱਬਸਾਈਟ






ਪਟਿਆਲਾ (ਡਾ. ਸੁਖਦਰਸ਼ਨ ਸਿੰਘ ਚਹਿਲ): ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਤੇ ਜਾ ਰਹੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਪ੍ਰਸਾਰ ਲਈ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਤਿਆਰ ਕੀਤੀ ਗਈ ਨਵੀਂ ਤੇ ਬਹੁਮੰਤਵੀ ਵੈੱਬਸਾਈਟ ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਲੋਕ ਅਰਪਨ ਕੀਤੀ। ਇਸ ਮੌਕੇ ਵਿਭਾਗ ਦੇ ਅਧਿਕਾਰੀ, ਸਾਹਿਤਕਾਰ ਤੇ ਸਾਹਿਤ ਪ੍ਰੇਮੀ ਹਾਜ਼ਰ ਸਨ।

ਇਸ ਮੌਕੇ ਸ. ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਅਜੋਕੇ ਯੁੱਗ ਵਿੱਚ ਹਰੇਕ ਭਾਸ਼ਾ ਨੂੰ ਸਮੇਂ ਦੇ ਹਾਣ ਦਾ ਬਣਾਉਣ ਲਈ ਡਿਜੀਟਲ ਸਾਧਨਾਂ ਦੀ ਵਰਤੋਂ ਕਰਨੀ ਲਾਜ਼ਮੀ ਹੋ ਗਈ ਹੈ। ਇਸੇ ਸਬੰਧ ਵਿੱਚ ਪੰਜਾਬ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਦੇ ਵਿਸ਼ਵ ਪੱਧਰ 'ਤੇ ਪ੍ਰਚਾਰ ਪ੍ਰਸਾਰ ਲਈ ਉਲੀਕੀਆਂ ਯੋਜਨਾਵਾਂ ਤਹਿਤ ਸੂਬੇ ਦਾ ਭਾਸ਼ਾ ਵਿਭਾਗ ਬੜੀ ਸੁਹਿਰਦਤਾ ਨਾਲ ਵੱਖ-ਵੱਖ ਪ੍ਰੋਜੈਕਟਾਂ 'ਤੇ ਕੰਮ ਕਰ ਰਿਹਾ ਹੈ। ਇਸੇ ਲੜੀ ਵਿੱਚ ਭਾਸ਼ਾ ਵਿਭਾਗ ਵੱਲੋਂ ਤਿਆਰ ਕੀਤੀ ਗਈ ਉਕਤ ਵੈੱਬਸਾਈਟ ਵਿੱਚ ਪੰਜਾਬੀ ਭਾਸ਼ਾ ਨਾਲ ਸਬੰਧਤ ਬਹੁਪਰਤੀ ਤੇ ਮਿਆਰੀ ਸਮੱਗਰੀ ਸ਼ਾਮਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਭਾਸ਼ਾ ਇੱਕ ਦਰਿਆ ਵਾਂਗ ਹੁੰਦੀ ਹੈ ਜੋ ਨਿਰੰਤਰ ਅੱਗੇ ਵਧਦੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਭਾਸ਼ਾ ਵਿਭਾਗ ਵੱਲੋਂ ਪੰਜਾਬੀ ਭਾਸ਼ਾ 'ਚ ਸਾਹਿਤ, ਵਿਗਿਆਨ, ਰਾਜਨੀਤੀ, ਪ੍ਰਸ਼ਾਸ਼ਨ ਨਾਲ ਸਬੰਧਤ ਤੇ ਹੋਰ ਕਈ ਪ੍ਰਕਾਰ ਦੀ ਸਮੱਗਰੀ ਨੂੰ ਆਨਲਾਈਨ ਉਪਲਬਧ ਕਰਵਾਉਣ ਦੇ ਉਦੇਸ਼ ਨਾਲ ਉਕਤ ਵੈੱਬਸਾਈਟ ਤਿਆਰ ਕੀਤੀ ਗਈ ਹੈ। ਵਿਭਾਗ ਦੀਆਂ ਗਤੀਵਿਧੀਆਂ, ਯੋਜਨਾਵਾਂ ਤੇ ਗਿਆਨ ਦੇ ਖਜ਼ਾਨੇ ਨਾਲ ਭਰਪੂਰ ਇਸ ਵੈੱਬਸਾਈਟ ਦਾ ਮੁੱਖ ਮਨੋਰਥ ਮਸ਼ੀਨੀ ਬੁੱਧੀਮਾਨਤਾ ਦੇ ਯੁੱਗ ਵਿੱਚ ਪੰਜਾਬੀ ਮਾਤ ਭਾਸ਼ਾ ਨਾਲ ਸਬੰਧਤ ਵੱਧ ਤੋਂ ਵੱਧ ਜਾਣਕਾਰੀ ਡਿਜ਼ੀਟਲ ਰੂਪ 'ਚ ਦੁਨੀਆ ਭਰ 'ਚ ਬੈਠੇ ਪੰਜਾਬੀ ਪ੍ਰੇਮੀਆਂ ਨਾਲ ਸਾਂਝੀ ਕੀਤੀ ਜਾਵੇ। ਸ. ਜ਼ਫ਼ਰ ਨੇ ਪੰਜਾਬੀ ਭਾਸ਼ਾ ਨਾਲ ਜੁੜੀਆ ਹੋਰਨਾਂ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਵੀ ਪੰਜਾਬੀ ਭਾਸ਼ਾ ਨਾਲ ਸਬੰਧਤ ਗਿਆਨ ਨੂੰ ਡਿਜੀਟਲ ਰੂਪ 'ਚ ਦੁਨੀਆ ਭਰ 'ਚ ਬੈਠੇ ਪੰਜਾਬੀ ਹਿਤੈਸ਼ੀਆਂ ਤੱਕ ਪਹੁੰਚਾਉਣ ਦੇ ਯਤਨ ਕਰਨ ਕਿਉਂਕਿ ਇਹ ਸਭ ਦਾ ਸਾਂਝਾ ਕਾਰਜ ਹੈ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਇਸ ਵੈੱਬਸਾਈਟ ਦਾ ਘੇਰਾ ਹੋਰ ਵਿਸ਼ਾਲ ਕਰਨ ਦੇ ਯਤਨ ਨਿਰੰਤਰ ਜਾਰੀ ਰਹਿਣਗੇ। ਇਸ ਤੋਂ ਇਲਾਵਾ ਪੰਜਾਬੀ ਹਿਤੈਸ਼ੀਆਂ ਵੱਲੋਂ ਦਿੱਤੇ ਜਾਣ ਵਾਲੇ ਸੁਝਾਵਾਂ ਲਈ ਇਸ ਵੈੱਬਸਾਈਟ 'ਤੇ ਸੁਝਾਅ ਬਕਸਾ ਵੀ ਬਣਾਇਆ ਗਿਆ ਹੈ।

ਇਸ ਵੈੱਬਸਾਈਟ ਨੂੰ ਤਿਆਰ ਕਰਨ ਵਾਲੀ ਟੀਮ ਦੇ ਮੈਂਬਰ ਖੋਜ ਅਫ਼ਸਰ ਸਤਪਾਲ ਸਿੰਘ ਚਹਿਲ ਨੇ ਕਿਹਾ ਇਸ ਵੈੱਬਸਾਈਟ 'ਚ ਵਿਭਾਗ ਵੱਲੋਂ ਤਿਆਰ ਕੀਤੇ ਗਏ ਚਾਰ ਕੋਸ਼; ਪ੍ਰਮਾਣਿਕ ਕੋਸ਼, ਅਖਾਣ ਕੋਸ਼, ਮੁਹਾਵਰਾ ਕੋਸ਼, ਡੋਗਰੀ ਪੰਜਾਬੀ ਕੋਸ਼ ਤੇ ਵਾਰਸ ਮੁਹਾਵਰਾ ਕੋਸ਼ ਸ਼ਾਮਲ ਕੀਤੇ ਗਏ ਹਨ ਅਤੇ ਜਲਦੀ ਹੀ ਪੁਆਧੀ, ਕਿੱਸਾ ਸੰਦਰਭ ਤੇ ਅੰਗਰੇਜ਼ੀ-ਪੰਜਾਬੀ (ਮਿਡਲ ਪੱਧਰ ਤੱਕ) ਕੋਸ਼ ਵੀ ਇਸ ਵੈੱਬਸਾਈਟ 'ਚ ਸ਼ਾਮਲ ਕਰ ਦਿੱਤੇ ਜਾਣਗੇ। ਇਸ ਵੈੱਬਸਾਈਟ ਦਾ ਵਿਸ਼ੇਸ਼ ਆਕਰਸ਼ਨ ਆਨਲਾਈਨ ਸ਼ਬਦਾਵਲੀ ਹੈ, ਜਿਸ ਵਿੱਚ ਪ੍ਰਬੰਧਕੀ, ਕਾਨੂੰਨੀ, ਰਸਾਇਣ ਵਿਗਿਆਨ ਤੇ ਰਾਜਨੀਤੀ ਨਾਲ ਸਬੰਧਤ ਸ਼ਬਦਾਵਲੀ ਉਪਲਬਧ ਹੈ। ਭਾਸ਼ਾ ਵਿਭਾਗ ਦੇ ਵਿਲੱਖਣ ਤੇ ਦੁਰਲੱਭ ਖਰੜਿਆਂ ਦੀ ਸੂਚੀ ਅਤੇ ਜਾਣਕਾਰੀ ਵੀ ਇਸ 'ਤੇ ਪਾਈ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਵੈੱਬਸਾਈਟ ਤੋਂ ਜਾਣਕਾਰੀ ਹਾਸਲ ਕਰਕੇ ਪਾਠਕ ਮੁੱਖ ਦਫ਼ਤਰ ਜਾਂ ਵੱਖ-ਵੱਖ ਜ਼ਿਲ੍ਹਾ ਸਦਰ ਮੁਕਾਮਾਂ ਤੋਂ ਆਪਣੀ ਪਸੰਦ ਦੀਆਂ ਪੁਸਤਕਾਂ ਖਰੀਦ ਸਕਦੇ ਹਨ। ਮਸ਼ੀਨੀ ਬੁੱਧੀਮਾਨਤਾ ਪ੍ਰਾਜੈਕਟ ਅਧੀਨ ਤਿਆਰ ਕੀਤੀਆਂ ਜਾ ਰਹੀਆਂ ਡਿਜ਼ੀਟਲ ਕਿਤਾਬਾਂ ਅਤੇ ਵਿਭਾਗ ਦੇ ਪੁਰਾਣੇ ਰਸਾਲੇ ਵੀ ਇਸ ਵੈੱਬਸਾਈਟ 'ਤੇ ਉਪਲਬਧ ਹਨ। ਇਸ ਵੈੱਬਸਾਈਟ ਵਿੱਚ ਵਿਭਾਗ ਵੱਲੋਂ ਲਈ ਜਾਂਦੀ ਪੰਜਾਬੀ ਪ੍ਰਬੋਧ ਦੀ ਪ੍ਰੀਖਿਆ ਸਬੰਧੀ ਅਤੇ ਸਟੈਨੋਗ੍ਰਾਫੀ ਦੀ ਪੜ੍ਹਾਈ ਸਬੰਧੀ ਵੀ ਜਾਣਕਾਰੀ ਉਪਲਬਧ ਹੈ। ਉਨ੍ਹਾਂ ਦੱਸਿਆ ਕਿ ਜਲਦੀ ਹੀ ਹੋਰ ਬਹੁਤ ਸਾਰੀਆਂ ਪੁਸਤਕਾਂ ਇਸ ਵੈੱਬਸਾਈਟ ਉਪਰ ਉਪਲਬਧ ਹੋਣਗੀਆਂ। ਪੰਜਾਬੀ ਭਾਸ਼ਾ ਦੇ ਵਿਕਾਸ ਨਾਲ ਸਬੰਧਤ ਸਕੀਮਾਂ, ਪੰਜਾਬੀ ਭਾਸ਼ਾ ਐਕਟ ਤੇ ਵਿਭਾਗ ਦੀਆਂ ਸਰਗਰਮੀਆਂ ਸਬੰਧੀ ਜਾਣਕਾਰੀ ਵੀ ਇਸ ਵੈੱਬਸਾਈਟ 'ਤੇ ਉਪਲਬਧ ਹੈ। ਇਸ ਵੈੱਬਸਾਈਟ ਲਈ ਅਹਿਮ ਯੋਗਦਾਨ ਪਾਉਣ ਵਾਲੇ ਖੋਜ ਸਹਾਇਕ ਮਹੇਸ਼ਇੰਦਰ ਸਿੰਘ ਖੋਸਲਾ ਨੇ ਦੱਸਿਆ ਕਿ ਇਸ ਪੁਸਤਕ ਨੂੰ ਤਕਨੀਕੀ ਪੱਖਾਂ ਤੋਂ ਤਿਆਰ ਕਰਨ ਸਬੰਧੀ ਵਿਸਥਾਰ 'ਚ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਸ਼ਬਦ ਮਾਲਾ ਨਾਮ ਦੇ ਸਾਫਟਵੇਅਰ ਰਾਹੀਂ ਕੋਸ਼ਕਾਰੀ ਨਾਲ ਸਬੰਧਤ ਕਾਰਜ ਨੇਪਰੇ ਚਾੜੇ ਗਏ ਹਨ। ਸਾਹਿਤਕਾਰ ਪ੍ਰੀਤਮ ਸਿੰਘ ਜੌਹਲ ਤੇ ਅਵਤਾਰਜੀਤ ਅਟਵਾਲ ਨੇ ਸਮੁੱਚੇ ਸਾਹਿਤਕਾਰ ਭਾਈਚਾਰੇ ਵੱਲੋਂ ਭਾਸ਼ਾ ਵਿਭਾਗ ਦੇ ਉਕਤ ਉਪਰਾਲੇ ਦੀ ਸ਼ਲਾਘਾ ਕੀਤੀ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕੀਤਾ। ਇਸ ਮੌਕੇ ਵੈੱਬਸਾਈਟ ਤਿਆਰ ਕਰਨ ਵਾਲੀ ਟੀਮ ਦੇ ਮੁਖੀ ਤੇ ਵਿਭਾਗ ਦੇ ਸਹਾਇਕ ਨਿਰਦੇਸ਼ਕ ਆਲੋਕ ਚਾਵਲਾ, ਅਮਰਿੰਦਰ ਸਿੰਘ, ਤੇਜਿੰਦਰ ਸਿੰਘ ਗਿੱਲ, ਸੁਰਿੰਦਰ ਕੌਰ ਤੇ ਹੋਰ ਸ਼ਖਸ਼ੀਅਤਾਂ ਸ਼ਾਮਲ ਸਨ। ਇਹ ਵੈਬਸਾਈਟ ਇਸ ਲਿੰਕ https://bhashaivbhagpunjab.org/ 'ਤੇ ਖੋਲ੍ਹੀ ਦੇਖੀ ਜਾ ਸਕਦੀ ਹੈ।

# ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਦੀਆਂ ਸਥਿਤੀਆਂ 'ਤੇ ਜਾਰੀ ਹੋਈ ਰਿਪੋਰਟ ਵਿਚ ਭਾਰਤ ਨੂੰ "ਵਿਸ਼ੇਸ਼ ਚਿੰਤਾ ਦਾ ਦੇਸ਼" ਨਾਮਜਦ ਕਰਨ ਦੀ ਸਿਫਾਰਿਸ਼: ਸੰਯੁਕਤ ਰਾਜ ਕਮਿਸ਼ਨ

ਨਵੀਂ ਦਿੱਲੀ: ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਬਾਰੇ ਸੰਯੁਕਤ ਰਾਜ ਕਮਿਸ਼ਨ ਨੇ ਬੀਤੇ ਦਿਨ ਹੇਠ ਲਿਖੀ ਰਿਪੋਰਟ ਜਾਰੀ ਕੀਤੀ ਕਿ "ਇੰਡੀਆ ਕੰਟਰੀ ਅਪਡੇਟ" ਇਹ ਰਿਪੋਰਟ ਉਜਾਗਰ ਕਰਦੀ ਹੈ ਕਿ ਭਾਰਤ ਦੇਸ਼ ਵਿਚ ਕਿਵੇਂ 2024 ਦੌਰਾਨ, ਚੌਕਸੀ ਸਮੂਹਾਂ ਦੁਆਰਾ ਵਿਅਕਤੀਆਂ ਨੂੰ ਮਾਰਿਆ ਗਿਆ, ਕੁੱਟਿਆ ਗਿਆ, ਅਤੇ ਕੁੱਟਮਾਰ ਕੀਤੀ ਗਈ, ਧਾਰਮਿਕ ਨੇਤਾਵਾਂ ਨੂੰ ਮਨਮਾਨੇ ਢੰਗ ਨਾਲ ਗ੍ਰਿਫਤਾਰ ਕੀਤਾ ਗਿਆ, ਘਰਾਂ ਅਤੇ ਪੂਜਾ ਸਥਾਨਾਂ ਨੂੰ ਢਾਹਿਆ ਗਿਆ। ਇਹ ਘਟਨਾਵਾਂ ਧਾਰਮਿਕ ਆਜ਼ਾਦੀ ਦੀ ਖਾਸ ਤੌਰ 'ਤੇ ਗੰਭੀਰ ਉਲੰਘਣਾ ਕਰਦੀਆਂ ਹਨ।




ਇਹ ਸਰਕਾਰੀ ਅਧਿਕਾਰੀਆਂ ਦੁਆਰਾ ਧਾਰਮਿਕ ਘੱਟ ਗਿਣਤੀਆਂ ਅਤੇ ਉਨ੍ਹਾਂ ਦੇ ਪੂਜਾ ਸਥਾਨਾਂ ਵਿਰੁੱਧ ਹਿੰਸਕ ਹਮਲਿਆਂ ਨੂੰ ਭੜਕਾਉਣ ਲਈ ਨਫ਼ਰਤ ਭਰੇ ਭਾਸ਼ਣ ਸਮੇਤ ਗਲਤ ਜਾਣਕਾਰੀ ਅਤੇ ਗਲਤ ਜਾਣਕਾਰੀ ਦੀ ਵਰਤੋਂ ਦਾ ਵਰਣਨ ਕਰਦਾ ਹੈ। ਇਹ ਨਾਗਰਿਕਤਾ ਸੋਧ ਕਾਨੂੰਨ (ਸੀਏਏ), ਇੱਕ ਯੂਨੀਫਾਰਮ ਸਿਵਲ ਕੋਡ (ਯੂਸੀਸੀ), ਕਈ ਰਾਜ-ਪੱਧਰ ਦੇ ਧਰਮ-ਪਰਿਵਰਤਨ ਵਿਰੋਧੀ, ਗਊ ਹੱਤਿਆ ਕਾਨੂੰਨਾਂ ਸਮੇਤ ਧਾਰਮਿਕ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਅਤੇ ਉਨ੍ਹਾਂ ਦੇ ਹੱਕ ਤੋਂ ਵਾਂਝੇ ਕਰਨ ਲਈ ਭਾਰਤ ਦੇ ਕਾਨੂੰਨੀ ਢਾਂਚੇ ਵਿੱਚ ਤਬਦੀਲੀਆਂ ਲਾਗੂ ਕਰਨ ਦਾ ਵਰਣਨ ਕਰਦਾ ਹੈ। ਆਪਣੀ 2024 ਦੀ ਸਲਾਨਾ ਰਿਪੋਰਟ ਵਿੱਚ , ਯੂਐਸਸੀਆਈਆਰਐਫ ਨੇ ਸਿਫ਼ਾਰਿਸ਼ ਕੀਤੀ ਕਿ ਯੂਐਸ ਡਿਪਾਰਟਮੈਂਟ ਆਫ਼ ਸਟੇਟ ਭਾਰਤ ਨੂੰ "ਵਿਸ਼ੇਸ਼ ਚਿੰਤਾ ਦਾ ਦੇਸ਼" ਜਾਂ ਸੀਪੀਸੀ, ਜਾਂ ਧਾਰਮਿਕ ਆਜ਼ਾਦੀ ਦੀ ਯੋਜਨਾਬੱਧ, ਚੱਲ ਰਹੀ ਅਤੇ ਗੰਭੀਰ ਉਲੰਘਣਾਵਾਂ ਵਿੱਚ ਸ਼ਾਮਲ ਹੋਣ ਦੇ ਰੂਪ ਵਿੱਚ ਨਾਮਜ਼ਦ ਕਰੇ। ਯੂਐਸ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫ੍ਰੀਡਮ (ਯੂਐਸਸੀਆਈਆਰਐਫ) ਇੱਕ ਸੁਤੰਤਰ, ਦੋ-ਪੱਖੀ ਸੰਘੀ ਸਰਕਾਰ ਦੀ ਇਕਾਈ ਹੈ ਜੋ ਅਮਰੀਕੀ ਕਾਂਗਰਸ ਦੁਆਰਾ ਵਿਦੇਸ਼ਾਂ ਵਿੱਚ ਧਾਰਮਿਕ ਆਜ਼ਾਦੀ ਦੀ ਨਿਗਰਾਨੀ, ਵਿਸ਼ਲੇਸ਼ਣ ਅਤੇ ਰਿਪੋਰਟ ਕਰਨ ਲਈ ਸਥਾਪਿਤ ਕੀਤੀ ਗਈ ਹੈ। ਯੂਐਸਸੀਆਈਆਰਐਫ ਵਿਦੇਸ਼ ਨੀਤੀ ਦੀਆਂ ਸਿਫ਼ਾਰਿਸ਼ਾਂ ਰਾਸ਼ਟਰਪਤੀ, ਰਾਜ ਦੇ ਸਕੱਤਰ ਅਤੇ ਕਾਂਗਰਸ ਨੂੰ ਧਾਰਮਿਕ ਅਤਿਆਚਾਰ ਨੂੰ ਰੋਕਣ ਅਤੇ ਧਰਮ ਜਾਂ ਵਿਸ਼ਵਾਸ ਦੀ ਆਜ਼ਾਦੀ ਨੂੰ ਉਤਸ਼ਾਹਿਤ ਕਰਨ ਲਈ ਕਰਦਾ ਹੈ।

Diamond
Sweets & Restaurant
3 LOCATIONS
» SURREY
#102-15933 Fraser Hwy, Surrey, BC
604-593-5566
» LANGLEY
#102-7228 192 St. Langley, BC
604-372-4949
» DELTA
#160-8047 120St. Delta, BC
604-5917277
Specialised in all kinds of Indian Sweets & Foods
We do Catering for all Occasions
Open 7 days a Week
10:00am to 10:00pm



ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ
REPAIR & SERVICES
ਸੰਪਰਕ ਕਰੋ
604-773-7258 (ਸਰੀ)



ਲੇਖਕ : ਪ੍ਰੋ. ਗੁਰਵੀਰ ਸਿੰਘ ਸਰੌਦ
ਸੰਪਰਕ : 94179-71451

# ਮਨੁੱਖੀ ਜੀਵਨ ਤੇ ਮਾਨਸਿਕ ਤਣਾਅ



ਮਨੁੱਖ ਮੁੱਢ ਕਦੀਮ ਤੋਂ ਆਪਣੀ ਜੀਵਨਸ਼ੈਲੀ ਨੂੰ ਸੁਖਦਾਈ ਬਣਾਉਣ ਹਿੱਤ ਯਤਨਸ਼ੀਲ ਰਿਹਾ ਹੈ। ਅੱਜ ਮਨੁੱਖ ਆਪਣੀਆਂ ਮੁੱਢਲੀਆਂ ਲੋੜਾਂ ਤੋਂ ਲੈ ਕੇ ਅਨੇਕਾਂ ਆਰਾਮਦਾਇਕ ਸਹੂਲਤਾਂ ਪੂਰੀਆਂ ਕਰਨ ਦੇ ਬਾਵਜੂਦ ਇਸ ਨੂੰ ਹੋਰ ਸੁਖਮਈ ਬਣਾਉਣ ਲਈ ਯਤਨਸ਼ੀਲ ਹੈ। ਇਸ ਜੱਦੋ ਜਹਿਦ ਕਾਰਨ ਮਨੁੱਖ ਦੀ ਸੁਖਦਾਇਕ ਜੀਵਨਸ਼ੈਲੀ ਮਾਨਸਿਕ ਤਣਾਅ ਕਾਰਨ ਪ੍ਰਭਾਵਿਤ ਹੋਈ ਹੈ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਮਾਨਸਿਕ ਤਣਾਅ ਨੇ ਮਨੁੱਖੀ ਜੀਵਨ ਦੁਆਲੇ ਘੇਰਾ ਪਾ ਰੱਖਿਆ ਹੈ। ਤਣਾਅ ਇੱਕ ਅਜਿਹੀ ਪਰੇਸ਼ਾਨੀ ਹੈ ਜਿਸ ਵਿੱਚ ਮਨੁੱਖ ਸੁਖਾਵਾਂ ਮਹਿਸੂਸ ਨਹੀਂ ਕਰਦਾ। ਕੋਈ ਵੀ ਕੰਮ, ਵਸਤੂ ਜਾਂ ਸੋਚ ਜਿਹੜੀ ਸਾਨੂੰ ਮਾਨਸਿਕ ਪਰੇਸ਼ਾਨੀ, ਗੁੱਸਾ ਜਾਂ ਘਬਰਾਹਟ ਦੀ ਹਾਲਤ ਵਿੱਚ ਲੈ ਜਾਵੇ, ਤਣਾਅ ਕਹਾਉਂਦੀ ਹੈ।

ਨੈਸ਼ਨਲ ਇੰਸਟੀਚਿਊਟ ਆਫ ਮੈਂਟਲ ਹੈਲਥ ਐਂਡ ਨਿਊਰੋ ਸਾਇੰਸਿਜ਼ ਵੱਲੋਂ ਦੇਸ਼ ਦੇ 12 ਸੂਬਿਆਂ ਵਿੱਚ ਮਾਨਸਿਕ ਸਿਹਤ 'ਤੇ ਕੀਤੇ ਸਰਵੇਖਣ ਵਿੱਚ ਚਿੰਤਾਜਨਕ ਅੰਕੜੇ ਸਾਹਮਣੇ ਆਏ ਹਨ। ਅੰਕੜਿਆਂ ਅਨੁਸਾਰ ਦੇਸ਼ ਦੀ ਆਬਾਦੀ ਦਾ 2.7 ਫ਼ੀਸਦੀ ਹਿੱਸਾ ਤਣਾਅ (ਡਿਪਰੈਸ਼ਨ) ਵਰਗੇ ਆਮ ਮਾਨਸਿਕ ਵਿਕਾਰ ਦਾ ਸ਼ਿਕਾਰ ਹੈ। ਜਦੋਂ ਕਿ 5.2 ਫ਼ੀਸਦੀ ਆਬਾਦੀ ਕਿਸੇ ਨਾ ਕਿਸੇ ਸਮੇਂ ਇਸ ਸਮੱਸਿਆ ਨਾਲ ਜੂਝ ਚੁੱਕੀ ਹੈ। ਭਾਵ ਭਾਰਤ ਦੇ 15 ਕਰੋੜ ਲੋਕਾਂ ਨੂੰ ਕਿਸੇ ਨਾ ਕਿਸੇ ਮਾਨਸਿਕ ਸਮੱਸਿਆ ਕਾਰਨ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੈ।

ਇਸ ਦਾ ਪ੍ਰਮੁੱਖ ਕਾਰਨ ਭਾਰਤ ਵਿੱਚ ਵੱਡੇ ਪੱਧਰ 'ਤੇ ਹੋ ਰਹੀਆਂ ਤਬਦੀਲੀਆਂ ਹਨ। ਸ਼ਹਿਰ ਫੈਲ ਰਹੇ ਹਨ, ਆਧੁਨਿਕ ਸਹੂਲਤਾਂ ਵਧ ਰਹੀਆਂ ਹਨ, ਲੋਕ ਵੱਡੀ ਗਿਣਤੀ ਵਿੱਚ ਆਪਣੇ ਪਿੰਡਾਂ ਤੇ ਸ਼ਹਿਰਾਂ ਨੂੰ ਛੱਡ ਨਵੇਂ ਸ਼ਹਿਰਾਂ ਵਿੱਚ ਵੱਸ ਰਹੇ ਹਨ। ਇਸ ਸਭ ਦਾ ਅਸਰ ਲੋਕਾਂ ਦੇ ਦਿਲ ਦਿਮਾਗ਼ ਨੂੰ ਪ੍ਰਭਾਵਿਤ ਕਰ ਰਿਹਾ ਹੈ। ਜਿਸ ਕਾਰਨ ਤਣਾਅ ਵਰਗੀਆਂ ਮੁਸ਼ਕਲਾਂ ਵਧ ਰਹੀਆਂ ਹਨ।

ਵਰਲਡ ਹੈਲਥ ਆਰਗੇਨਾਈਜੇਸ਼ਨ (W.H.O) ਅਨੁਸਾਰ ਦੁਨੀਆ ਭਰ ਵਿੱਚ 10 ਫ਼ੀਸਦੀ ਗਰਭਵਤੀ ਔਰਤਾਂ ਤੇ 13 ਫ਼ੀਸਦੀ ਔਰਤਾਂ ਜਣੇਪੇ ਤੋਂ ਬਾਅਦ ਡਿਪਰੈਸ਼ਨ ਵਿੱਚ ਆਈਆਂ ਹਨ। ਉੱਥੇ ਹੀ ਵਿਕਾਸਸ਼ੀਲ ਦੇਸ਼ਾਂ ਵਿੱਚ ਅੰਕੜੇ ਇਸ ਤੋਂ ਉੱਪਰ ਹਨ। ਜਿਸ ਵਿੱਚ 15.6 ਫ਼ੀਸਦੀ ਗਰਭਵਤੀ, 19.8 ਫ਼ੀਸਦੀ ਔਰਤਾਂ ਜਣੇਪੇ ਤੋਂ ਬਾਅਦ ਤਣਾਅ ਵਿੱਚੋਂ ਲੰਘ ਚੁੱਕੀਆਂ ਹਨ। ਬੱਚੇ ਵੀ ਤਣਾਅ ਦਾ ਸ਼ਿਕਾਰ ਹੋ ਰਹੇ ਹਨ। ਭਾਰਤ ਵਿੱਚ 0.3 ਤੋਂ 1.2 ਫ਼ੀਸਦੀ ਬੱਚੇ ਤਣਾਅ ਵਿੱਚ ਹਨ। ਜੇਕਰ ਉਨ੍ਹਾਂ ਨੂੰ ਸਮੇਂ ਸਿਰ ਡਾਕਟਰੀ ਸਹਾਇਤਾ ਨਾ ਮਿਲੀ ਤਾਂ ਸਿਹਤ ਤੇ ਮਾਨਸਿਕ ਸਿਹਤ ਦੀਆਂ ਪੇਚੀਦਗੀਆਂ ਹੋਰ ਵੀ ਵਧ ਸਕਦੀਆਂ ਹਨ।

ਜਰਨਲ ਆਫ ਅਮੈਰੀਕਨ ਮੈਡੀਕਲ ਐਸੋਸੀਏਸ਼ਨ ਦੇ ਅਧਿਐਨ ਅਨੁਸਾਰ ਘੱਟ ਤੰਦਰੁਸਤ ਦਿਲ ਵਾਲੇ ਲੋਕਾਂ ਵਿੱਚ ਅਟੈਕ, ਸਟ੍ਰੋਕ ਜਾਂ ਕਾਰਡੀਓਵੈਸਕੂਲਰ ਬਿਮਾਰੀਆਂ ਲਈ ਮਾਨਸਿਕ ਤਣਾਅ ਵਧੇਰੇ ਜ਼ਿੰਮੇਵਾਰ ਹੁੰਦਾ ਹੈ। ਅੱਜ ਸਮਾਜ ਵਿੱਚ ਵਿਚਰਦਿਆਂ ਮਹਿਸੂਸ ਹੋ ਰਿਹਾ ਹੈ ਕਿ ਸ਼ਾਇਦ ਹੀ ਕੋਈ ਮਨੁੱਖ ਮਾਨਸਿਕ ਤਣਾਅ ਤੋਂ ਬਚਿਆ ਹੋਵੇ। ਜੇਕਰ ਮਾਨਸਿਕ ਤਣਾਅ ਦੇ ਮੁੱਖ ਕਾਰਨਾਂ ਦੀ ਗੱਲ ਕੀਤੀ ਜਾਵੇ ਤਾਂ ਇਸ ਦਾ ਮੁੱਖ ਕਾਰਨ ਸਾਡੀ ਜੀਵਨਸ਼ੈਲੀ 'ਤੇ ਆਧਾਰਿਤ ਹੈ। ਅਸੀਂ ਕਿਹੋ ਜਿਹੇ ਵਾਤਾਵਰਨ ਵਿੱਚ ਆਪਣਾ ਜੀਵਨ ਬਤੀਤ ਕਰ ਰਹੇ ਹਾਂ ਕਿਉਂਕਿ ਜਿਹੋ ਜਿਹਾ ਅਸੀਂ ਦੇਖਦੇ ਹਾਂ, ਉਸੇ ਤਰ੍ਹਾਂ ਹੌਲੀ ਹੌਲੀ ਮਹਿਸੂਸ ਕਰਨ ਲੱਗ ਜਾਂਦੇ ਹਾਂ। ਸਮਾਜ ਵਿੱਚ ਹਰੇਕ ਪਰਿਵਾਰ ਕਿਸੇ ਨਾ ਕਿਸੇ ਤਣਾਅ ਜਾਂ ਪਰੇਸ਼ਾਨੀ ਵਿੱਚ ਘਿਰਿਆ ਹੋਇਆ ਹੈ। ਆਧੁਨਿਕਤਾ ਨਾਲ ਸਾਡੀ ਜੀਵਨਸ਼ੈਲੀ ਵਿੱਚ ਹੈਰਾਨੀਜਨਕ ਬਦਲਾਅ ਆਇਆ ਹੈ। ਜ਼ਿਆਦਾ ਸਹੂਲਤਾਂ ਦੀ ਦੌੜ ਵਿੱਚ ਵਰਤਮਾਨ ਜੀਵਨ ਡਾਵਾਂਡੋਲ ਹੋ ਰਿਹਾ ਹੈ, ਲਾਲਸਾਵਾਂ ਦੀ ਦੌੜ ਵਿੱਚ ਅਸੀਂ ਜਾਣੇ-ਅਣਜਾਣੇ ਤਣਾਅ ਦਾ ਸ਼ਿਕਾਰ ਹੋ ਰਹੇ ਹਾਂ। ਜਦੋਂ ਸਹੂਲਤਾਂ ਵਿੱਚ ਵਾਧਾ ਹੋਵੇਗਾ ਤਾਂ ਆਮਦਨ ਵਿੱਚ ਵੀ ਵਾਧਾ ਕਰਨਾ ਲਾਜ਼ਮੀ ਹੋਵੇਗਾ। ਆਮਦਨ ਦੀ ਪੂਰਤੀ ਲਈ ਆਪਣੀ ਕੰਮ ਕਰਨ ਦੀ ਸੀਮਾ ਵੀ ਵਧਾਉਣੀ ਹੋਵੇਗੀ। ਜ਼ਾਹਿਰ ਹੈ ਕਿ ਪਰਿਵਾਰਕ ਸਬੰਧਾਂ 'ਤੇ ਪ੍ਰਭਾਵ ਪਵੇਗਾ, ਜਿਸ ਨਾਲ ਤਣਾਅ ਪੈਦਾ ਹੋਣਾ ਸੁਭਾਵਿਕ ਹੈ।

ਸੋਸ਼ਲ ਮੀਡੀਆ ਨੇ ਵੀ ਮਨੁੱਖੀ ਜੀਵਨਸ਼ੈਲੀ ਨੂੰ ਬਦਲਿਆ ਹੈ ਜਿਸ ਨਾਲ ਦੂਰ ਦੁਰਾਡੇ ਬੈਠੇ ਰਿਸ਼ਤੇਦਾਰ, ਦੋਸਤ ਮਿੱਤਰ ਮੁੱਠੀ ਵਿੱਚ ਹੋ ਗਏ ਹਨ। ਉਨ੍ਹਾਂ ਨਾਲ ਸਬੰਧ ਵੀ ਸੁਖਾਵੇਂ ਬਣ ਗਏ ਹਨ, ਪਰ ਇਹ ਸਿੱਕੇ ਦਾ ਇੱਕ ਪਾਸਾ ਹੈ। ਦੂਜੇ ਪਾਸੇ ਸੋਸ਼ਲ ਮੀਡੀਆ ਨੇ ਪਤੀ-ਪਤਨੀ ਦੇ ਸਬੰਧ ਵਿੱਚ ਦੀਵਾਰ ਵਾਲਾ ਰੋਲ ਅਦਾ ਕੀਤਾ ਹੈ। ਦੇਖਿਆ ਜਾਂਦਾ ਹੈ ਕਿ ਜਦੋਂ ਵੀ ਕੋਈ ਵਿਅਕਤੀ ਕੁਝ ਸਮਾਂ ਵਿਹਲਾ ਹੁੰਦਾ ਹੈ ਤਾਂ ਉਸ ਕੋਲ ਸਭ ਤੋਂ ਪਹਿਲੀ ਪਸੰਦ ਸੋਸ਼ਲ ਮੀਡੀਆ ਦੀ ਵਰਤੋਂ ਕਰਨਾ ਹੁੰਦਾ ਹੈ। ਪੁਰਾਣੇ ਸਮੇਂ ਵਿੱਚ ਵਿਹਲੇ ਸਮੇਂ ਵਿੱਚ ਪਰਿਵਾਰ ਨਾਲ ਗੱਲਬਾਤ ਕੀਤੀ ਜਾਂਦੀ ਸੀ। ਜਿਸ ਨਾਲ ਕਿਸੇ ਪ੍ਰਕਾਰ ਦਾ ਤਣਾਅ ਆਪਸੀ ਗੱਲਬਾਤ ਨਾਲ ਦੂਰ ਹੋ ਜਾਂਦਾ ਸੀ, ਹੁਣ ਤਾਂ ਇੱਕ ਕਮਰੇ ਵਿੱਚ ਵੀ ਪਤੀ-ਪਤਨੀ ਆਪਣੇ ਸੋਸ਼ਲ ਮੀਡੀਆ 'ਤੇ ਵਿਹਲਾ ਸਮਾਂ ਬਤੀਤ ਕਰਨਾ ਜ਼ਿਆਦਾ ਪਸੰਦ ਕਰਦੇ ਹਨ।

ਸਮਾਜ ਜਿਨ੍ਹਾਂ ਆਦਤਾਂ ਦੀ ਸਾਨੂੰ ਇਜਾਜ਼ਤ ਨਹੀਂ ਦਿੰਦਾ ਜਾਣੇ-ਅਣਜਾਣੇ ਵਿੱਚ ਅਸੀਂ ਉਨ੍ਹਾਂ ਆਦਤਾਂ ਦੇ ਕਈ ਵਾਰ ਸ਼ਿਕਾਰ ਹੋ ਜਾਂਦੇ ਹਾਂ। ਨਸ਼ਾ, ਜੂਆ, ਚੋਰੀ ਆਦਿ ਅਜਿਹੀਆਂ ਅਲਾਮਤਾਂ ਹਨ ਜੋ ਮਨੁੱਖੀ ਦਿਮਾਗ਼ ਨੂੰ ਸੋਚਣ ਤੋਂ ਦੂਰ ਕਰ ਦਿੰਦੀਆਂ ਹਨ। ਜਿਸ ਨਾਲ ਵਿਅਕਤੀ ਖ਼ੁਦ ਮੌਤ ਜਾਂ ਵੱਡੀ ਸਜ਼ਾ ਦਾ ਹੱਕਦਾਰ ਬਣ ਜਾਂਦਾ ਹੈ, ਨਾਲ ਹੀ ਪਰਿਵਾਰ ਨੂੰ ਵੀ ਬਹੁਤ ਵੱਡੇ ਦੁੱਖ ਜਾਂ ਸਮੱਸਿਆ ਵੱਲ ਧੱਕ ਦਿੰਦਾ ਹੈ। ਕੁਝ ਸਮਾਂ ਬੀਤਣ ਤੋਂ ਬਾਅਦ ਮਹਿਸੂਸ ਜ਼ਰੂਰ ਹੁੰਦਾ ਹੈ, ਪਰ ਸਮਾਂ ਬੀਤ ਜਾਣ ਤੋਂ ਬਾਅਦ ਤਾਂ ਪਛਤਾਵਾ ਤੇ ਤਣਾਅ ਹੀ ਪ੍ਰਾਪਤ ਹੁੰਦਾ ਹੈ।

ਭਾਵੇਂ ਅੱਜ ਪੂਰਾ ਵਿਸ਼ਵ ਮਹਿੰਗਾਈ ਦੀ ਮਾਰ ਝੱਲ ਰਿਹਾ ਹੈ, ਪਰ ਵਿਕਾਸਸ਼ੀਲ ਦੇਸ਼ਾਂ ਲਈ ਤਾਂ ਇਹ ਸਮੱਸਿਆ ਲੱਕ ਤੋੜਨ ਵਾਲੀ ਹੈ। ਇਸ ਤੋਂ ਵੱਡੀ ਗੱਲ ਜਦੋਂ ਨੌਜਵਾਨ ਵਰਗ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਿਹਾ ਹੋਵੇ ਤਾਂ ਅਜਿਹੇ ਸਮੇਂ ਵਿੱਚ ਸੋਚਵਾਨ ਵਿਅਕਤੀ ਮਾਨਸਿਕ ਤਣਾਅ ਤੋਂ ਕਿਸ ਤਰ੍ਹਾਂ ਬਚ ਸਕਦੇ ਹਨ?

ਇੱਕ ਸਮਾਂ ਸੀ ਜਦੋਂ ਲੋਕ ਸਾਂਝੇ ਪਰਿਵਾਰਾਂ ਵਿੱਚ ਰਹਿੰਦੇ ਸਨ। ਕੋਈ ਦੁੱਖ ਸੁੱਖ ਦੀ ਘੜੀ ਆਉਂਦੀ ਸੀ ਤਾਂ ਆਪਸ ਵਿੱਚ ਮਿਲ ਕੇ ਵੰਡ ਲੈਂਦੇ ਸਨ। ਕਹਿੰਦੇ ਹਨ ਕਿ ਦੁੱਖ ਵੰਡਿਆਂ ਘਟ ਜਾਂਦਾ ਹੈ। ਅੱਜ ਅਸੀਂ ਇਕੱਲੇ ਪਰਿਵਾਰ ਨੂੰ ਤਰਜੀਹ ਦੇਣ ਲੱਗ ਪਏ ਹਾਂ, ਜਿਸ ਨਾਲ ਸ਼ੁਰੂ ਸ਼ੁਰੂ ਵਿੱਚ ਤਾਂ ਚੰਗਾ ਮਹਿਸੂਸ ਕਰਦੇ ਹਾਂ, ਪਰ ਜਦੋਂ ਮਾੜਾ ਸਮਾਂ ਆਉਂਦਾ ਹੈ ਤਾਂ ਇਕੱਲਾਪਣ ਮਹਿਸੂਸ ਕਰਦੇ ਹਾਂ। ਜੇਕਰ ਅਸੀਂ ਅੱਜ ਵੀ ਸਾਂਝੇ ਪਰਿਵਾਰ ਨੂੰ ਤਰਜੀਹ ਦਈਏ ਤਾਂ ਸੰਭਵ ਹੈ ਕਿ ਤਣਾਅ ਦੇ ਪ੍ਰਭਾਵ ਨੂੰ ਘਟਾਇਆ ਜਾ ਸਕਦਾ ਹੈ।

ਵਿਸ਼ਵੀਕਰਨ ਦੇ ਦੌਰ ਵਿੱਚ ਇੱਕ ਪਾਸੇ ਤਾਂ ਅਸੀਂ ਆਪਣੇ ਬੱਚਿਆਂ ਨੂੰ ਅੰਤਰਰਾਸ਼ਟਰੀ ਪੜ੍ਹਾਈਆਂ, ਖਾਣ-ਪਾਣ ਤੇ ਰਹਿਣ-ਸਹਿਣ ਦਾ ਸਲੀਕਾ ਸਿਖਾ ਰਹੇ ਹਾਂ, ਦੂਜੇ ਪਾਸੇ ਜਦੋਂ ਸਾਡੇ ਬੱਚੇ ਅੰਤਰਰਾਸ਼ਟਰੀ ਪ੍ਰਭਾਵ ਅਧੀਨ ਆਪਣੀ ਸ਼ਖ਼ਸੀਅਤ ਵਿੱਚ ਬਦਲਾਅ ਲੈ ਕੇ ਆਉਂਦੇ ਹਨ ਤਾਂ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ। ਫਿਰ ਔਲਾਦ ਨਾਲ ਟਕਰਾਅ ਪੈਦਾ ਹੁੰਦਾ ਹੈ। ਮਾਤਾ-ਪਿਤਾ ਤੇ ਬੱਚੇ ਤਣਾਅਗ੍ਰਸਤ ਹੁੰਦੇ ਹਨ। ਤਣਾਅ ਕੋਈ ਕੁਦਰਤ ਦੀ ਦੇਣ ਨਹੀਂ ਬਲਕਿ ਅਸੀਂ ਆਪਣੀ ਗਲਤ ਜੀਵਨਸ਼ੈਲੀ, ਲੋੜ ਤੋਂ ਜ਼ਿਆਦਾ ਲਾਲਸਾਵਾਂ, ਨਸ਼ਾ, ਚੋਰੀ ਵਰਗੀਆਂ ਬੁਰੀਆਂ ਆਦਤਾਂ, ਉੱਚੇ ਪੱਧਰ ਦਾ ਰਹਿਣ ਸਹਿਣ ਦੇ ਸੁਪਨੇ ਕਾਰਨ ਹੀ ਗ੍ਰਹਿਣ ਕੀਤਾ ਹੈ। ਹਾਂ, ਕਈ ਵਾਰ ਕੁਦਰਤੀ ਕਰੋਪੀਆਂ, ਨਾਮੁਰਾਦ ਬਿਮਾਰੀਆਂ ਵੀ ਤਣਾਅ ਦਾ ਕਾਰਨ ਬਣ ਜਾਂਦੀਆਂ ਹਨ।

ਜੇਕਰ ਸੱਚਮੁੱਚ ਅਸੀਂ ਆਪਣੇ ਤਣਾਅ ਨੂੰ ਘਟਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਸਭ ਤੋਂ ਪਹਿਲਾਂ ਆਪਣੀ ਜੀਵਨਸ਼ੈਲੀ ਬਦਲਣੀ ਹੋਵੇਗੀ ਕਿਉਂਕਿ ਜਿਹੋ ਜਿਹਾ ਅਸੀਂ ਦੇਖਦੇ ਹਾਂ, ਖਾਂਦੇ ਹਾਂ, ਪੀਂਦੇ ਹਾਂ, ਉਸ ਦਾ ਪ੍ਰਭਾਵ ਸਿੱਧੇ ਤੌਰ 'ਤੇ ਸਾਡੇ ਸਰੀਰ 'ਤੇ ਪੈਂਦਾ ਹੈ। ਚੰਗੀਆਂ ਕਿਤਾਬਾਂ ਨਾਲ ਦੋਸਤੀ ਵੀ ਸਾਡੇ ਮਾਨਸਿਕ ਤਣਾਅ ਨੂੰ ਘਟਾਉਣ ਵਿੱਚ ਸਹਾਈ ਸਾਬਤ ਹੋ ਸਕਦੀ ਹੈ। ਜਦੋਂ ਅਸੀਂ ਸਕਾਰਾਤਮਕ, ਪ੍ਰੇਰਨਾਦਾਇਕ ਕਿਤਾਬਾਂ ਪੜ੍ਹਾਂਗੇ ਤਾਂ ਸਾਡੇ ਮਨ ਵਿੱਚ ਵਿਚਾਰ ਵੀ ਸਕਾਰਾਤਮਕ ਪੈਦਾ ਹੋਣਗੇ। ਮੋਬਾਈਲ ਫੋਨ ਦੀ ਲੋੜ ਅਨੁਸਾਰ ਵਰਤੋਂ ਨਾਲ ਵੀ ਅਸੀਂ ਖ਼ੁਸ਼ਹਾਲ ਜੀਵਨ ਬਤੀਤ ਕਰ ਸਕਦੇ ਹਾਂ। ਜਿਹੜਾ ਵਿਹਲਾ ਸਮਾਂ ਅਸੀਂ ਸੋਸ਼ਲ ਸਾਈਟਾਂ 'ਤੇ ਬਤੀਤ ਕਰਦੇ ਹਾਂ, ਉਹ ਸਮਾਂ ਅਸੀਂ ਆਪਣੇ ਪਰਿਵਾਰ, ਦੋਸਤਾਂ-ਮਿੱਤਰਾਂ, ਬੱਚਿਆਂ ਨਾਲ ਬਤੀਤ ਕਰੀਏ। ਜਿਸ ਨਾਲ ਆਪਸੀ ਭਾਈਚਾਰਕ ਸਾਂਝ ਵੀ ਪੈਦਾ ਹੋਵੇਗੀ। ਧਾਰਮਿਕ ਆਸਥਾ ਵੀ ਸਾਡੇ ਨਕਾਰਾਤਮਕ ਵਿਚਾਰਾਂ ਨੂੰ ਖ਼ਤਮ ਕਰਨ ਵਿੱਚ ਸਹਾਈ ਸਿੱਧ ਹੁੰਦੀ ਹੈ। ਆਪਣੇ ਜੀਵਨ ਨੂੰ ਲੋੜਾਂ ਦੀ ਪੂਰਤੀ ਤੱਕ ਸੀਮਤ ਰੱਖਣ ਦੀ ਕੋਸ਼ਿਸ਼ ਕਰੀਏ ਨਾ ਕਿ ਮਨੁੱਖੀ ਸਹੂਲਤਾਂ (ਲਾਲਸਾਵਾਂ) ਤੱਕ। ਆਪਣੇ ਬੱਚਿਆਂ ਨੂੰ ਲੋੜ ਤੋਂ ਵਧੇਰੇ ਸਹੂਲਤਾਂ ਦੇਣ ਤੋਂ ਵੀ ਗੁਰੇਜ਼ ਕੀਤਾ ਜਾਵੇ ਤਾਂ ਜੋ ਔਲਾਦ ਕੋਈ ਬੁਰੀਆਂ ਆਦਤਾਂ ਨਾ ਗ੍ਰਹਿਣ ਕਰੇ ਜੋ ਬਾਅਦ ਵਿੱਚ ਮਾਪਿਆਂ ਲਈ ਤਣਾਅ ਦਾ ਕਾਰਨ ਬਣੇ। ਸਰਕਾਰਾਂ ਨੂੰ ਆਪਣੀ ਜ਼ਿੰਮੇਵਾਰੀ ਸਮਝਦਿਆਂ ਬੇਰੁਜ਼ਗਾਰੀ ਨੂੰ ਖ਼ਤਮ ਕਰਨ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਜਦੋਂ ਨੌਜਵਾਨ ਵਰਗ ਯੋਗ ਵਿੱਦਿਆ ਹਾਸਲ ਕਰਨ ਤੋਂ ਬਾਅਦ ਬੇਰੁਜ਼ਗਾਰ ਹੁੰਦਾ ਹੈ ਤਾਂ ਸੁਭਾਵਿਕ ਤੌਰ 'ਤੇ ਮਾਨਸਿਕ ਪਰੇਸ਼ਾਨੀ ਦਾ ਸ਼ਿਕਾਰ ਹੋ ਜਾਂਦਾ ਹੈ।

ਸੋ ਲੋੜ ਹੈ ਸਮਾਜ ਨੂੰ ਮਾਨਸਿਕ ਤਣਾਅ ਦੇ ਗਲਬੇ ਤੋਂ ਬਾਹਰ ਕੱਢਣ ਦੀ। ਸਭ ਤੋਂ ਵੱਡੀ ਗੱਲ ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ''ਮਨਿ ਜੀਤੈ, ਜਗੁ ਜੀਤੁ॥'' ਭਾਵ ਆਪਣੇ ਮਨ ਨੂੰ ਜਿੱਤਣ ਨਾਲ ਮਨੁੱਖ ਸਾਰੀ ਦੁਨੀਆ ਉੱਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ। ਜੇਕਰ ਸੱਚਮੁੱਚ ਅਸੀਂ ਇਸ ਤੁਕ ਦੇ ਭਾਵ ਨੂੰ ਆਪਣੀ ਜ਼ਿੰਦਗੀ ਵਿੱਚ ਲਾਗੂ ਕਰ ਲਈਏ ਤਾਂ ਦੁਨਿਆਵੀ ਪਰੇਸ਼ਾਨੀਆਂ ਤੋਂ ਆਸਾਨੀ ਨਾਲ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ।

ਧਿਆਨ ਮਨ ਨੂੰ ਸ਼ਾਂਤ ਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ। ਇਹ ਨਾ ਸਿਰਫ਼ ਮਨ ਨੂੰ ਸ਼ਾਂਤ ਕਰਦਾ ਹੈ, ਸਗੋਂ ਸਮੱਸਿਆਵਾਂ ਨੂੰ ਵਧੀਆ ਤਰੀਕੇ ਨਾਲ ਨਜਿੱਠਣ ਦੀ ਸਮਰੱਥਾ ਵੀ ਵਧਾਉਂਦਾ ਹੈ। ਧਿਆਨ ਦਾ ਮੁੱਖ ਉਦੇਸ਼ ਜਾਗਰੂਕਤਾ ਹੈ, ਜੋ ਨਿਰਣੇ ਤੋਂ ਬਿਨਾਂ ਸਾਰੇ ਵਿਚਾਰਾਂ ਨੂੰ ਵੇਖਣਾ ਹੈ। ਇਸ ਵਿੱਚ, ਵਿਚਾਰਾਂ ਦੇ ਪ੍ਰਵਾਹ ਨੂੰ ਰੋਕੇ ਬਿਨਾਂ, ਉਨ੍ਹਾਂ ਨੂੰ ਸ਼ਾਂਤੀ ਵਿੱਚ ਆਉਣ ਦਿਓ ਅਤੇ ਆਪਣਾ ਧਿਆਨ ਸਾਹ 'ਤੇ ਰੱਖੋ। ਹੌਲੀ-ਹੌਲੀ ਵਿਚਾਰਾਂ ਦਾ ਪ੍ਰਵਾਹ ਘੱਟਣ ਲੱਗੇਗਾ ਅਤੇ ਮਨ ਸ਼ਾਂਤ ਹੋ ਜਾਵੇਗਾ।

ਸ਼ਾਂਤ ਵਾਤਾਵਰਣ ਵਿੱਚ ਬੈਠੋ ਜਾਂ ਲੇਟ ਜਾਓ ਅਤੇ ਆਪਣੇ ਮਨ ਵਿੱਚ ਇੱਕ ਤੋਂ ਦਸ ਤੱਕ ਗਿਣਨ ਦੀ ਕੋਸ਼ਿਸ਼ ਕਰੋ। ਜੇ ਤੁਸੀਂ ਵਿਚਾਰਾਂ ਦੇ ਕਾਰਨ ਵਿਚਕਾਰ ਵਿੱਚ ਭੁੱਲ ਗਏ ਹੋ, ਤਾਂ ਦੁਬਾਰਾ ਕੋਸ਼ਿਸ਼ ਕਰੋ। ਜੇ ਇਹ ਆਸਾਨ ਲੱਗਦਾ ਹੈ, ਤਾਂ ਗਿਣਤੀ ਸ਼ੁਰੂ ਕਰੋ। ਯਾਦ ਰੱਖੋ ਕਿ ਕੋਈ ਵੀ ਨੰਬਰ ਭੁੱਲਣਾ ਨਹੀਂ ਹੈ। ਇਸ ਨਾਲ ਤੁਹਾਡਾ ਧਿਆਨ ਵਧੇਗਾ ਅਤੇ ਮਨ ਹੋਰ ਚਿੰਤਾਵਾਂ ਨੂੰ ਛੱਡ ਕੇ ਸਾਹਮਣੇ ਵਾਲੇ ਕੰਮ 'ਤੇ ਧਿਆਨ ਦੇਣਾ ਸ਼ੁਰੂ ਕਰ ਦੇਵੇਗਾ। ਇਸ ਨੂੰ ਹੌਲੀ-ਹੌਲੀ ਵਧਾ ਕੇ 30 ਕੀਤਾ ਜਾ ਸਕਦਾ ਹੈ। ਇਸ ਦਾ ਰੋਜ਼ਾਨਾ ਅਭਿਆਸ ਕਰਨਾ ਚਾਹੀਦਾ ਹੈ, ਤਾਂ ਹੀ ਲਾਭ ਹੋਵੇਗਾ।

ਸਿਰ ਦੀ ਮਾਲਿਸ਼ ਤਣਾਅ ਵਾਲੀਆਂ ਤੰਤੂਆਂ ਨੂੰ ਆਰਾਮ ਦੇਣ ਵਿੱਚ ਵੀ ਮਦਦ ਕਰਦੀ ਹੈ। ਜੇ ਆਲੇ-ਦੁਆਲੇ ਕੋਈ ਮਾਲਿਸ਼ ਕਰਨ ਵਾਲਾ ਨਹੀਂ ਹੈ, ਤਾਂ ਆਪਣੇ ਹੱਥਾਂ ਨਾਲ ਮਾਲਸ਼ ਕਰਨ ਬਾਰੇ ਵਿਚਾਰ ਕਰੋ। ਹੱਥਾਂ, ਮੋਢਿਆਂ, ਗਰਦਨ ਅਤੇ ਸਿਰ ਦੀ ਖੋਪੜੀ 'ਤੇ ਤੇਲ ਜਾਂ ਲੋਸ਼ਨ ਲਗਾਓ ਅਤੇ ਕੁਝ ਮਿੰਟਾਂ ਲਈ ਮਾਲਸ਼ ਕਰੋ। ਜਿਵੇਂ-ਜਿਵੇਂ ਸਰੀਰ ਆਰਾਮਦਾਇਕ ਹੋਵੇਗਾ, ਮਨ ਦਾ ਤਣਾਅ ਵੀ ਹੋਣ ਲੱਗ ਜਾਵੇਗਾ।

ਮਨ ਨੂੰ ਸ਼ਾਂਤ ਕਰਨ ਲਈ ਸਦੀਆਂ ਤੋਂ ਖ਼ੁਸ਼ਬੂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਪੌਦੇ-ਅਧਾਰਿਤ ਜ਼ਰੂਰੀ ਤੇਲ ਨੂੰ ਸਾਹ ਲੈਣ ਜਾਂ ਸਾੜ ਕੇ ਤਣਾਅ ਅਤੇ ਚਿੰਤਾ ਨੂੰ ਘਟਾਇਆ ਜਾ ਸਕਦਾ ਹੈ। ਇਸ ਦੇ ਲਈ ਪਹਿਲਾਂ ਪ੍ਰਯੋਗ ਕਰੋ ਅਤੇ ਦੇਖੋ ਕਿ ਕਿਹੜੀ ਖ਼ੁਸ਼ਬੂ ਤੁਹਾਨੂੰ ਜ਼ਿਆਦਾ ਰਾਹਤ ਦਿੰਦੀ ਹੈ। ਫਿਰ ਰਾਤ ਨੂੰ ਸੌਂਦੇ ਸਮੇਂ ਇਸ ਨਾਲ ਜੁੜੀ ਧੂਪ ਸਟਿਕ ਜਾਂ ਸਪਰੇਅ ਦੀ ਵਰਤੋਂ ਕਰੋ। ਲਵੈਂਡਰ ਨੂੰ ਬਹੁਤ ਸਾਰੇ ਮਾਮਲਿਆਂ ਵਿੱਚ ਵਿਸ਼ੇਸ਼ ਤੌਰ 'ਤੇ ਲਾਭਦਾਇਕ ਮੰਨਿਆ ਜਾਂਦਾ ਹੈ।

# ਜੇਕਰ ਟਰੰਪ ਇਹ ਚੋਣ ਨਹੀਂ ਜਿੱਤਦੇ ਤਾਂ ਇਹ ਅਮਰੀਕਾ ਦੀ ਆਖਰੀ ਚੋਣ ਹੋਵੇਗੀ :ਐਲੋਨ ਮਸਕ

ਵਾਸ਼ਿੰਗਟਨ : ਟੇਸਲਾ ਅਤੇ ਸਪੇਸਐਕਸ ਦੇ ਮਾਲਕ ਅਰਬਪਤੀ ਕਾਰੋਬਾਰੀ ਐਲੋਨ ਮਸਕ ਨੇ ਅਮਰੀਕੀ ਰਾਸ਼ਟਰਪਤੀ ਚੋਣਾਂ ਨੂੰ ਲੈ ਕੇ ਦਾਅਵਾ ਕੀਤਾ ਕਿ ਜੇਕਰ ਡੋਨਾਲਡ ਟਰੰਪ ਇਹ ਚੋਣ ਨਹੀਂ ਜਿੱਤਦੇ ਤਾਂ ਇਹ ਅਮਰੀਕਾ ਦੀ ਆਖਰੀ ਚੋਣ ਹੋਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਅਮਰੀਕਾ ਵਿੱਚ ਲੋਕਤੰਤਰ ਖਤਰੇ ਵਿੱਚ ਹੈ। ਮਸਕ ਨੇ ਦਾਅਵਾ ਕੀਤਾ ਕਿ ਡੈਮੋਕਰੇਟਸ ਇਸ ਚੋਣ ਵਿੱਚ ਬੇਨਿਯਮੀਆਂ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਬਿਡੇਨ-ਹੈਰਿਸ ਪ੍ਰਸ਼ਾਸਨ ਸ਼ਰਨਾਰਥੀਆਂ ਨੂੰ ਨਾਗਰਿਕਤਾ ਦੇ ਰਿਹਾ ਹੈ, ਜਿਸ ਨਾਲ ਉਨ੍ਹਾਂ ਨੂੰ ਆਪਣਾ ਵੋਟਰ ਬਣਾ ਰਿਹਾ ਹੈ।

ਮਸਕ ਨੇ ਟਵਿੱਟਰ 'ਤੇ ਇਕ ਪੋਸਟ ਦੇ ਜਵਾਬ ਵਿਚ ਲਿਖਿਆ, "ਬਹੁਤ ਘੱਟ ਅਮਰੀਕੀਆਂ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਜੇਕਰ ਟਰੰਪ ਨਹੀਂ ਚੁਣਿਆ ਗਿਆ, ਤਾਂ ਇਹ ਲੋਕਤੰਤਰ ਨੂੰ ਖ਼ਤਰੇ ਵਿਚ ਪਾਵੇਗਾ ਅਤੇ ਸਿਰਫ ਟਰੰਪ ਹੀ ਇਸ ਨੂੰ ਬਚਾ ਸਕਦੇ ਹਨ।" ਇਕ ਸਵਾਲ ਦੇ ਜਵਾਬ 'ਚ ਮਸਕ ਨੇ ਕਿਹਾ, "ਮੈਨੂੰ ਦੱਸਣਾ ਚਾਹੀਦਾ ਹੈ ਕਿ ਜੇਕਰ ਹਰ ਸਾਲ 20 'ਚੋਂ 1 ਗੈਰ-ਕਾਨੂੰਨੀ ਨਾਗਰਿਕ ਵੀ ਅਮਰੀਕੀ ਨਾਗਰਿਕ ਬਣ ਜਾਂਦਾ ਹੈ, ਜਿਸ ਨੂੰ ਡੈਮੋਕ੍ਰੇਟ ਜਿੰਨੀ ਤੇਜ਼ੀ ਨਾਲ ਅੱਗੇ ਵਧਾ ਰਹੇ ਹਨ, ਤਾਂ 4 ਸਾਲਾਂ 'ਵਿਚ ਲਗਭਗ 20 ਲੱਖ ਸ਼ਰਨਾਰਥੀ ਨਵੇਂ ਕਾਨੂੰਨੀ ਵੋਟਰ ਹੋ ਜਾਣਗੇ।




ਟੇਸਲਾ ਅਤੇ ਸਪੇਸਐਕਸ ਦੇ ਮਾਲਕ ਨੇ ਕਿਹਾ, "ਸਵਿੰਗ ਰਾਜਾਂ ਵਿੱਚ ਵੋਟਿੰਗ ਦਾ ਅੰਤਰ ਅਕਸਰ 20 ਹਜ਼ਾਰ ਵੋਟਾਂ ਤੋਂ ਘੱਟ ਹੁੰਦਾ ਹੈ। ਇਸਦਾ ਮਤਲਬ ਹੈ ਕਿ ਜੇਕਰ "ਡੈਮੋਕਰੇਟਿਕ" ਪਾਰਟੀ ਸਫਲ ਹੁੰਦੀ ਹੈ, ਤਾਂ ਕੋਈ ਹੋਰ ਸਵਿੰਗ ਰਾਜ ਨਹੀਂ ਹੋਣਗੇ!" ਸਵਿੰਗ ਰਾਜਾਂ ਦਾ ਮਤਲਬ ਅਜਿਹੇ ਰਾਜ ਤੋਂ ਹੈ ਜਿੱਥੇ ਦੋ ਵੱਡੀਆਂ ਪਾਰਟੀਆਂ ਦਾ ਜਨ ਅਧਾਰ ਵੋਟਰਾਂ ਦੇ ਵਿਚਾਲੇ ਇੱਕੋ ਪੱਧਰ ਦਾ ਲੈਵਲ ਹੁੰਦਾ ਹੈ।" ਉਸਨੇ ਕਿਹਾ ਕਿ "ਬਿਡੇਨ ਅਤੇ ਹੈਰਿਸ ਪ੍ਰਸ਼ਾਸਨ ਪੈਨਸਿਲਵੇਨੀਆ, ਓਹੀਓ, ਵਿਸਕਾਨਸਿਨ ਅਤੇ ਐਰੀਜ਼ੋਨਾ ਵਰਗੇ ਸਵਿੰਗ ਰਾਜਾਂ ਵਿੱਚ "ਸ਼ਰਨਾਰਥੀਆਂ" ਨੂੰ ਸਿੱਧੇ ਭੇਜ ਰਹੇ ਹਨ। ਇਹ ਹਰ ਚੋਣ ਜਿੱਤਣ ਦਾ ਇੱਕ ਪੱਕਾ ਤਰੀਕਾ ਹੈ।"

ਮਸਕ ਨੇ ਕਿਹਾ, "ਇਸ ਤੋਂ ਬਾਅਦ, ਅਮਰੀਕਾ ਇਕ-ਪਾਰਟੀ ਰਾਜ ਬਣ ਸਕਦਾ ਹੈ ਅਤੇ ਲੋਕਤੰਤਰ ਖਤਮ ਹੋ ਜਾਵੇਗਾ। ਸਿਰਫ "ਚੋਣਾਂ" ਡੈਮੋਕ੍ਰੇਟਿਕ ਪਾਰਟੀ ਦੀਆਂ ਪ੍ਰਾਇਮਰੀਆਂ ਹੋਣਗੀਆਂ। 1986 ਦੀ ਮਾਫੀ ਤੋਂ ਬਾਅਦ ਕਈ ਸਾਲ ਪਹਿਲਾਂ ਕੈਲੀਫੋਰਨੀਆ ਵਿਚ ਅਜਿਹਾ ਹੋ ਚੁੱਕਾ ਹੈ। ਕੈਲੀਫੋਰਨੀਆ ਨੂੰ ਸਮਾਜਵਾਦ ਤੇ ਦਮ ਘੋਟੂ ਨੀਤੀਆਂ ਤੋਂ ਦੂਰ ਰਖਣ ਵਾਲੀਇਕੋ ਇਕ ਚੀਜ਼ ਹੈ ਕਿ ਕੈਲੀਫੋਰਨੀਆ ਛੱਡਕੇ ਅਮਰੀਕਾ ਵਿਚ ਰਹਿ ਸਕਦੇ ਹਨ।ਇੱਕ ਵਾਰ ਜਦੋਂ ਪੂਰਾ ਦੇਸ਼ ਇੱਕ ਪਾਰਟੀ ਦੇ ਨਿਯੰਤਰਣ ਵਿੱਚ ਆ ਜਾਵੇਗਾ ਤਾਂ ਕੋਈ ਰਸਤਾ ਨਹੀਂ ਬਚੇਗਾ।ਅਮਰੀਕਾ ਵਿਚ ਹਰ ਜਗਾ ਸੈਨ ਫਰੈਂਸਿਸਕੋ ਦੇ ਡਾਊਨਟਾਊਨ ਦੀ ਤਰ੍ਹਾਂ ਹੀ ਡਰਾਉਣਾ ਸੁਪਨਾ ਹੋਵੇਗਾ।

ਲੇਖਕ : ਸਿੰਦਰ ਸਿੰਘ ਮੀਰਪੁਰੀ ਫਰਿਜ਼ਨੋ,
ਸੰਪਰਕ : 559-285-0841




ਹਰ ਇਨਸਾਨ ਨੂੰ ਖ਼ੁਦਕੁਸ਼ੀ ਸ਼ਬਦ ਦਾ ਨਾਂ ਸੁਣਦਿਆਂ ਹੀ ਉਸ ਦੇ ਮੱਥੇ 'ਤੇ ਤਿਊੜੀਆਂ ਉਭਰ ਆਉਂਦੀਆਂ ਹਨ। ਬਿਨਾਂ ਸ਼ੱਕ ਇਹ ਸਭ ਦਾ ਆਪਣੇ ਆਪ ਵਿਚ ਇਕ ਬਹੁਤ ਹੀ ਭੈੜਾ ਸ਼ਬਦ ਏ, ਅਸੀਂ ਮਾਲਕ ਅੱਗੇ ਦੁਆ ਕਰਦੇ ਹਾਂ ਕਿ ਇਹ ਸ਼ਬਦ ਕਿਸੇ ਇਨਸਾਨ ਦੀ ਜ਼ੁਬਾਨ 'ਤੇ ਨਾ ਆਵੇ ਤਾ ਚੰਗਾ ਏ। ਪਰ ਅੱਜ ਚਾਰ-ਚੁਫੇਰੇ ਨਿਗ੍ਹਾ ਮਾਰਦਿਆਂ ਖੁਦਕੁਸ਼ੀ ਸਬਦ ਦੀ ਪਰਿਭਾਸ਼ਾ ਬਦਲ ਚੁੱਕੀ ਦਿਖਾਈ ਦਿੰਦੀ ਹੈ। ਬਿਨਾਂ ਸ਼ੱਕ ਕਿੱਡਾ ਵੱਡਾ ਜਿਗਰਾ ਹੋਵੇਗਾ, ਉਨ੍ਹਾਂ ਸਭਨਾਂ ਦਾ ਜੋ ਖ਼ੁਦਕੁਸ਼ੀ ਕਰ ਜਾਂਦੇ ਹਨ। ਪਿਛਲੇ ਲੰਬੇ ਸਮੇਂ ਤੋਂ ਵੇਖੀਏ, ਤਾਂ ਹਰ ਖੇਤਰ ਦੇ ਵਿਚ ਬਹੁਤ ਸਾਰੇ ਇਨਸਾਨ ਇਸ ਸੰਸਾਰ ਨੂੰ ਆਪਣੇ ਆਪ ਹੀ ਅਲਵਿਦਾ ਆਖ ਜਾਂਦੇ ਹਨ, ਜੋ ਬੇਹੱਦ ਦੁਖਦਾਈ ਅਤੇ ਗਲਤ ਵਰਤਾਰਾ ਹੈ। ਇਸ ਤਰ੍ਹਾਂ ਦੀਆਂ ਗੱਲਾਂ ਗੁਰੂਆਂ ਪੀਰਾਂ ਦੀ ਧਰਤੀ 'ਤੇ ਸ਼ੋਭਾ ਨਹੀਂ ਦਿੰਦੀਆਂ, ਇਸ ਵਰਤਾਰੇ ਨੂੰ ਰੋਕਣ ਦੀ ਵੱਡੀ ਲੋੜ ਹੈ ਕਿਉਂਕਿ ਜੇਕਰ ਕੋਈ ਵੀ ਇਨਸਾਨ ਖੁਦਕਸ਼ੀ ਕਰਦਾ ਹੈ, ਤਾਂ ਉਹ ਚਾਰੇ ਪਾਸਿਆਂ ਤੋਂ ਦੁਖੀ ਹੋ ਕੇ ਕਰਦਾ ਹੈ। ਪਰ ਇਕ ਗੱਲ ਇਹ ਵੀ ਵਿਚਾਰਨਯੋਗ ਹੈ ਕਿ ਅੱਜ ਦਾ ਇਨਸਾਨ ਖੁਦਕਸ਼ੀ ਕਿਉਂ ਕਰਦਾ ਹੈ ਕਿਉਂ ਉਹ ਆਪਣੇ ਆਪ ਨੂੰ ਖਤਮ ਕਰਦਾ ਹੈ। ਪੂਰੀ ਦੁਨੀਆਂ ਅੰਦਰ ਹਰ ਰੋਜ਼ ਬਹੁਤ ਸਾਰੇ ਇਨਸਾਨ ਖੁਦਕਸ਼ੀ ਕਰਦੇ ਹਨ, ਪੰਜਾਬ ਤੋਂ ਇਲਾਵਾ ਹੋਰਨਾਂ ਸੂਬਿਆਂ ਅਤੇ ਦੇਸ਼ਾ ਅੰਦਰ ਇਹ ਰੁਝਾਨ ਜਾਰੀ ਹੈ। ਭਾਵੇਂ ਇਹ ਲੋਕ ਕਿਸੇ ਨਾ ਕਿਸੇ ਪਾਸਿਓਂ ਦੁਖੀ ਹੋ ਕੇ ਖ਼ੁਦਕੁਸ਼ੀ ਕਰਦੇ ਹਨ ਪਰ ਉਨ੍ਹਾਂ ਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਹੈ। ਨੌਜਵਾਨ ਮੁੰਡੇ-ਕੁੜੀਆਂ ਤੋਂ ਇਲਾਵਾ ਬਹੁਤ ਸਾਰੇ ਅੱਧਖੜ ਲੋਕ ਵੀ ਇਸ ਸੰਸਾਰ ਤੋਂ ਕੂਚ ਕਰ ਰਹੇ ਹਨ, ਜੋ ਬੇਹੱਦ ਦੁਖਦਾਈ ਹੈ। ਭਾਵੇਂ ਮਰਨ ਦਾ ਤਾਂ ਕਿਸੇ ਦਾ ਵੀ ਜੀ ਨਹੀਂ ਕਰਦਾ ਪਰ ਕਿਸਾਨੀ ਖੇਤਰ ਤੋਂ ਲੈ ਕੇ ਬਹੁਤ ਸਾਰੇ ਲੋਕ ਇਸ ਵਰਤਾਰੇ ਦੀ ਭੇਟ ਚੜ੍ਹ ਰਹੇ ਹਨ। ਪੜ੍ਹਾਈ ਦੇ ਨਾਲ-ਨਾਲ ਬਿਜ਼ਨਸ ਦੇ ਤੌਰ 'ਤੇ ਫ਼ੇਲ ਹੋਏ ਵਿਅਕਤੀ ਵੀ ਇਸ ਦਾ ਹਿੱਸਾ ਬਣ ਰਹੇ ਹਨ। ਪੰਜਾਬ ਅੰਦਰ ਕਿਸਾਨੀ ਨਾਲ ਸਬੰਧਤ ਬਹੁਤ ਸਾਰੇ ਨੌਜਵਾਨ ਅਤੇ ਹੋਰ ਵਿਅਕਤੀਆਂ ਵੱਲੋਂ ਆਪਣੀ ਜੀਵਨ-ਲੀਲਾ ਨੂੰ ਖਤਮ ਕਰ ਲਿਆ ਗਿਆ। ਪਿਛਲੇ ਸਮੇਂ ਕਿਸਾਨਾਂ ਦੇ ਵਿਹੜਿਆਂ ਅੰਦਰ ਵੱਡੀ ਪੱਧਰ 'ਤੇ ਇਹ ਭਾਣਾ ਵਾਪਰਿਆ। ਉਨ੍ਹਾਂ ਮੁੰਡੇ-ਕੁੜੀਆਂ ਪਰਿਵਾਰਾਂ ਦਾ ਕੀ ਬਣਿਆ ਇਹ ਵੀ ਕੁਝ ਪਤਾ ਨਹੀਂ। ਬਿਜ਼ਨਸ ਦੇ ਵਿਚ ਫੇਲ ਕੋਈ ਵਿਅਕਤੀ ਵੀ ਇਸ ਰਸਤੇ ਦੇ ਰਾਹੀ ਬਣਦੇ ਹਨ। ਪਿਛਲੇ ਸਮੇਂ ਬਹੁਤ ਸਾਰੇ ਕਿਸਾਨਾਂ ਨੇ ਮੌਤ ਨੂੰ ਗਲ ਲਾ ਲਿਆ ਪਰ ਸਰਕਾਰ ਨੇ ਉਨ੍ਹਾਂ ਦੀ ਕੋਈ ਬਾਂਹ ਨਹੀਂ ਫੜੀ। ਕੋਈ ਵੀ ਇਨਸਾਨ ਇਸ ਤਰ੍ਹਾਂ ਮੌਤ ਨੂੰ ਗਲ ਨਾਲ ਨਹੀਂ ਲਾਉਂਦਾ ਹੈ ਪਰ ਮਜਬੂਰੀ ਬਣ ਜਾਂਦੀ ਹੈ। ਅੱਜ ਗਰੀਬੀ ਨੇ ਪੂਰੀ ਦੁਨੀਆਂ ਅੰਦਰ ਆਪਣੇ ਪੈਰ ਪਸਾਰੇ ਹਨ ਬਹੁਤ ਸਾਰੇ ਗਰੀਬ ਲੋਕ ਵੀ ਇਸ ਸੰਸਾਰ ਤੋਂ ਜਾ ਰਹੇ ਹਨ। ਪਿਛਲੇ ਸਮੇਂ ਇਹ ਵੀ ਦੇਖਿਆ ਗਿਆ ਕਿ ਸਰਕਾਰ ਦੀਆਂ ਨੀਤੀਆਂ ਤੋਂ ਤੰਗ ਆ ਕੇ ਬਹੁਤ ਸਾਰੇ ਲੋਕਾਂ ਨੇ ਆਪਣੇ ਗਲ ਫ਼ਾਹਾ ਪਾ ਲਿਆ। ਪੱਖਿਆਂ ਨਾਲ ਲਟਕਣ ਤੋਂ ਇਲਾਵਾ ਦਵਾਈਆਂ, ਟੀਕੇ ਨਾਲ ਬਹੁਤ ਸਾਰੇ ਲੋਕਾਂ ਵੱਲੋਂ ਆਪਣੀ ਮੌਤ ਆਪਣੇ ਹੱਥੀਂ ਕੀਤੀ ਗਈ। ਬਹੁਤ ਸਾਰੇ ਵਿਅਕਤੀ ਅਜਿਹੇ ਵੀ ਆਏ, ਜਿਨ੍ਹਾਂ ਵੱਲੋਂ ਆਪਣੇ ਪੂਰੇ ਪਰਿਵਾਰ ਨੂੰ ਖ਼ਤਮ ਕਰ ਦਿੱਤਾ ਗਿਆ। ਸੋਚਣਾ ਤਾਂ ਇਹ ਵੀ ਬਣਦਾ ਹੈ ਕਿ ਮਰਨ ਤੋਂ ਬਾਅਦ ਇਨਸਾਨ ਕਿਥੇ ਜਾਂਦਾ ਹੈ, ਜੋ ਮੁੜ ਕੇ ਵਾਪਸ ਨਹੀਂ ਆਉਂਦਾ। ਕੀ ਉਪਰ ਵੀ ਕੋਈ ਦੁਨੀਆਂ ਹੈ, ਜਿੱਥੇ ਇਨਸਾਨ ਦੇ ਲਈ ਰਹਿਣ ਬਸੇਰਾ ਬਣਾਇਆ ਗਿਆ ਹੈ, ਸਾਇਦ ਲਈ। ਸੋਚ ਕੇ ਵੇਖੋ, ਉਹ ਇਨਸਾਨ ਕਿੰਨਾ ਦੁਖੀ ਹੋਵੇਗਾ, ਜੋ ਆਪਣੇ ਆਪ ਨੂੰ ਮਾਰ ਦਿੰਦਾ ਹੈ ਅਤੇ ਆਪਣੇ ਪਰਿਵਾਰ ਤੱਕ ਨੂੰ ਖ਼ਤਮ ਕਰ ਦਿੰਦਾ ਹੈ। ਮੌਤ ਹੋਣ ਤੋਂ ਬਾਅਦ ਕੋਈ ਵੀ ਇਨਸਾਨ ਇਸ ਜੱਗ 'ਤੇ ਨਹੀਂ ਰਹਿਣਾ। ਸਭ ਨੇ ਆਪਣੀ ਵਾਰੀ ਅਨੁਸਾਰ ਚਲੇ ਜਾਣਾ ਹੈ। ਸੋਚ ਕੇ ਦੇਖੋ ਕਿ ਅਸੀਂ ਕੀ ਕਰ ਰਹੇ ਹਾਂ, ਕਿਉਂ ਹੋ ਰਿਹਾ ਹੈ ਸਭ ਕੁਝ। ਖੁਦਕੁਸ਼ੀ ਕਿਸੇ ਮਸਲੇ ਦਾ ਹੱਲ ਨਹੀਂ। ਪ੍ਰਵਾਰ ਵਿਚ ਬੈਠਕੇ ਮਸਲੇ ਹੱਲ ਕੀਤੇ ਜਾ ਸਕਦੇ ਹਨ। ਮੌਤ ਨੂੰ ਗਲੇ ਲਾਉਣ ਨਾਲ ਕੀ ਹੋਵੇਗਾ। ਪਰਿਵਾਰ ਟੁੱਟ ਰਹੇ ਹਨ। ਨੌਜਵਾਨੀ ਖ਼ਤਮ ਹੋਣ ਵੱਲ ਵਧ ਰਹੀ ਹੈ। ਖੁਦਕਸ਼ੀਆਂ ਕਿਸੇ ਵੀ ਮਸਲੇ ਦਾ ਹੱਲ ਨਹੀਂ। ਗੱਲਬਾਤ ਰਾਹੀਂ ਵੱਡੇ ਤੋਂ ਵੱਡੇ ਮਸਲੇ ਸੁਣੇ ਜਾ ਸਕਦੇ ਹਨ ਪਰ ਅਸੀਂ ਕੁਝ ਵੀ ਸੋਚ ਨਹੀਂ ਰਹੇ। ਜੇਕਰ ਅਸੀਂ ਆਪਣੇ ਪਰਿਵਾਰਾਂ ਤੱਕ ਨੂੰ ਖਤਮ ਕਰ ਦਿੱਤਾ, ਤਾਂ ਸਾਡੇ ਮਾਂ-ਪਿਉ ਦਾ ਕੀ ਬਣੇਗਾ, ਬਜ਼ੁਰਗ ਮਾਪੇ ਕਿੱਧਰ ਜਾਣਗੇ। ਇਹ ਸੁਆਲ ਬਣਦੇ ਹਨ। ਇਨ੍ਹਾਂ ਦਾ ਕੋਈ ਹੱਲ ਨਹੀਂ ਹੈ। ਬਿਨਾਂ ਸੋਚੇ ਸਮਝੇ ਅਸੀਂ ਕੀ ਕਰ ਰਹੇ ਹਾਂ, ਜਿਸ ਦਾ ਕਿਸੇ ਨੂੰ ਕੁਝ ਵੀ ਨਹੀਂ ਹੋਣਾ। ਨੌਜਵਾਨ ਮੁੰਡੇ-ਕੁੜੀਆਂ ਵਿਚ ਵੀ ਇਹ ਵਰਤਾਰਾ ਵੱਡੇ ਪੱਧਰ 'ਤੇ ਪਨਪ ਰਿਹਾ ਹੈ। ਕੋਈ ਪਰਿਵਾਰ ਤੋਂ ਤੰਗ ਆਇਆ ਅਤੇ ਕਈ ਸਰਕਾਰ ਤੋਂ ਤੰਗ ਹਨ। ਪੂਰੀ ਦੁਨੀਆਂ ਅੰਦਰ ਇਸ ਗਲਤ ਵਰਤਾਰੇ ਨੇ ਝਗੜਿਆਂ ਨੂੰ ਜਨਮ ਦਿੱਤਾ ਹੈ। ਅਦਾਲਤਾਂ ਵਿਚ ਕੇਸ ਚੱਲ ਰਹੇ ਹਨ। ਕੋਈ ਵੀ ਮਸਲਾ ਹੱਲ ਨਹੀਂ ਹੋ ਰਿਹਾ। ਅਦਾਲਤਾਂ ਵਿਚ ਖੁਦਕਸ਼ੀਆਂ ਦੇ ਬਹੁਤ ਸਾਰੇ ਕੇਸ ਪਿਛਲੇ ਲੰਬੇ ਸਮੇਂ ਤੋਂ ਪੈਡਿੰਗ ਪਏ ਹਨ, ਜਿਨ੍ਹਾਂ ਦਾ ਕੋਈ ਵੀ ਮਸਲਾ ਹੱਲ ਨਹੀਂ ਹੋ ਰਿਹਾ। ਭਾਵੇਂ ਪੂਰੀ ਦੁਨੀਆਂ ਅੰਦਰ ਧਾਰਮਿਕ ਅਸਥਾਨਾਂ ਦੀ ਗਿਣਤੀ ਵਧ ਰਹੀ ਹੈ ਪਰ ਨਾਲ ਦੀ ਨਾਲ ਦੁੱਖ ਵੀ ਵਧ ਰਹੇ ਹਨ। ਗਰੀਬ 'ਤੇ ਕੋਈ ਵੀ ਧਿਆਨ ਨਹੀਂ ਦੇ ਰਿਹਾ ਹੈ। ਗਰੀਬੀ ਵੀ ਵੱਧ ਰਹੀ ਹੈ ਅਤੇ ਗਰੀਬ ਵੀ ਵਧ ਰਹੇ ਹਨ, ਜਿਨ੍ਹਾਂ ਦਾ ਇਲਾਜ ਨਹੀਂ ਹੋ ਰਿਹਾ। ਸਾਨੂੰ ਲੋੜ ਹੈ ਕਿ ਅਸੀਂ ਧਾਰਮਿਕ ਅਸਥਾਨਾਂ ਦੀ ਉਸਾਰੀ ਵੀ ਕਰੀਏ ਪਰ ਲੋੜਵੰਦਾਂ ਦਾ ਖ਼ਿਆਲ ਵੀ ਰੱਖੀਏ। ਜੇਕਰ ਅਸੀਂ ਇਸ ਦਾ ਨਹੀਂ ਕਰਾਂਗੇ, ਤਾਂ ਅਸੀਂ ਕੁਦਰਤ ਦੀ ਕਚਹਿਰੀ ਵਿਚੋਂ ਮਨਫ਼ੀ ਹੋ ਜਾਵਾਂਗੇ। ਜੇਕਰ ਅਸੀਂ ਪਿਛਲੇ ਇਤਿਹਾਸ 'ਤੇ ਝਾਤ ਮਾਰੀਏ, ਤਾਂ ਸਾਡੇ ਗੁਰੂ ਸਾਹਿਬਾਨ ਨੇ ਲੋੜਵੰਦਾਂ ਦੇ ਹੱਕ ਵਿਚ ਖੜ੍ਹਨ ਦੀ ਨੀਤੀ ਅਪਣਾ ਕੇ ਸਾਡੀ ਪੂਰੀ ਕੌਮ ਨੂੰ ਸਿਖਰ 'ਤੇ ਪੁਚਾ ਦਿੱਤਾ। ਗੁਰੂ ਸਾਹਿਬ ਨੇ ਆਖਿਆ ਹੈ ਕਿ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਪਰ ਅੱਜਕੱਲ੍ਹ ਇਹ ਗੱਲਾਂ ਕਿੱਥੇ ਹਨ, ਸਾਨੂੰ ਸਾਰਿਆਂ ਨੂੰ ਪਤਾ ਹੈ, ਸੋਚਣ ਦੀ ਲੋੜ ਹੈ। ਨੌਜਵਾਨੀ ਆਪਣੇ ਰਸਤੇ ਤੋਂ ਭਟਕ ਚੁੱਕੀ ਹੈ। ਮਾਪਿਆਂ ਦਾ ਸਤਿਕਾਰ ਨੌਜਵਾਨਾਂ ਦੇ ਦਿਲਾਂ ਵਿਚੋਂ ਬਿਲਕੁਲ ਨਿਕਲ ਚੁੱਕਿਆ ਹੈ। ਹੁਣ ਤਾਂ ਗੁਰੂ ਸਾਹਿਬ ਦਾ ਵੀ ਸਤਿਕਾਰ ਨਹੀਂ ਹੋ ਰਿਹਾ। ਇਸ ਵਰਤਾਰੇ 'ਤੇ ਸਾਨੂੰ ਸਾਰਿਆਂ ਨੂੰ ਇੱਕਠੇ ਹੋ ਕੇ ਸੋਚਣ ਦੀ ਲੋੜ ਹੈ। ਪਿਛਲੇ ਸਮੇਂ ਸਾਡੇ ਸਮਾਜ ਅੰਦਰ ਕੋਈ-ਕੋਈ ਵਿਅਕਤੀ ਆਪਣੇ ਹੱਥੀਂ ਆਪਣੇ ਆਪ ਨੂੰ ਮੌਤ ਦੇ ਹਵਾਲੇ ਕਰਦਾ ਸੀ ਪਰ ਹੁਣ ਤਾਂ ਸਭ ਕੁਝ ਆਮ ਹੋ ਚੁੱਕਿਆ ਹੈ। ਮੀਡੀਏ ਦਾ ਯੁੱਗ ਹੋਣ ਦੀ ਬਦੌਲਤ ਇਸ ਦੀ ਜਾਣਕਾਰੀ ਵੀ ਸਾਨੂੰ ਤੁਰੰਤ ਮਿਲ ਜਾਂਦੀ ਹੈ। ਅਸੀਂ ਹਰ ਰੋਜ਼ ਅਖ਼ਬਾਰਾਂ ਅਤੇ ਟੀ.ਵੀ. ਚੈਨਲਾਂ ਰਾਹੀਂ ਅਕਸਰ ਸੁਣਦੇ ਹਾਂ ਕਿ ਫਲਾਣੀ ਜਗ੍ਹਾ ਕਿਸੇ ਨੇ ਖ਼ੁਦਕੁਸ਼ੀ ਕਰ ਲਈ। ਸੋਚ ਕੇ ਰੂਹ ਤੱਕ ਕੰਬ ਜਾਂਦੀ ਹੈ। ਪਿੰਡਾਂ ਦੇ ਨਾਲ-ਨਾਲ ਸ਼ਹਿਰਾਂ ਵਿਚ ਵੀ ਇਹ ਕੁਝ ਆਮ ਵਾਪਰ ਰਿਹਾ ਹੈ। ਜਦ ਕਿਸੇ ਪਰਿਵਾਰ ਦਾ ਕੋਈ ਇਨਸਾਨ ਇਸ ਦੁਨੀਆਂ ਤੋਂ ਚਲਿਆ ਜਾਂਦਾ ਹੈ, ਤਾਂ ਉਨ੍ਹਾਂ ਦੇ ਉਤੇ ਕੀ ਬੀਤਦੀ ਹੈ, ਇਹ ਤਾਂ ਉਹ ਹੀ ਜਾਣਦੇ ਹਨ ਕਿਉਂਕਿ ਇਹ ਕੁਦਰਤੀ ਵਰਤਾਰਾ ਨਹੀਂ ਆਖ ਸਕਦੇ, ਇਸ ਨੂੰ ਹੱਥੀਂ ਸਹੇੜੀ ਮੌਤ ਜ਼ਰੂਰ ਆਖ ਸਕਦੇ ਹਾਂ। ਜਨਤਾ ਨੂੰ ਇੱਕ ਗੱਲ ਜ਼ਰੂਰ ਕਹਿਣੀ ਚਾਹਾਂਗਾ ਕਿ ਵੀਰੋ ਮਸਲਾ ਦਾ ਦੋ ਰੋਟੀਆਂ ਦਾ ਹੈ ਕਿਉਂ ਇਹ ਗਲਤ ਕਦਮ ਚੁੱਕਦੇ ਹਾਂ। ਲੰਘੇ ਦਿਨੀਂ ਅਖ਼ਬਾਰਾਂ ਵਿਚ ਪੜ੍ਹਿਆ ਕੇ ਕਈ ਪਰਵਾਰਾਂ ਦੇ ਇਕਲੌਤੇ ਪੁੱਤਰਾਂ ਨੇ ਇਸ ਸੰਸਾਰ ਨੂੰ ਅਲਵਿਦਾ ਆਖ ਦਿੱਤਾ, ਕੀ ਬਣੇਗਾ ਇਸੇ ਬਚੇ ਬਾਕੀ ਪਰਿਵਾਰਾਂ ਦਾ ਅਤੇ ਮਾਂ-ਪਿਓ ਦਾ। ਖ਼ੁਦਕੁਸ਼ੀ ਕਰਨ ਤੋਂ ਪਹਿਲਾਂ ਆਪਣੇ ਕਿਸੇ ਸਕੇ-ਸਬੰਧੀ ਨਾਲ ਆਪਣੀਆਂ ਗੱਲਾਂ ਜ਼ਰੂਰ ਸਾਂਝੀਆਂ ਕਰੋ। ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ, ਕਿਸੇ ਵੀ ਮੇਰੇ ਵੀਰ ਨੂੰ ਅਤੇ ਨੌਜਵਾਨ ਭੈਣ ਨੂੰ ਇਹ ਰਸਤਾ ਅਪਣਾਉਣ ਦੀ ਲੋੜ ਹੀ ਨਹੀਂ ਪਵੇਗੀ। ਪੂਰੀ ਦੁਨੀਆਂ ਅੰਦਰ ਕਲਾਕਾਰਾਂ ਤੋਂ ਲੈ ਕੇ ਫਿਲਮ ਐਕਟਰਾਂ ਅਤੇ ਆਮ ਲੋਕਾਂ ਦੀ ਖੁਦਕੁਸ਼ੀ ਦੀਆਂ ਖ਼ਬਰਾਂ ਸਾਨੂੰ ਹਰ ਰੋਜ਼ ਪੜ੍ਹਨ ਨੂੰ ਮਿਲ ਜਾਂਦੀਆਂ ਹਨ, ਇਸ ਦਾ ਨਹੀਂ ਹੋਣਾ ਚਾਹੀਦਾ। ਕਿਸੇ ਵੀ ਮਾਂ ਦਾ ਪੁੱਤ ਨਾ ਵਿਛੜੇ, ਅਸੀਂ ਤਾਂ ਇਹ ਦੁਆ ਕਰ ਸਕਦੇ ਹਾਂ ਅਤੇ ਗੁਰੂ ਸਾਹਿਬ ਅੱਗੇ ਅਰਦਾਸ ਕਰ ਸਕਦੇ ਹਾਂ ਕਿ ਇਹ ਵਰਤਾਰਾ ਰੁੱਕ ਸਕੇ। ਕਿਸਾਨ ਮਜ਼ਦੂਰ ਦੇ ਨਾਲ-ਨਾਲ ਕੋਈ ਵੀ ਵਿਅਕਤੀ ਇਸ ਰਸਤੇ 'ਤੇ ਨਾ ਜਾਵੇ, ਤਾਂ ਚੰਗਾ ਹੈ। ਨੌਜਵਾਨ ਮੁੰਡੇ-ਕੁੜੀਆਂ ਵੀ ਵਾਪਸ ਆਪਣੇ ਆਲ੍ਹਣਿਆਂ ਨੂੰ ਪਰਤ ਆਉਣ, ਅਸੀਂ ਤਾਂ ਗੁਰੂ ਮਹਾਰਾਜ ਅੱਗੇ ਇਹੀ ਬੇਨਤੀ ਕਰ ਸਕਦੇ ਹਾਂ। ਮਾਲਕਾ ਮੇਹਰ ਕਰੇ, ਪੂਰੀ ਜੰਨਤਾ ਆਪਣੀ ਮਾਂ-ਪਿਓ ਦੀ ਬੁੱਕਲ ਦਾ ਸ਼ਿੰਗਾਰ ਬਣ ਕੇ ਆਪੋ-ਆਪਣੇ ਘਰਾਂ ਵਿਚ ਸੁਖੀ ਵਸੇ ਸਾਡੀ ਇਹੀ ਕਾਮਨਾ ਹੈ।

ਲੇਖਕ : ਇਕਵਾਕ ਸਿੰਘ ਪੱਟੀ
ਅੰਮ੍ਰਿਤਸਰ ਸਾਹਿਬ।




ਪੁਰਤਗਾਲੀ ਕਾਹਵਤ ਹੈ ਕਿ 'ਇਕ ਇਮਾਨਦਾਰ ਆਦਮੀ ਦੀ ਗੱਲ ਉਸੇ ਤਰ੍ਹਾਂ ਦੀ ਹੈ, ਜਿੰਨੀ ਕਿ ਪਾਤਸ਼ਾਹ ਦੀ ਹੁੰਦੀ ਹੈ।' ਇੱਕ ਪ੍ਰਸਿੱਧ ਵਿਦਵਾਨ ਬੈਂਜਾਮਿਨ ਫ੍ਰੈਂਕਲਿਨ ਅਨੁਸਾਰ, 'ਇਮਾਨਦਾਰ ਰਹਿਣਾ ਸਭ ਤੋਂ ਵਧੀਆ ਨੀਤੀ ਹੈ।' ਇਹ ਸੱਚ ਹੈ ਕਿ ਈਮਾਨਦਾਰ ਵਿਅਕਤੀ ਹਮੇਸ਼ਾਂ ਤਰੱਕੀ ਕਰਦਾ ਹੈ ਅਤੇ ਹੋਰਨਾਂ ਦੀਆਂ ਨਜ਼ਰਾਂ ਵਿਚ ਸਤਿਕਾਰ ਦਾ ਪਾਤਰ ਬਣਦਾ ਹੈ। ਇਮਾਨਦਾਰੀ ਮਨੁੱਖੀ ਜ਼ਿੰਦਗੀ ਦਾ ਸਭ ਤੋਂ ਵੱਡਾ ਗੁਣ ਹੈ ਅਤੇ ਬੇਇਮਾਨੀ ਸਭ ਤੋਂ ਵੱਡਾ ਔਗੁਣ। ਇਸੇ ਤਰ੍ਹਾਂ ਵਾਰਨ ਬਫੇ ਆਖਦਾ ਹੈ ਕਿ, 'ਇਮਾਨਦਾਰੀ ਇੱਕ ਬਹੁਤ ਮਹਿੰਗਾ ਤੋਹਫਾ ਹੈ, ਸਸਤੇ ਲੋਕਾਂ ਤੋਂ ਇਸ ਦੀ ਉਮੀਦ ਨਾ ਕਰੋ।' ਖ਼ੈਰ! ਜਦ ਮੈਂ ਸਿੱਖ ਮਿਸ਼ਨਰੀ ਕਾਲਜ, ਅਨੰਦਪੁਰ ਸਾਹਿਬ ਹੋਸਟਲ ਵਿਚ ਰਹਿੰਦਾ ਸੀ, ਤਾਂ ਪਹਿਲੇ ਸਾਲ ਵਿਚ ਸਾਡੇ ਇੱਕ ਪ੍ਰੋਫੈਸਰ ਸਾਹਿਬ ਹੁੰਦੇ ਸਨ, ਸ. ਗੁਲਸ਼ਨ ਸਿੰਘ ਜੀ। ਕੁੱਝ ਨਿੱਜੀ ਕਾਰਨਾਂ ਕਰਕੇ ਉਨ੍ਹਾਂ ਨੂੰ ਆਪਣੀ ਨੌਕਰੀ ਛੱਡਣੀ ਪਈ, ਤਾਂ ਵਿਦਾਇਗੀ ਵੇਲੇ ਸਾਰੇ ਵਿਦਿਆਰਥੀਆਂ ਨਾਲ ਉਨ੍ਹਾਂ ਆਪਣੇ ਤਜ਼ਰਬਿਆਂ 'ਤੇ ਅਧਾਰਿਤ ਬਹੁਤ ਸਾਰੀਆਂ ਗੱਲਾਂ ਕੀਤੀਆਂ। ਉਨ੍ਹਾਂ ਵਿਚ ਕੁਝ ਮੈਂ ਆਪਣੀ ਡਾਇਰੀ ਉਤੇ ਲਿਖ ਲਈਆਂ ਸਨ। ਜਿਨ੍ਹਾਂ ਵਿਚੋਂ ਇੱਕ ਇਹ ਸੀ ਕਿ, 'ਜਦ ਵੀ ਕੋਈ ਕੰਮ ਕਰੋ, ਤਾਂ ਪੂਰੀ ਇਮਾਨਦਰੀ ਨਾਲ ਕਰੋ, ਖਾਸ ਕਰ ਜਦ ਉਹ ਕੰਮ ਤੁਸੀਂ ਕਿਸੇ ਲਈ ਕਰ ਰਹੇ ਹੋਵੋ।' ਇਹ ਗੱਲ ਮੇਰੀ ਜ਼ਿੰਦਗੀ ਵਿਚ ਅੱਜ ਵੀ ਇੱਕ ਆਧਾਰ ਹੈ। ਮੈਂ ਵੱਖ-ਵੱਖ ਖੇਤਰਾਂ ਵਿਚ ਕਈ ਨੌਕਰੀਆਂ ਕੀਤੀਆਂ ਪਰ ਇਸ ਤਰ੍ਹਾਂ ਨਹੀਂ ਹੋਇਆ ਕਿ ਕਦੇ ਕਿਸੇ ਨੂੰ ਨਿਰਾਸ਼ ਕੀਤਾ ਹੋਵੇ ਅਤੇ ਹਰ ਨੌਕਰੀ ਨਾਲ ਜੁੜੇ ਮੁਖੀਆਂ ਨਾਲ ਅੱਜ ਵੀ ਮੇਰਾ ਉਵੇਂ ਹੀ ਮੇਲ-ਮਿਲਾਪ ਹੈ। ਇਹ ਰੱਬ ਜੀ ਦੀ ਕਿਰਪਾ ਵੀ ਹੈ ਕਿ ਉਨ੍ਹਾਂ ਨੇ ਕਦੇ ਡੋਲਣ ਨਹੀਂ ਦਿੱਤਾ ਅਤੇ ਮਾਪਿਆਂ ਸਮੇਤ ਅਧਿਆਪਕਾਂ ਦੀ ਸਿੱਖਿਆ ਹੈ ਕਿ ਆਪਣੇ ਅਸੂਲਾਂ 'ਤੇ ਦ੍ਰਿੜ੍ਹ ਰਹਿਣ ਸਿੱਖਿਆ ਹੈ। ਪਰ ਜਦ ਅੱਜ-ਕੱਲ੍ਹ ਜਦ ਆਲੇ- ਦੁਆਲੇ ਨਜ਼ਰ ਮਾਰਦੇ ਹਾਂ, ਤਾਂ ਬਹੁਤ ਕੁਝ ਬਦਲ ਜਿਹਾ ਗਿਆ। ਭੱਜ-ਦੌੜ ਦੀ ਜ਼ਿੰਦਗੀ ਵਿਚ ਮਨੁੱਖ ਗੁਣਾਂ ਪੱਖੋਂ ਹੌਲਾ ਅਤੇ ਔਗੁਣਾਂ ਪੱਖੋਂ ਭਾਰਾ ਹੁੰਦਾ ਜਾ ਰਿਹਾ ਹੈ। ਇਨ੍ਹਾਂ ਔਗੁਣਾਂ ਵਿਚ 'ਗ਼ੈਰਇਮਾਨਦਾਰ' ਹੋਣਾ ਵੀ ਸ਼ਾਮਲ ਹੈ, ਜਿਸ ਨੂੰ ਅਸੀਂ ਬੇਇਮਾਨ ਹੋਣਾ ਵੀ ਕਹਿ ਸਕਦੇ ਹਾਂ। ਸਰਕਾਰੀ ਥਾਵਾਂ 'ਤੇ ਭ੍ਰਿਸ਼ਟਾਚਾਰ ਅਤੇ ਨਿੱਜੀ ਥਾਵਾਂ 'ਤੇ ਵੱਧ ਮੁਨਾਫ਼ੇ ਦੀ ਖ਼ਾਤਰ ਮਨੁੱਖ ਝੂਠ ਬੋਲ ਰਿਹਾ ਹੈ, ਯਾਨਿ ਕਿ ਬੇਇਮਾਨੀ ਕਰ ਰਿਹਾ ਹੈ। ਪਰ ਯਾਦ ਰਹੇ ਸੱਚ ਨੇ ਇੱਕ ਦਿਨ ਪ੍ਰਗਟ ਹੋ ਜਾਣਾ ਹੁੰਦਾ ਹੈ ਅਤੇ ਸਾਡੇ ਝੂਠ ਦਾ ਭਾਂਡਾ ਚੌਰਾਹੇ ਭੱਜ ਹੀ ਜਾਣਾ ਹੁੰਦਾ ਹੈ। ਕੁੱਝ ਲੋਕ ਐਸੇ ਵੀ ਹੁੰਦੇ ਨੂੰ ਸਦਾ ਇਮਾਨਦਾਰ ਰਹਿੰਦੇ ਹਨ ਪਰ ਕਿਤੇ ਨਾ ਕਿਤੇ ਆ ਗ਼ੈਰ-ਜ਼ਿੰਮੇਵਾਰ ਹੋ ਜਾਂਦੇ ਹਨ, ਜਿਸ ਨਾਲ ਸਾਰੀ ਜ਼ਿੰਦਗੀ ਦੀ ਇਮਾਨਦਾਰੀ ਵੀ ਖੂਹ ਖਾਤੇ ਪੈ ਜਾਂਦੀ ਹੈ, ਪਰ ਕਿਵੇਂ? ਆਓ ਇਸ ਸਬੰਧੀ ਤੁਹਾਨੂੰ ਇੱਕ ਦੰਦ ਕਥਾ ਸੁਣਾਉਂਦਾ ਹਾਂ। ਕਹਿੰਦੇ ਨੇ, ਇੱਕ ਵਪਾਰੀ ਕੋਲ ਇੱਕ ਇਮਾਰਤਸਾਜ਼ ਬਹੁਤ ਸਾਲਾਂ ਤੋਂ ਕੰਮ ਕਰਦਾ ਸੀ। ਉਸਨੇ ਆਪਣੀ ਸਾਰੀ ਜਵਾਨੀ ਉਸ ਵਪਾਰੀ ਲਈ ਬਹੁਤ ਵਧੀਆ ਅਤੇ ਬਹੁਤ ਸਾਰੀਆਂ ਇਮਾਰਤਾਂ ਬਣਾਉਣ ਵਿਚ ਗੁਜ਼ਾਰ ਦਿੱਤੀ। ਉਸਦੇ ਬਣੇ ਨਮੂਨੇ ਅਤੇ ਕਾਰੀਗਿਰੀ ਬਾ-ਕਮਾਲ ਹੁੰਦੀ ਸੀ। ਜਦ ਬੁਢੇਪੇ ਨੇ ਆ ਘੇਰਿਆ, ਤਾਂ ਉਸ ਇਮਾਰਤਸਾਜ਼ ਨੇ ਇਸ ਕੰਮ ਤੋਂ ਪੱਕੀ ਛੁੱਟੀ ਲੈਣੀ ਚਾਹੀ। ਉਸਨੇ ਵਪਾਰੀ ਕੋਲ ਜਾ ਕੇ ਬੁਢੇਪੇ ਕਾਰਨ ਹੋਰ ਕੰਮ ਤੋਂ ਅਸਮੱਰਥਾ ਜਤਾਉਂਦੇ ਹੋਏ ਹੁਣ ਰਿਟਾਇਡ ਹੋਣ ਬਾਰੇ ਗੱਲ ਕੀਤੀ, ਤਾਂ ਵਪਾਰੀ ਨੇ ਉਸਨੂੰ ਕਿਹਾ ਕਿ ਮੇਰੀ ਆਖ਼ਰੀ ਬੇਨਤੀ 'ਤੇ, ਕੰਮ ਛੱਡਣ ਤੋਂ ਪਹਿਲਾਂ ਇੱਕ ਆਖ਼ਰੀ ਵਧੀਆ ਜਿਹੀ ਬੇਹਤਰੀਨ ਇਮਾਰਤ ਬਣਾ ਦੇਵੇ, ਤਾਂ ਚੰਗਾ ਹੋਵੇਗਾ। ਇਮਾਰਤਸਾਜ਼ ਨੂੰ ਮੌਕੇ 'ਤੇ ਹਾਂ ਕਰਨੀ ਪਈ ਪਰ ਉਸਨੇ ਇਹ ਇਮਾਰਤ ਬਹੁਤ ਹੀ ਅਨਮੰਨੇ ਜਿਹੇ ਮਨ ਨਾਲ ਬਣਾਈ। ਨਾ ਹੀ ਵਧੀਆ ਸਮੱਗਰੀ ਵਰਤੀ ਗਈ ਅਤੇ ਨਾ ਹੀ ਨਿੱਜੀ ਦਿਲਚਸਪੀ ਲੈ ਕੇ ਵਧੀਆ ਨਮੂਨਾ ਬਣਾਇਆ ਗਿਆ। ਇਮਾਰਤ ਦੀ ਤਿਆਰੀ ਮੁਕੰਮਲ ਹੋਈ, ਤਾਂ ਉਸ ਦੀਆਂ ਚਾਬੀਆਂ ਲੈ ਕੇ ਉਹ ਇਮਾਰਤਸਾਜ਼ ਵਪਾਰੀ ਕੋਲ ਪਹੁੰਚਿਆ, ਤਾਂ ਵਪਾਰੀ ਨੇ ਉਹ ਚਾਬੀਆਂ ਇਮਾਰਤਸਾਜ਼ ਨੂੰ ਵਾਪਸ ਕਰਦੇ ਹੋਏ ਕਿਹਾ ਕਿ ਤੂੰ ਇੰਨੇ ਸਾਲ ਮੇਰੇ ਲਈ ਕੰਮ ਕੀਤਾ, ਇਸ ਲਈ ਤੇਰਾ ਬੁਢੇਪਾ ਸੌਖਾ ਲੰਘੇ, ਇਹ ਇਮਰਤ ਮੈਂ ਤੈਨੂੰ ਇਨਾਮ ਵਜੋਂ ਦਿੰਦਾ ਹਾਂ।' ਹੁਣ ਇਮਾਰਤਸਾਜ਼ ਬਹੁਤ ਦੁਖੀ ਹੋਇਆ ਕਿ 'ਕਾਸ਼! ਮੈਨੂੰ ਪਤਾ ਹੁੰਦਾ ਕਿ ਇਹ ਇਮਾਰਤ ਮੈਨੂੰ ਮਿਲਣੀ ਹੈ, ਤਾਂ ਮੈ ਵਧੀਆ ਨਮੂਨਾ ਬਣਾਉਂਦਾ ਅਤੇ ਵਧੀਆ ਸਮੱਗਰੀ ਵਰਤਦਾ,' ਪਰ ਹੁਣ ਦੁਖੀ ਹੋਣ ਤੋਂ ਸਿਵਾਏ ਕੋਈ ਚਾਰਾ ਨਹੀਂ ਸੀ। ਦੋਸਤੋ! ਅਸੀਂ ਇਸ ਗੱਲ ਦਾ ਹਮੇਸ਼ਾਂ ਧਿਆਨ ਰੱਖੀਏ ਕਿਤੇ ਸਾਡੇ ਨਾਲ ਵੀ ਸਬੰਧਿਤ ਇਮਾਰਤਸਾਜ਼ ਵਰਗੀ ਨਾ ਹੋ ਜਾਵੇ। ਇਸ ਲਈ ਰੱਬੀ ਰਜ਼ਾ ਵਿਚ ਜਿਉਂਦੇ ਹੋਏ ਹਮੇਸ਼ਾਂ ਇਮਾਨਦਾਰੀ ਨਾਲ ਆਪਣਾ ਕੰਮ ਕਰੀਏ, ਕਿਸੇ ਲਈ ਕਰਨਾ ਹੋਵੇ ਤਾਂ ਵੀ ਆਪਣਾ ਈਮਾਨ ਅਤੇ ਇਮਾਨਦਾਰੀ ਕਾਇਮ ਰੱਖੀਏ। ਅੰਤ ਵਿਚ ਯਾਦ ਰੱਖਣਾ ਕਿ ਇਮਾਨਦਾਰੀ ਕੇਵਲ ਵਪਾਰ ਵਿਚ ਹੀ ਨਹੀਂ, ਬਲਕਿ ਆਪਣੇ ਰਿਸ਼ਤਿਆਂ ਵਿਚ ਰੱਖੀਏ। ਫਿਰ ਉਹ ਰਿਸ਼ਤਾ ਮਾਪਿਆਂ ਨਾਲ ਹੋਵੇ, ਭੈਣਭਰਾਵਾਂ ਨਾਲ ਹੋਵੇ, ਆਪਣੇ ਜੀਵਨਸਾਥੀ/ਸਾਥਣ ਨਾਲ ਜਾਂ ਫਿਰ ਆਪਣੇ ਬੱਚਿਆਂ ਨਾਲ।

ਲੇਖਕ : ਪ੍ਰੋ. ਨਵਜੀਤ ਸਿੰਘ ਜੌਹਲ, ਫੋਨ: +91-981555-51478



# ਪ੍ਰਿੰਟ ਮੀਡੀਆ ਅਤੇ ਪੰਜਾਬੀ ਭਾਸ਼ਾ

ਮਨੁੱਖ ਭਾਵੇਂ ਹਜ਼ਾਰਾਂ ਵਰ੍ਹਿਆਂ ਤੋਂ ਕਿਸੇ ਨਾ ਕਿਸੇ ਢੰਗ ਨਾਲ ਸੰਚਾਰ ਕਰਦਾ ਰਿਹਾ ਹੈ ਪਰ ਇਹ ਸੰਚਾਰ ਵਧੇਰੇ ਅਰਥ ਭਰਪੂਰ, ਅਸਰਦਾਰ ਅਤੇ ਸਰਬਵਿਆਪੀ ਵੱਖ-ਵੱਖ ਭਾਸ਼ਾਵਾਂ ਦੇ ਸੰਗਠਿਤ ਰੂਪ ਵਿਚ ਸਾਹਮਣੇ ਆਉਣ ਤੋਂ ਬਾਅਦ ਹੀ ਹੋਇਆ ਹੈ। ਭਾਸ਼ਾਵਾਂ ਦੇ ਲਿਖਤੀ ਰੂਪ ਸਾਹਮਣੇ ਆਉਣ ਤੋਂ ਬਾਅਦ ਵੀ ਉਸ ਸਮੇਂ ਸਿਰਜੀਆਂ ਗਈਆਂ ਲਿਖਤਾਂ ਦਾ ਘੇਰਾ ਗਿਣੇ ਚੁਣੇ ਪਾਠਕਾਂ ਤੱਕ ਸੀਮਤ ਰਹਿੰਦਾ ਸੀ। ਆਖਰ ਕੋਈ ਲੇਖਕ ਲਿਖ-ਲਿਖ ਕੇ ਕਿੰਨੇ ਕੁ ਖਰੜੇ ਤਿਆਰ ਕਰ ਸਕਦਾ ਸੀ? ਭਾਸ਼ਾਵਾਂ ਦਾ ਅਸਲ ਵਿਕਾਸ ਅਤੇ ਪ੍ਰਸਾਰ ਛਾਪੇਖਾਨੇ ਦੇ ਹੋਂਦ ਵਿਚ ਆਉਣ ਤੋਂ ਬਾਅਦ ਹੀ ਹੋਇਆ। ਛਾਪੇਖਾਨੇ ਨੂੰ ਸੰਚਾਰ ਦੇ ਖੇਤਰ ਵਿਚ ਸਭ ਤੋਂ ਪਹਿਲਾ ਗੁਣਕ (ਮਲਟੀਪਲਾਇਰ) ਮੰਨਿਆ ਗਿਆ ਹੈ। ਪਹਿਲਾਂ ਹਜ਼ਾਰਾਂ ਸਾਲ ਆਵਾਜ਼ਾਂ ਅਤੇ ਇਸ਼ਾਰਿਆਂ ਨਾਲ ਮੌਖਿਕ ਅਤੇ ਗ਼ੈਰ-ਮੌਖਿਕ ਸੰਚਾਰ ਕਰ ਕੇ ਮਨੁੱਖ ਨੇ ਆਪਣੀਆਂ ਸੰਚਾਰ ਸਮਰੱਥਾਵਾਂ ਵਿਚ ਅਹਿਮ ਵਾਧਾ ਕਰ ਲਿਆ ਸੀ ਪਰ ਪਹਿਲਾਂ ਲਿਖਣ ਅਤੇ ਫਿਰ ਛਾਪਣ/ਛਪਣ ਦੀ ਪ੍ਰਕਿਰਿਆ ਨੇ ਮਨੁੱਖ ਨੂੰ ਸਿਰਫ਼ ਆਪਣੀ ਯਾਦਦਾਸ਼ਤ ਉਪਰ ਨਿਰਭਰਤਾ ਤੋਂ ਸੁਰਖ਼ਰੂ ਕੀਤਾ। ਉਹ ਸੰਚਾਰ ਜੋ ਪਹਿਲਾਂ ਬੜੇ ਛੋਟੇ ਭੂਗੋਲਿਕ ਅਤੇ ਸਮਾਜਿਕ ਤਾਣੇ ਬਾਣੇ 'ਚ ਹੁੰਦਾ ਸੀ, ਹੌਲੀਹੌਲੀ ਵੱਡੇ ਪੱਧਰ 'ਤੇ ਹੋਣ ਲੱਗਿਆ। ਮਨੁੱਖੀ ਸੰਚਾਰ ਦੇ ਇਤਿਹਾਸ ਦੇ ਮੁਕਾਬਲੇ ਸੰਗਠਿਤ ਜਨ-ਸੰਚਾਰ ਦਾ ਇਤਿਹਾਸ ਬਹੁਤ ਛੋਟਾ ਹੈ। ਸੰਚਾਰ ਤੇ ਜਨਸੰਚਾਰ ਬਾਰੇ ਕਈ ਕਿਤਾਬਾਂ ਦੇ ਲੇਖਕ ਵਿਲਬਰ ਸ਼ਰੰਮ ਦਾ ਕਹਿਣਾ ਹੈ ਕਿ ਜੇ ਮਨੁੱਖ ਦੇ ਇਤਿਹਾਸ ਨੂੰ ਇੱਕ ਦਿਨ (24 ਘੰਟੇ) ਮੰਨ ਲਿਆ ਜਾਵੇ ਤਾਂ ਜਨ-ਸੰਚਾਰ ਦਾ ਆਰੰਭ ਅੱਧੀ ਰਾਤ ਤੋਂ ਸਿਰਫ਼ 7 ਸਕਿੰਟ ਪਹਿਲਾਂ ਹੋਇਆ। ਪ੍ਰਸਿੱਧ ਸੰਚਾਰ ਮਾਹਿਰ ਅਤੇ ਚਿੰਤਕ ਮਾਰਸ਼ਲ ਮੈਕਲੂਹਾਨ ਦਾ ਤਰਕ ਸੀ ਕਿ ਜਨ-ਸੰਚਾਰ ਵੱਖ-ਵੱਖ ਮਨੁੱਖੀ ਇੰਦਰੀਆਂ ਦਾ ਹੀ ਵਿਸਥਾਰ ਹੈ; ਮਿਸਾਲ ਵਜੋਂ ਰੇਡੀਓ ਮਨੁੱਖੀ ਜੀਭ ਤੇ ਕੰਨ ਦਾ, ਟੈਲੀਵਿਜ਼ਨ ਅੱਖਾਂ ਦਾ। ਉਸ ਦਾ ਇਹ ਮੰਨਣਾ ਸੀ ਕਿ ਮਨੁੱਖ ਦੇ ਆਧੁਨਿਕ ਚੇਤਨਾ ਬੋਧ ਦਾ ਆਰੰਭ ਭਾਵੇਂ ਹੱਥ ਲਿਖਤਾਂ ਨਾਲ ਹੋਇਆ ਸੀ ਪਰ ਇਸ ਦਾ ਦਾਇਰਾ ਬਹੁਤ ਸੀਮਤ ਸੀ। ਟੈਲੀਵਿਜ਼ਨ ਜਿਹੇ ਮਾਧਿਅਮ ਰਾਹੀਂ ਹੋ ਰਹੀ ਸੰਚਾਰ ਦੀ ਪ੍ਰਕਿਰਿਆ ਸਿੱਧੀ ਅੱਖਾਂ ਤੋਂ ਦਿਲ ਵੱਲ ਹੁੰਦੀ ਹੈ ਜਿੱਥੇ ਪ੍ਰਿੰਟ ਮੀਡੀਆ ਰਾਹੀਂ ਹੋ ਰਿਹਾ ਸੰਚਾਰ ਅੱਖਾਂ ਤੋਂ ਲੰਘ ਕੇ ਦਿਮਾਗ ਵੱਲ ਜਾਂਦਾ ਹੈ। ਲਿਖਤੀ ਭਾਸ਼ਾ ਲਗਭਗ 6000 ਸਾਲ ਪੁਰਾਣੀ ਹੈ; ਬੋਲੀ ਜਾਂਦੀ ਭਾਸ਼ਾ 40000 ਸਾਲ ਤੋਂ ਵੀ ਵੱਧ। ਮੌਖਿਕ ਸੰਚਾਰ ਦੌਰਾਨ ਜੋ ਧੁਨੀਆਂ ਵਿਕਸਤ ਹੋਈਆਂ, ਉਨ੍ਹਾਂ ਨੇ ਲਿਖਤੀ ਭਾਸ਼ਾ ਦੇ ਵਿਕਾਸ ਵਿਚ ਬਹੁਤ ਅਹਿਮ ਰੋਲ ਅਦਾ ਕੀਤਾ। ਪਹਿਲਾਂ ਸਾਧਾਰਨ ਕੰਧ ਚਿੱਤਰਾਂ ਅਤੇ ਫਿਰ ਚਿੰਨ੍ਹਾਤਮਕ ਕੰਧ ਚਿੱਤਰਾਂ ਨੇ ਹੀ ਫੋਨੋਗਰਾਫੀ (ਉਹ ਚਿੱਤਰ ਜਿਹੜੇ ਧੁਨੀ ਤੋਂ ਪ੍ਰੇਰਿਤ ਹੁੰਦੇ ਸਨ) ਨੇ ਸ਼ਬਦਾਂ ਦੀ ਉਤਪਤੀ ਅਤੇ ਬਣਤਰ ਵਿਚ ਵੱਡਾ ਰੋਲ ਅਦਾ ਕੀਤਾ। ਪ੍ਰਿੰਟਿੰਗ ਪ੍ਰੈੱਸ ਨੂੰ ਈਜਾਦ ਕਰਨ ਦਾ ਸਿਹਰਾ ਜੋਹਾਨੇਸ ਗੁਟਨਬਰਗ ਨੂੰ ਜਾਂਦਾ ਹੈ ਜਿਸ ਨੇ ਪੰਦਰ੍ਹਵੀਂ ਸਦੀ ਦੇ ਅੱਧ ਵਿਚਕਾਰ ਇਹ ਪ੍ਰੈੱਸ ਬਣਾਈ ਅਤੇ ਫਿਰ 1455 ਵਿਚ ਬਾਈਬਲ ਦੀਆਂ ਸੌ ਤੋਂ ਵੱਧ ਕਾਪੀਆਂ ਛਾਪੀਆਂ। ਵੱਖ-ਵੱਖ ਕਾਰਨਾਂ ਕਰ ਕੇ ਪੰਜਾਬ ਵਿਚ ਛਪਾਈ ਦਾ ਕੰਮ ਬਹੁਤ ਦੇਰ ਨਾਲ ਸ਼ੁਰੂ ਹੋਇਆ। ਉਨੀਵੀਂ ਸਦੀ ਦੇ ਪਹਿਲੇ ਦਹਾਕੇ ਦੌਰਾਨ ਬੇਸ਼ੱਕ ਇਸਾਈ ਮਿਸ਼ਨਰੀਆਂ ਨੇ ਲੁਧਿਆਣੇ ਵਿਚ ਛਾਪਾਖਾਨਾ ਲਾ ਲਿਆ ਸੀ ਪਰ ਛਪਾਈ ਬਾਰੇ ਜਾਣਕਾਰੀ ਤੇ ਚੇਤਨਾ ਦੀ ਘਾਟ, ਗੁਰਮੁਖੀ ਲਿੱਪੀ ਦਾ ਮਿਆਰੀਕਰਨ ਨਾ ਹੋਣ ਕਰ ਕੇ ਅਤੇ ਅੰਗਰੇਜ਼ਾਂ ਦਾ ਰਾਜ ਆ ਜਾਣ ਕਾਰਨ ਪੰਜਾਬੀ ਵਿਚ ਪ੍ਰਿੰਟ ਮੀਡੀਆ ਦਾ ਵਿਕਾਸ ਬਹੁਤ ਪੱਛੜ ਗਿਆ। ਪਹਿਲਾਂ ਉਨੀਵੀਂ ਸਦੀ ਦੇ ਅਖ਼ੀਰਲੇ ਅਤੇ ਵੀਹਵੀਂ ਸਦੀ ਦੇ ਪਹਿਲੇ ਕੁਝ ਦਹਾਕਿਆਂ ਦੌਰਾਨ ਸਿੱਖ ਧਰਮ ਦੇ ਪ੍ਰਚਾਰ ਹਿੱਤ ਬਹੁਤ ਸਾਰੇ ਪਰਚੇ ਜਾਰੀ ਹੋਏ ਅਤੇ ਫਿਰ ਅਨੇਕ ਸਾਹਿਤਕ ਪੱਤਰਾਂ ਨੇ ਪੰਜਾਬੀ ਸਾਹਿਤ ਦੇ ਸੰਚਾਰ ਵਿਚ ਅਹਿਮ ਰੋਲ ਅਦਾ ਕਰਨਾ ਸ਼ੁਰੂ ਕਰ ਦਿੱਤਾ। ਬਾਕੀ ਜਨ-ਸੰਚਾਰ ਸਾਧਨਾਂ ਦੇ ਮੁਕਾਬਲੇ ਪ੍ਰਿੰਟ ਮੀਡੀਆ ਸਭ ਤੋਂ ਪੁਰਾਣਾ ਹੀ ਨਹੀਂ, ਸਭ ਤੋਂ ਪ੍ਰੌੜ, ਹੰਢਣਸਾਰ, ਸੰਭਾਲਣਯੋਗ ਅਤੇ ਭਰੋਸੇਮੰਦ ਮਾਧਿਅਮ ਹੈ। ਇਹ ਅਹਿਮ ਮਾਧਿਅਮ ਹੈ ਜਿਹੜਾ ਸੰਚਾਰ ਪ੍ਰਕਿਰਿਆ ਦਾ ਕੰਟਰੋਲ ਪਾਠਕ ਦੇ ਹੱਥ ਵਿਚ ਦੇ ਕੇ ਆਪ ਸੁਤੰਤਰ ਹੋ ਜਾਂਦਾ ਹੈ। ਮਨੁੱਖ ਨੂੰ ਸੋਚ ਵਿਚ ਨਾ ਪਾ ਕੇ ਚਕਾਚੌਂਧ ਕਰਨ ਵਾਲੇ ਚੈਨਲ ਜਾਂ ਮਾਧਿਅਮ 'ਮੈਸੇਜ' ਦੀ ਆਜ਼ਾਦਾਨਾ ਹੋਂਦ ਹੀ ਖ਼ਤਮ ਕਰ ਦਿੰਦੇ ਹਨ ਜਾਂ ਉਸ ਨੂੰ ਆਪਣੇ ਆਪ 'ਚ ਹੀ ਇਸ ਕਦਰ ਜਜ਼ਬ ਕਰ ਲੈਂਦੇ ਹਨ ਕਿ ਉਸ ਦੀ ਕੋਈ ਆਜ਼ਾਦਾਨਾ ਹਸਤੀ ਹੀ ਨਹੀਂ ਰਹਿੰਦੀ। ਇਸੇ ਲਈ ਮੈਕਲੂਹਾਨ ਨੇ ਮੀਡੀਅਮ ਇਜ਼ ਦਿ ਮੈਸੇਜ' ਲਿਖ ਕੇ ਸੰਚਾਰ ਖੇਤਰ 'ਚ ਵੱਡੀ ਬਹਿਸ ਨੂੰ ਜਨਮ ਦਿੱਤਾ ਸੀ ਪਰ ਲਿਖਿਆ ਅਤੇ ਛਪਿਆ ਹੋਇਆ ਸ਼ਬਦ ਕਿਸੇ ਧੁਨੀ, ਸੰਗੀਤ, ਦ੍ਰਿਸ਼ ਆਦਿ ਤੋਂ ਆਜ਼ਾਦ ਰਹਿ ਕੇ ਮਨੁੱਖ ਨੂੰ ਸੋਚਣ ਲਈ ਮਜਬੂਰ ਕਰਦਾ ਹੈ। ਲਿਖਤੀ ਸ਼ਬਦ ਪੜ੍ਹ ਰਿਹਾ ਪਾਠਕ ਖ਼ੁਦ ਆਪਣਾ ਦ੍ਰਿਸ਼ਟਾਂਤ ਅਤੇ ਬਿਰਤਾਂਤ ਸਿਰਜਦਾ ਹੈ। ਸੰਚਾਰ ਮਾਹਿਰਾਂ ਦਾ ਵਿਚਾਰ ਹੈ ਕਿ ਛਪਿਆ ਹੋਇਆ ਸ਼ਬਦ ਕਿਸੇ ਮਨੁੱਖ ਨੂੰ ਸੋਚਣ ਲਈ ਮਜਬੂਰ ਕਰਦਾ ਹੈ। ਖੋਜ ਨੇ ਸਿੱਧ ਕੀਤਾ ਹੈ ਕਿ ਛਪਿਆ ਹੋਇਆ ਸ਼ਬਦ ਮਨੁੱਖੀ ਦਿਮਾਗ ਦੇ ਖੱਬੇ ਹਿੱਸੇ ਨੂੰ ਪ੍ਰਭਾਵਿਤ ਕਰਦਾ ਹੈ ਜੋ ਵਧੇਰੇ ਤਾਰਕਿਕ (ਲੌਜੀਕਲ), ਵਿਚਾਰਸ਼ੀਲ (ਰੈਸ਼ਨਲ) ਅਤੇ ਭਾਸ਼ਾ ਮੂਲਕ (ਲੈਂਗੁਏਜ ਓਰੀਐਂਟਡ) ਹੁੰਦਾ ਹੈ; ਟੈਲੀਵਿਜ਼ਨ ਜਿਹਾ ਮਾਧਿਅਮ ਮਨੁੱਖੀ ਦਿਮਾਗ ਦੇ ਸੱਜੇ ਹਿੱਸੇ ਵਿਚ ਹਲਚਲ ਪੈਦਾ ਕਰਦਾ ਅਤੇ ਇਸ ਨੂੰ ਹਲੂਣਦਾ ਹੈ ਜਿਹੜਾ ਵਧੇਰੇ ਅੰਤਰ-ਦਰਸ਼ੀ (ਇੰਟਿਊਟਿਵ), ਤਰਕ ਵਿਹੂਣਾ ਅਤੇ ਤਸਵੀਰ ਮੂਲਕ ਹੁੰਦਾ ਹੈ। ਇਉਂ ਪ੍ਰਿੰਟ ਮੀਡੀਆ ਗੰਭੀਰ ਸੂਚਨਾਵਾਂ ਅਤੇ ਗਿਆਨ ਨਾਲ ਜੁੜੀਆਂ ਲੋੜਾਂ ਪੂਰੀਆਂ ਕਰਦਾ ਹੈ। ਇਹ ਸਾਨੂੰ ਯਕਦਮ ਨੱਚਣ ਨਹੀਂ ਸਗੋਂ ਸੋਚਣ ਲਾਉਂਦਾ ਹੈ। ਇਹ ਮਨੁੱਖ ਨੂੰ ਭਾਵੁਕ ਅਤੇ ਤੱਤ ਭੜੱਤੇ ਫ਼ੈਸਲੇ ਕਰਨ ਲਈ ਨਹੀਂ ਉਕਸਾਉਂਦਾ ਸਗੋਂ ਤਰਕ ਦੇ ਲੜ ਲਾਉਂਦਾ ਹੈ। ਇਹ ਟੈਲੀਵਿਜ਼ਨ ਜਾਂ ਮੋਬਾਈਲ ਫੋਨ ਵਾਂਗ ਮਨੁੱਖ ਨੂੰ ਇਹ ਹੁਕਮ ਨਹੀਂ ਦਿੰਦਾ ਕਿ "ਇੱਥੇ ਬੈਠ ਤੇ ਮੈਨੂੰ ਦੇਖ।" ਪ੍ਰਿੰਟ ਮੀਡੀਆ ਸਵੇਰ ਦਾ ਮਾਧਿਅਮ ਹੈ; ਜਦੋਂ ਮਨੁੱਖੀ ਅੱਖਾਂ, ਮਨ ਅਤੇ ਦਿਮਾਗ ਤਰੋ-ਤਾਜ਼ਾ ਹੁੰਦੇ ਹਨ। ਜਦੋਂ ਮਨੁੱਖ ਇਹ ਜਾਣਨਾ ਚਾਹੁੰਦਾ ਹੈ ਕਿ ਕੱਲ੍ਹ ਕੀ-ਕੀ ਵਾਪਰਿਆ ਅਤੇ ਇਹ ਆਉਣ ਵਾਲੇ ਕੱਲ੍ਹ ਨੂੰ ਕਿਵੇਂ ਪ੍ਰਭਾਵਿਤ ਕਰੇਗਾ। ਅਜਿਹੇ ਸਮੇਂ ਪ੍ਰਿੰਟ ਮੀਡੀਆ, ਵਿਸ਼ੇਸ਼ ਕਰ ਕੇ ਅਖ਼ਬਾਰ ਖ਼ਬਰ ਪੰਨਿਆਂ ਰਾਹੀਂ, ਹਰ ਤਰ੍ਹਾਂ ਦੀਆਂ ਖ਼ਬਰਾਂ ਤੇ ਸੰਪਾਦਕੀ ਰਾਹੀਂ ਕੱਲ੍ਹ ਦੀਆਂ ਮੁੱਖ ਖ਼ਬਰਾਂ 'ਤੇ ਟਿੱਪਣੀ, ਮੁੱਖ ਲੇਖ ਅਤੇ ਹੋਰ ਲੇਖਾਂ ਰਾਹੀਂ ਮਹੱਤਵਪੂਰਨ ਮੁੱਦਿਆਂ ਉਤੇ ਡੂੰਘੀ ਵਿਚਾਰ ਚਰਚਾ ਅਤੇ ਕਿਸੇ ਫੀਚਰ ਜਾਂ ਮਿਡਲ ਰਾਹੀਂ ਹਲਕੇ ਫੁਲਕੇ ਢੰਗ ਨਾਲ ਪਾਠਕ ਦਾ ਸਭਿਆਚਾਰਕ ਮਨੋਰੰਜਨ ਕਰਨ ਦੇ ਨਾਲ-ਨਾਲ ਕੋਈ ਸੁਚਾਰੂ ਅਤੇ ਉਸਾਰੂ ਸੰਦੇਸ਼ ਵੀ ਦਿੰਦਾ ਹੈ। ਇਹ ਸਭ ਕਰਦਿਆਂ ਪ੍ਰਿੰਟ ਮੀਡੀਆ ਇਹ ਵੀ ਯਕੀਨੀ ਬਣਾਉਂਦਾ ਹੈ ਕਿ ਸੂਚਨਾਵਾਂ ਤੁਹਾਡੇ ਕੋਲ ਬਿਨਾਂ ਕਿਸੇ ਦੇਰੀ ਤੋਂ ਪਹੁੰਚਣ ਅਤੇ ਇਸ ਵਿਚ ਕਿਸੇ ਕਿਸਮ ਦਾ ਪੱਖਪਾਤ ਨਾ ਹੋਵੇ। ਭਾਸ਼ਾਈ ਅਖ਼ਬਾਰਾਂ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਇਹ ਸੂਚਨਾ ਦੀ ਪੇਸ਼ਕਾਰੀ ਸਮੇਂ ਕਿਸੇ ਖ਼ਬਰ ਜਾਂ ਵਿਚਾਰ ਦੀ ਤੱਤਪਰਤਾ ਅਤੇ ਤੀਬਰਤਾ ਦਾ ਧਿਆਨ ਰੱਖਣ ਦੇ ਨਾਲ-ਨਾਲ ਪਾਠਕ ਨੂੰ ਵਿਸ਼ਵ ਨਾਲ ਵੀ ਜੋੜਨ ਪਰ ਸਥਾਨਕ ਖ਼ਬਰਾਂ ਅਤੇ ਸੂਚਨਾਵਾਂ ਤੇ ਮਸਲਿਆਂ ਦੀ ਕੀਮਤ 'ਤੇ ਨਹੀਂ। ਇਹ ਇਸ ਗੱਲ ਦਾ ਧਿਆਨ ਵੀ ਰੱਖਣ ਕਿ ਕਿਹੜੀ ਛਪਣ ਸਮੱਗਰੀ ਸਮਾਜ ਲਈ ਲਾਭਕਾਰੀ ਹੋ ਸਕਦੀ ਹੈ ਅਤੇ ਕਿਹੜੀ ਹਾਨੀਕਾਰਕ। ਸੂਚਨਾ ਦੇ ਸੱਚ, ਬਾਹਰਮੁਖਤਾ ਅਤੇ ਨਿਰਲੇਪਤਾ ਨਾਲ ਕਿਸੇ ਵੀ ਕਿਸਮ ਦਾ ਕੋਈ ਸਮਝੌਤਾ ਨਾ ਕਰਨ। ਮਨੁੱਖ ਦੀ ਜਿਗਿਆਸਾ ਨੂੰ ਤ੍ਰਿਪਤ ਕਰਨ, ਕਿਸੇ ਵੀ ਤਰ੍ਹਾਂ ਦੇ ਦਵੰਦ ਅਤੇ ਪੱਖਪਾਤ ਤੋਂ ਪਰ੍ਹੇ ਰਹਿਣ ਅਤੇ ਪੇਸ਼ਕਾਰੀ ਵਿਚ ਆਪਣੇ ਸਮਾਜ ਦੀਆਂ ਸੱਭਿਆਚਾਰਕ ਕਦਰਾਂਕੀਮਤਾਂ ਦਾ ਵੀ ਧਿਆਨ ਰੱਖਣ। ਜਿੱਥੇ ਬਹੁਤ ਸਾਰੇ ਮਾਧਿਅਮ ਪਾਣੀ 'ਤੇ ਲੀਕ ਵਰਗੇ ਹਨ, ਉਥੇ ਪ੍ਰਿੰਟ ਮੀਡੀਅਮ ਪੱਥਰ 'ਤੇ ਲੀਕ ਵਾਂਗ ਹੈ ਅਤੇ ਇਸ ਵਿਚਲੀ ਸਮੱਗਰੀ ਕਿਸੇ ਡੂੰਘੀ ਪੁਣ-ਛਾਣ, ਕਾਂਟ-ਛਾਂਟ, ਸੋਚ-ਵਿਚਾਰ ਮਗਰੋਂ ਹੀ ਪਾਠਕ ਤੱਕ ਪਹੁੰਚਦੀ ਹੈ। ਇਸ ਵਿਚਲੀ ਵੰਨਗੀ ਇਹ ਯਕੀਨੀ ਬਣਾਉਂਦੀ ਹੈ ਕਿ ਹਰ ਪਾਠਕ ਲਈ ਕੁਝ ਨਾ ਕੁਝ ਹੋਵੇ ਅਤੇ ਬਹੁਗਿਣਤੀ ਪਾਠਕਾਂ ਲਈ ਬਹੁਤ ਕੁਝ ਹੋਏ। ਪਾਠਕ ਜਦੋਂ ਲਗਾਤਾਰ ਪੜ੍ਹਦਾ ਹੈ ਤਾਂ ਉਸ ਦਾ ਦਿਮਾਗ ਉਸ ਸੂਚਨਾ ਦੇ ਨੁਕਤਿਆਂ 'ਤੇ ਧਿਆਨ ਕੇਂਦਰਿਤ ਕਰਦਾ ਹੈ ਜੋ ਦਿੱਤੀ ਗਈ ਹੁੰਦੀ ਹੈ ਜਾਂ ਜੋ ਨੁਕਤੇ ਉਠਾਏ ਗਏ ਹੁੰਦੇ ਹਨ। ਸੁਭਾਵਿਕ ਤੌਰ 'ਤੇ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ ਕਿ ਜੋ ਪਾਠਕ ਸਭ ਤੋਂ ਪਹਿਲਾਂ ਪੜ੍ਹਨਾ ਚਾਹੁੰਦਾ ਹੈ, ਉਹ ਉਸ ਨੂੰ ਪਹਿਲਾਂ ਹੀ ਮਿਲੇ। ਸਰਲਤਾ, ਸਾਦਗੀ, ਸੰਜਮ, ਸੰਖੇਪਤਾ, ਰਵਾਨੀ, ਲਗਾਤਾਰਤਾ, ਇਕਸਾਰਤਾ, ਮਿਆਰੀਕਰਨ ਆਦਿ ਪ੍ਰਿੰਟ ਮੀਡੀਆ ਦੇ ਮੁੱਢਲੇ ਗੁਣ ਹਨ ਅਤੇ ਮੋਟੇ ਤੌਰ 'ਤੇ ਪੰਜਾਬੀ ਪੱਤਰਕਾਰੀ ਵਿਚ ਇਹ ਸਾਰੇ ਗੁਣ ਪਾਏ ਜਾਂਦੇ ਹਨ। ਨਿਰਸੰਦੇਹ, ਕਦੇ-ਕਦਾਈਂ ਕੋਈ ਅਖ਼ਬਾਰ, ਖ਼ਬਰ ਜਾਂ ਲੇਖ ਇਨ੍ਹਾਂ ਗੁਣਾਂ ਤੋਂ ਊਣੇ ਅਤੇ ਸੱਖਣੇ ਵੀ ਲੱਗਦੇ ਹਨ। ਪੱਤਰਕਾਰੀ ਦੇ ਮੁੱਢਲੇ ਦੌਰ ਵਿਚ ਕਿਉਂਕਿ ਧਾਰਮਿਕ, ਸਾਹਿਤਕ, ਸਮਾਜਿਕ ਅਤੇ ਰਾਜਨੀਤਕ ਪਰਚਿਆਂ ਨੇ ਮਿਆਰੀ ਪੰਜਾਬੀ ਪੱਤਰਕਾਰੀ ਦੇ ਵਿਕਾਸ ਵਿਚ ਅਹਿਮ ਰੋਲ ਅਦਾ ਕੀਤਾ, ਇਸ ਲਈ ਸੁੱਤੇ ਸਿੱਧ ਇਨ੍ਹਾਂ ਦਾ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਦੇ ਵਿਕਾਸ ਵਿਚ ਅਹਿਮ ਰੋਲ ਰਿਹਾ ਹੈ। ਪੰਜਾਬੀ ਪੱਤਰਕਾਰੀ ਦਾ ਵਿਸ਼ੇਸ਼ ਗੁਣ ਇਹ ਵੀ ਰਿਹਾ ਹੈ ਕਿ ਸਾਹਿਤ ਹਮੇਸ਼ਾ ਇਸ ਦਾ ਅਨਿੱਖੜ ਅੰਗ ਰਿਹਾ ਹੈ। ਪਹਿਲੇ ਦੌਰ ਵਿਚ ਬਹੁਤ ਸਾਰੇ ਪੰਜਾਬੀ ਲੇਖਕ ਪਰਚਿਆਂ ਦੇ ਸੰਪਾਦਕ ਰਹੇ ਤੇ ਪਿਛਲੇ ਦੌਰ ਵਿਚ ਉਹ ਰੋਜ਼ਾਨਾ ਪੰਜਾਬੀ ਅਖ਼ਬਾਰਾਂ ਦੇ ਸੰਪਾਦਕ ਰਹੇ। ਦੋਹਾਂ ਹੀ ਦੌਰਾਂ ਵਿਚ ਉਨ੍ਹਾਂ ਨੇ ਪੰਜਾਬੀ ਸਾਹਿਤਕ ਪੱਤਰਕਾਰੀ ਨੂੰ ਵਿਸ਼ੇਸ਼ ਅਤੇ ਅਹਿਮ ਥਾਂ ਦਿੱਤੀ। ਪੰਜਾਬੀ ਸਾਹਿਤ ਤੇ ਪੱਤਰਕਾਰੀ ਵਿਚਲੀ ਕਲਮ, ਕਾਗਜ਼ ਅਤੇ ਸਿਆਹੀ ਦੀ ਸਾਂਝ ਨੇ ਦੋਹਾਂ ਨੂੰ ਇੱਕ ਦੂਜੇ ਦੇ ਸਮਾਨਾਂਤਰ ਹੀ ਨਹੀਂ ਤੋਰਿਆ ਸਗੋਂ ਪੂਰਕ ਵੀ ਬਣਾਇਆ। ਪੰਜਾਬੀ ਕਹਾਣੀਕਾਰ ਅਤੇ 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਰਹੇ ਗੁਰਬਚਨ ਸਿੰਘ ਭੁੱਲਰ ਦਾ ਸੰਖੇਪ ਕਥਨ ਬਹੁਤ ਭਾਵਪੂਰਤ ਹੈ: "ਸਾਹਿਤ ਅਤੇ ਪੱਤਰਕਾਰੀ ਦੇ ਸ਼ਾਸਤਰ ਦਾ ਸ਼ਸਤਰ ਕਲਮ ਹੈ।" ਪੰਜਾਬੀ ਸਾਹਿਤ ਅਤੇ ਪੱਤਰਕਾਰੀ ਦੀ ਸਾਂਝ ਵਿਚੋਂ ਸਾਹਿਤ ਨੇ ਵੀ ਬਹੁਤ ਕੁਝ ਹਾਸਿਲ ਕੀਤਾ ਹੈ ਤੇ ਪੱਤਰਕਾਰੀ ਨੇ ਵੀ। ਲੰਮੇ ਅਰਸੇ ਤੱਕ ਪੱਤਰਕਾਰੀ ਹੀ ਸਾਹਿਤ ਨੂੰ ਆਮ ਪਾਠਕਾਂ ਤੱਕ ਪਹੁੰਚਾਉਣ ਦਾ ਜ਼ਰੀਆ ਰਹੀ ਅਤੇ ਇਸ ਦੇ ਇਵਜ਼ ਵਿਚ ਸਾਹਿਤ ਤੋਂ ਸੂਹਜ, ਸਹਿਜ ਤੇ ਸੰਜੀਵਤਾ ਅਤੇ ਸੰਵੇਦਨਸ਼ੀਲਤਾ ਦੇ ਗੁਣ ਗ੍ਰਹਿਣ ਕਰਦੀ ਰਹੀ। ਪੰਜਾਬੀ ਅਖ਼ਬਾਰਾਂ ਦੀ ਬਾਕੀ ਸਮੱਗਰੀ ਦੇ ਨਾਲ-ਨਾਲ ਬਹੁਤ ਵਾਰ ਖ਼ਬਰਾਂ ਦੀਆਂ ਸੁਰਖ਼ੀਆਂ ਤੋਂ ਵੀ ਸਾਹਿਤਕ ਸੂਝ, ਸਹਿਜਤਾ ਅਤੇ ਸੂਹਜ ਦੀ ਝਲਕ ਮਿਲਦੀ ਹੈ। ਅੰਗਰੇਜ਼ੀ ਅਤੇ ਕੁਝ ਹੋਰ ਭਾਸ਼ਾਵਾਂ ਦੇ ਅਖ਼ਬਾਰ ਸਾਹਿਤਕ ਰਚਨਾਵਾਂ ਨਹੀਂ ਛਾਪਦੇ ਪਰ ਸਾਹਿਤਕ ਰਚਨਾਵਾਂ ਸਿਰਫ਼ ਮੈਗਜ਼ੀਨਾਂ ਹੀ ਨਹੀਂ ਸਗੋਂ ਪੰਜਾਬੀ ਅਖ਼ਬਾਰਾਂ ਦੇ ਐਤਵਾਰੀ ਅੰਕਾਂ ਦਾ ਅਨਿੱਖੜ ਅੰਗ ਰਹੀਆਂ ਹਨ। ਕਹਾਣੀ ਪਰਚਿਆਂ ਰਾਹੀਂ ਹੀ ਪ੍ਰਵਾਨ ਚੜ੍ਹੀ। ਨਾਵਲਾਂ ਨੂੰ ਕਿਸ਼ਤਾਂ 'ਚ ਛਾਪਣ ਦੀ ਰਵਾਇਤ ਵੀ ਰਹੀ ਹੈ। ਮਿੰਨੀ ਕਹਾਣੀਆਂ ਹਮੇਸ਼ਾ ਅਖ਼ਬਾਰਾਂ ਦੇ ਪੰਨਿਆਂ ਦਾ ਅੰਗ ਰਹੀਆਂ ਹਨ ਤੇ ਅੱਜ ਵੀ ਹਨ। ਨਾਵਲਿਟ ਜਿਹੀ ਨਵੀਂ ਵਿਧਾ ਪ੍ਰਚੱਲਤ ਕਰਨ ਦਾ ਸਿਹਰਾ ਵੀ ਪੰਜਾਬੀ ਪੱਤਰਕਾਰੀ ਸਿਰ ਹੀ ਬੱਝਦਾ ਹੈ। ਮਿਡਲ ਅਜਿਹੀ ਵਿਧਾ ਹੈ ਜਿਸ ਵਿਚ ਕਹਾਣੀ, ਲੇਖ, ਫੀਚਰ ਆਦਿ ਦੇ ਕਈ ਗੁਣ ਹਨ। 'ਪੰਜਾਬੀ ਟ੍ਰਿਬਿਊਨ' ਵਿਚ ਲਗਾਤਾਰ ਛਪਦੇ ਇਨ੍ਹਾਂ ਫੀਚਰ ਲੇਖਾਂ 'ਤੇ ਝਾਤ ਦਰਸਾਉਂਦੀ ਹੈ ਕਿ ਇਹ ਜ਼ਿਆਦਾਤਰ ਆਮ ਪਾਠਕਾਂ ਵੱਲੋਂ ਲਿਖੇ ਜਾਂਦੇ ਹਨ, ਸਥਾਪਤ ਲੇਖਕਾਂ ਵੱਲੋਂ ਨਹੀਂ। ਇਹ ਅਜਿਹੀ ਵਿਧਾ ਹੈ ਜਿਸ ਨੂੰ ਪੜ੍ਹ ਕੇ ਹਰ ਕਿਸੇ ਨੂੰ ਲਗਦਾ ਹੈ ਕਿ "ਅਜਿਹਾ ਤਾਂ ਮੇਰੇ ਨਾਲ ਵੀ ਵਾਪਰਿਆ ਸੀ; ਇਹ ਤਾਂ ਮੈਂ ਵੀ ਲਿਖ ਸਕਦਾ ਹਾਂ।" ਇਸ ਵਿਧਾ ਨੇ ਪੰਜਾਬੀ 'ਚ ਕਈ ਪਾਠਕਾਂ ਨੂੰ ਲਿਖਣ ਦੀ ਚੇਟਕ ਲਾਈ ਹੈ। ਅਸਲ 'ਚ ਪੰਜਾਬ ਦੇ ਵੱਖ-ਵੱਖ ਸਭਿਆਚਾਰਕ ਖਿੱਤਿਆਂ ਦੇ ਪਾਠਕਾਂ ਵੱਲੋਂ ਲਿਖੇ ਜਾਂਦੇ ਲੇਖ ਉਸ ਖਿੱਤੇ ਦੀ ਬੋਲੀ ਅਤੇ ਖਿੱਤਾ ਵਿਸ਼ੇਸ਼ ਸ਼ਬਦਾਂ ਦੀ ਵਰਤੋਂ ਕਰ ਕੇ ਸਾਡੇ ਸ਼ਬਦ ਭੰਡਾਰ 'ਚ ਵਾਧਾ ਕਰਦੇ ਹਨ। ਇਸ ਵੰਨਗੀ ਵਿਚ ਪਾਠਕ ਨੂੰ ਬਹੁਤੀ ਵਾਰ ਉਹ ਸ਼ਬਦ ਪੜ੍ਹਨ ਨੂੰ ਮਿਲ ਜਾਂਦੇ ਹਨ ਜੋ ਬੁੱਧੀਜੀਵੀ, ਪੱਤਰਕਾਰ ਤੇ ਲੇਖਕ ਆਪਣੀਆਂ ਰਚਨਾਵਾਂ ਵਿਚ ਕਦੇ ਨਹੀਂ ਵਰਤਦੇ। ਪਿਛਲੇ ਸਮੇਂ ਦੌਰਾਨ ਪੰਜਾਬੀ ਮੀਡੀਆ ਨੇ ਪੰਜਾਬੀ ਭਾਸ਼ਾ ਹੀ ਨਹੀਂ ਸਗੋਂ ਇਸ ਦਾ ਤਕਨੀਕੀ ਮੁਹਾਂਦਰਾ ਸੰਵਾਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਪੰਜਾਬੀ ਦੇ ਪ੍ਰਿੰਟ ਮੀਡੀਆ ਦੀ ਇਹ ਲੋੜ ਵੀ ਸੀ ਅਤੇ ਉਸ ਕੋਲ ਸਰੋਤ ਵੀ ਸਨ ਜਿਨ੍ਹਾਂ ਨਾਲ ਉਹ ਨਵੀਆਂ ਤਕਨਾਲੋਜੀਆਂ ਖ਼ਰੀਦ ਤੇ ਵਰਤ ਸਕਦਾ ਸੀ। ਛਪਾਈ ਦੇ ਖੇਤਰ ਵਿਚ ਮੀਡੀਆ ਅਦਾਰੇ ਇਸ ਯੋਗ ਸਨ ਕਿ ਕੌਮਾਂਤਰੀ ਪੱਧਰ 'ਤੇ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ, ਸਬੰਧਿਤ ਤਕਨਾਲੋਜੀ ਅਤੇ ਸਾਫਟਵੇਅਰਜ਼ ਖ਼ਰੀਦ ਸਕਦੇ ਸਨ। ਇਉਂ ਹੀ ਛਪਾਈ, ਸਜਾਵਟ, ਦਿੱਖ ਆਦਿ ਸਬੰਧੀ ਕੌਮੀ-ਕੌਮਾਂਤਰੀ ਮਾਹਿਰਾਂ ਦੀ ਮਦਦ ਲੈਣ ਦੇ ਯੋਗ ਮੀਡੀਆ ਅਦਾਰੇ ਹੀ ਸਨ ਅਤੇ ਕੁਝ ਇੱਕ ਨੇ ਅਜਿਹਾ ਕੀਤਾ ਵੀ। ਪੰਜਾਬੀ ਪੱਤਰਕਾਰੀ ਦੀ ਅੰਗਰੇਜ਼ੀ ਅਤੇ ਹਿੰਦੀ ਪੱਤਰਕਾਰੀ ਉਤੇ ਨਿਰਭਰਤਾ ਇਸ ਦੀ ਵੱਡੀ ਵਿਹਾਰਕ ਸੀਮਾ ਅਤੇ ਸਮੱਸਿਆ ਹੈ। ਕਦੇ-ਕਦੇ ਸੂਬਾਈ ਪੱਧਰ ਦੀਆਂ ਕੁਝ ਖ਼ਬਰਾਂ ਵੀ ਅੰਗਰੇਜ਼ੀ ਜਾਂ ਹਿੰਦੀ ਦੀ ਏਜੰਸੀ ਤੋਂ ਅਨੁਵਾਦ ਕਰਨੀਆਂ ਪੈਂਦੀਆਂ ਹਨ ਜਦੋਂਕਿ ਦੇਸ਼-ਦੇਸਾਂਤਰ ਦੀਆਂ ਖ਼ਬਰਾਂ ਲਈ ਇਨ੍ਹਾਂ ਏਜੰਸੀਆਂ 'ਤੇ ਨਿਰਭਰਤਾ ਬਹੁਤ ਜ਼ਰੂਰੀ ਹੋ ਜਾਂਦੀ ਹੈ। ਇੱਕ ਅਨੁਮਾਨ ਅਨੁਸਾਰ, ਪੰਜਾਬੀ ਅਖ਼ਬਾਰਾਂ ਵਿਚ ਲਗਭਗ 50 ਫ਼ੀਸਦੀ ਖ਼ਬਰਾਂ ਅਨੁਵਾਦ ਹੋ ਕੇ ਛਪਦੀਆਂ ਹਨ ਅਤੇ ਕਈ ਸੂਰਤਾਂ ਵਿਚ ਮਿਆਰੀ ਸਮੱਗਰੀ ਲਈ ਲੇਖ ਵੀ ਅਨੁਵਾਦ ਕੀਤੇ ਜਾਂਦੇ ਹਨ। ਇਸ ਲਈ ਜਿਹੜੀ ਸਿਰਜਣਾਤਮਕ ਸ਼ਕਤੀ ਤੇ ਜ਼ੋਰ ਅਖ਼ਬਾਰ 'ਚ ਕੰਮ ਕਰਦੇ ਸਬ-ਐਡੀਟਰ ਨੇ ਵਧੀਆ ਸੁਰਖ਼ੀ ਤੇ ਸਿਰਲੇਖ ਕੱਢਣ ਅਤੇ ਖ਼ਬਰ ਦੀ ਬਣਤਰ ਨੂੰ ਬਿਹਤਰ ਬਣਾਉਣ 'ਤੇ ਲਾਉਣਾ ਹੁੰਦਾ ਹੈ, ਉਹ ਸਾਰੀ ਊਰਜਾ ਅਨੁਵਾਦ 'ਤੇ ਹੀ ਖਰਚ ਹੋ ਜਾਂਦੀ ਹੈ। ਉਂਝ ਇਸ ਪ੍ਰਕਿਰਿਆ ਦੌਰਾਨ ਕਈ ਨਵੇਂ ਸ਼ਬਦ ਹੋਂਦ ਵਿਚ ਆਉਂਦੇ ਹਨ। ਘੜੀ ਦੀਆਂ ਸੂਈਆਂ ਨਾਲ ਬੱਝੀ ਹੋਈ ਪੱਤਰਕਾਰੀ ਕਰਦਿਆਂ ਕਈ ਵਾਰ ਲਗਾਤਾਰ ਚੱਲ ਰਹੀਆਂ ਸੂਈਆਂ ਦੇ ਦਬਾਅ ਹੇਠ ਕੰਮ ਕਰ ਰਿਹਾ ਪੱਤਰਕਾਰ ਸਹਿਜਤਾ ਨਾਲ ਹੀ ਕੋਈ ਨਵਾਂ ਸ਼ਬਦ ਘੜ ਅਤੇ ਵਰਤ ਲੈਂਦਾ ਹੈ। ਪੱਤਰਕਾਰ ਨੇ ਇੱਕ ਪਾਸੇ ਆਪਣੀ ਲੇਖਣੀ ਨੂੰ ਸੰਵਾਰਨਾ, ਦੂਜੇ ਪਾਸੇ ਇਸ ਨੂੰ ਸੀਮਤ ਸਮੇਂ 'ਚ ਮੁਕੰਮਲ ਕਰਨਾ ਹੁੰਦਾ ਹੈ। ਇਉਂ ਪੰਜਾਬੀ ਅਖ਼ਬਾਰਾਂ ਦੇ ਡੈਸਕ ਸਟਾਫ ਨੇ ਇਸ ਸੀਮਾ ਨੂੰ ਸਮਰੱਥਾ ਵਿਚ ਵੀ ਬਦਲਿਆ ਹੈ। ਪੱਤਰਕਾਰੀ ਨੂੰ ਬਹੁਤੀ ਵਾਰੀ ਕਾਹਲੀ ਜਾਂ ਦਬਾਅ ਹੇਠ ਲਿਖਿਆ ਹੋਇਆ ਸਾਹਿਤ ਕਿਹਾ ਜਾਂਦਾ ਹੈ ਜੋ ਹਮੇਸ਼ਾ ਹੀ ਸੱਚ ਰਿਹਾ ਹੈ ਤੇ ਅੱਜ ਵੀ ਹੈ। ਫੀਲਡ ਅਤੇ ਡੈਸਕ, ਦੋਹੀਂ ਥਾਈਂ ਕੰਮ ਕਰਦੇ ਪੱਤਰਕਾਰਾਂ ਦਾ ਸਭ ਤੋਂ ਵੱਡਾ ਦੁਸ਼ਮਣ ਸਾਹਮਣੇ ਕੰਧ 'ਤੇ ਲੱਗੀ ਜਾਂ ਗੁੱਟ 'ਤੇ ਬੰਨ੍ਹੀ ਘੜੀ ਹੁੰਦੀ ਹੈ। ਇੱਕ ਪਾਸੇ ਉਸ ਨੇ ਆਪਣੀ ਲਿਖਤ ਸੰਵਾਰਨੀ ਹੁੰਦੀ ਹੈ, ਦੂਜੇ ਪਾਸੇ ਆਪਣਾ ਕੰਮ ਸੀਮਤ ਸਮੇਂ ਵਿਚ ਮੁਕੰਮਲ ਕਰਨਾ ਹੁੰਦਾ ਹੈ। ਉਸ ਕੋਲ ਕਿਸੇ ਲੇਖਕ ਵਾਂਗ ਆਪਣੀ ਲਿਖਤ ਵਾਰ-ਵਾਰ ਸੋਧਣ ਅਤੇ ਸੰਵਾਰਨ ਲਈ ਸਮੇਂ ਦੀ ਖੁੱਲ੍ਹ ਨਹੀਂ ਹੁੰਦੀ। ਬਹੁਤੀ ਵਾਰ ਉਸ ਦੀ ਲਿਖਤ ਦਾ ਪਹਿਲਾ ਰੂਪ (ਡਰਾਫਟ) ਹੀ ਆਖ਼ਰੀ ਹੁੰਦਾ ਹੈ ਪਰ ਜਦੋਂ ਕਦੇ ਉਸ ਨੂੰ ਅੰਗਰੇਜ਼ੀ ਜਾਂ ਹਿੰਦੀ ਦੇ ਸ਼ਬਦਾਂ ਦੇ ਸਮਾਨਅਰਥੀ ਸ਼ਬਦ ਲੱਭਣ ਦੀ ਕੋਸ਼ਿਸ਼ ਕਰਦਿਆਂ ਢੁਕਵੇਂ ਸ਼ਬਦ ਨਾ ਮਿਲਣ ਤਾਂ ਕਈ ਸੂਰਤਾਂ ਵਿਚ ਉਹ ਨਵੇਂ ਸ਼ਬਦ ਘੜਨ 'ਤੇ ਵੀ ਆਪਣੀ ਊਰਜਾ ਲਗਾ ਦਿੰਦਾ ਹੈ। 'ਅਪਰੇਸ਼ਨ ਬਲੂ ਸਟਾਰ' ਦਾ ਅਨੁਵਾਦ ਸਾਕਾ ਨੀਲਾ ਤਾਰਾ ਕਿਸ ਨੇ ਕੀਤਾ? 'ਬਲੂ ਸਟਾਰ' ਦਾ 'ਨੀਲਾ ਤਾਰਾ' ਮਕਾਨਕੀ ਅਨੁਵਾਦ ਹੈ ਪਰ 'ਸਾਕਾ' ਸ਼ਬਦ ਕਿਵੇਂ ਆਇਆ? 'ਅਪਰੇਸ਼ਨ' ਨੂੰ ਤਾਂ ਅਪਰੇਸ਼ਨ ਹੀ ਹੀ ਲਿਖ ਦਿੱਤਾ ਜਾਂਦਾ ਹੈ। 'ਪੰਜਾਬੀ ਟ੍ਰਿਬਿਊਨ' ਦੇ ਸੰਪਾਦਕ ਰਹੇ ਸੁਰਿੰਦਰ ਸਿੰਘ ਤੇਜ ਨੇ ਆਪਣੀਆਂ ਲਿਖਤਾਂ ਵਿਚ ਅਜਿਹੇ ਸ਼ਬਦਾਂ ਦਾ ਜ਼ਿਕਰ ਕੀਤਾ ਹੈ ਜੋ ਸੰਪਾਦਨ ਪ੍ਰਕਿਰਿਆ ਦੌਰਾਨ ਘੜੇ ਅਤੇ ਵਰਤੇ ਗਏ। ਇਸੇ ਅਖ਼ਬਾਰ 'ਚ ਸਹਾਇਕ ਸੰਪਾਦਕ ਰਹੇ ਮੇਘਾ ਸਿੰਘ ਨੇ ਆਪਣੀ ਪੁਸਤਕ 'ਪੰਜਾਬੀ ਪੱਤਰਕਾਰੀ ਦੇ ਸਾਹਿਤਕ ਸਰੋਕਾਰ ਅਤੇ ਸੀਮਾਵਾਂ' ਵਿਚ ਅਜਿਹੇ ਉਨ੍ਹਾਂ ਦਰਜਨਾਂ ਸ਼ਬਦਾਂ ਦਾ ਵਰਨਣ ਕੀਤਾ ਹੈ ਜੋ ਪੰਜਾਬੀ ਭਾਸ਼ਾ ਨੂੰ ਪੱਤਰਕਾਰੀ ਨੇ ਦਿੱਤੇ ਹਨ। ਡਾ. ਮੇਘਾ ਸਿੰਘ ਨੇ ਵਿਸ਼ੇਸ਼ ਕਰ ਕੇ ਉਨ੍ਹਾਂ ਸ਼ਬਦਾਂ ਦਾ ਜ਼ਿਕਰ ਕੀਤਾ ਹੈ ਜੋ ਵਿਗਿਆਨ, ਤਕਨਾਲੋਜੀ, ਵਪਾਰ, ਸਨਅਤ ਆਦਿ ਅਨੇਕ ਖੇਤਰਾਂ ਦੇ ਕਈ ਨਵੇਂ ਵਰਤਾਰਿਆਂ ਅਤੇ ਕਈ ਹੋਰ ਨਵੇਂ ਖੇਤਰਾਂ ਦੇ ਵਿਕਾਸ ਦੇ ਨਾਲ ਹੋਂਦ ਵਿਚ ਆਉਂਦੇ ਹਨ। ਇਉਂ ਹੀ ਬਹੁਤ ਸਾਰੇ ਮੁਹਾਵਰਿਆਂ ਅਤੇ ਅਖਾਉਤਾਂ ਦੀ ਵਰਤੋਂ ਕਰ ਕੇ ਅਖ਼ਬਾਰਾਂ ਨੇ ਇਨ੍ਹਾਂ ਨੂੰ ਜ਼ਿੰਦਾ ਰੱਖਿਆ ਹੈ ਹਾਲਾਂਕਿ ਇਨ੍ਹਾਂ ਦੀ ਵਰਤੋਂ ਲਗਾਤਾਰ ਘਟ ਰਹੀ ਹੈ। ਅਮਰੀਕਾ ਦੀ ਯੂਨੀਵਰਸਿਟੀ ਆਫ ਮਿਸੂਰੀ ਦੇ 'ਦਿ ਮਿਸੂਰੀ ਗਰੁੱਪ' ਵਜੋਂ ਜਾਣੇ ਜਾਂਦੇ ਪੰਜ ਪ੍ਰੋਫੈਸਰਾਂ ਨੇ ਬਹੁਤ ਵਧੀਆ ਕਿਤਾਬ 'ਨਿਊਜ਼ ਰਿਪੋਰਟਿੰਗ ਐਂਡ ਰਾਈਟਿੰਗ' ਲਿਖਣ ਤੋਂ ਪਹਿਲਾਂ ਸੈਂਕੜੇ ਖ਼ਬਰਾਂ ਤੇ ਲੇਖਾਂ ਦੀ ਚੀਰ-ਫਾੜ ਕੀਤੀ ਅਤੇ ਫਿਰ ਅਲੱਗ-ਅਲੱਗ ਦਰਜਨਾਂ ਪੁਜ਼ੀਸ਼ਨਾਂ 'ਤੇ ਕੰਮ ਕਰਦੇ ਸੀਨੀਅਰ ਪੱਤਰਕਾਰਾਂ ਨੂੰ ਜਦੋਂ ਪੁੱਛਿਆ ਕਿ ਉਹ ਯੂਨੀਵਰਸਿਟੀਆਂ ਦੇ ਮੀਡੀਆ ਵਿਭਾਗਾਂ ਤੋਂ ਕਿਹੋ ਜਿਹੇ ਪੱਤਰਕਾਰ ਪੈਦਾ ਕੀਤੇ ਜਾਣ ਦੀ ਇੱਛਾ ਰੱਖਦੇ ਹਨ ਤਾਂ ਉਨ੍ਹਾਂ ਕਿਹਾ, "ਸਾਨੂੰ ਉਹ ਪੱਤਰਕਾਰ ਦਿਓ ਜੋ ਮੁਕੰਮਲ ਰਿਪੋਰਟ ਦੇ ਸਕਣ ਅਤੇ ਉਨ੍ਹਾਂ ਦੀ ਲਿਖਤ 'ਚ ਸਪਸ਼ਟਤਾ ਹੋਵੇ। ਜੇ ਲੋੜ ਪਈ ਤਾਂ ਤਕਨਾਲੋਜੀ ਦੀ ਵਰਤੋਂ ਅਸੀਂ ਉਨ੍ਹਾਂ ਨੂੰ ਆਪੇ ਸਿਖਾ ਲਵਾਂਗੇ"

☛ ਬਾਕੀ ਅਗਲੇ ਸਫ਼ੇ 'ਤੇ



# ਜੰਗੀ ਅਪਰਾਧ ਤੇ ਹਮਲੇ ਬਨਾਮ ਮਨੁੱਖਤਾ ਦਾ ਘਾਣ

**ਲੇਖਕ : ਦਰਬਾਰਾ ਸਿੰਘ ਕਾਹਲੋਂ**

ਪੂਰੀ ਆਧੁਨਿਕ ਮਾਨਵ ਜਾਤੀ ਅਤੇ ਵਿਸ਼ੇਸ਼ ਕਰਕੇ ਯਹੂਦੀ ਰਾਜ ਇਜ਼ਰਾਇਲ ਲਈ ਕਿੰਨੀ ਸ਼ਰਮ ਵਾਲੀ ਗੱਲ ਹੈ। ਕਿ ਇਜ਼ਰਾਇਲ ਅੰਦਰ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਸਰਕਾਰ 7 ਅਕਤੂਬਰ, 2023 ਨੂੰ ਇਸ ਦੇਸ਼ ਅੰਦਰ ਹਮਾਸ ਲੜਾਕੂਆਂ ਦੀ ਕਾਰਵਾਈ ਬਾਅਦ ਆਏ ਦਿਨ ਜ਼ਮੀਨੀ ਅਤੇ ਹਵਾਈ ਹਮਲਿਆਂ ਵਿੱਚ ਗਾਜ਼ਾ ਪੱਟੀ, ਵੈਸਟ ਬੈਂਕ ਅਤੇ ਲਿਬਨਾਨ ਅੰਦਰ ਹਸਪਤਾਲਾਂ, ਸਕੂਲਾਂ, ਇਬਾਦਤਗਾਹਾਂ, ਸਿਵਲੀਅਨ ਰਿਹਾਇਸ਼ਗਾਹਾਂ ਅਤੇ ਪਨਾਹਗਾਹਾਂ ਵਿਖੇ ਸੈਂਕੜੇ ਲੋਕਾਂ ਦਾ ਘਾਤ ਕਰ ਰਹੀ ਹੈ, ਜਿਨ੍ਹਾਂ ਵਿੱਚ ਬੱਚੇ, ਬੁੱਢੇ, ਨੌਜਵਾਨ, ਗਰਭਵਤੀ ਔਰਤਾਂ ਅਤੇ ਮਰੀਜ਼ ਸ਼ਾਮਿਲ ਹਨ। ਹੁਣ ਤਕ 50 ਹਜ਼ਾਰ ਬੇਗੁਨਾਹ ਲੋਕਾਂ ਦੇ ਘਾਤ ਦੇ ਬਾਵਜੂਦ ਵੀ ਉਸਦਾ ਨਿਸ਼ਾਨਾ ਜਦੋਂ ਪੂਰਾ ਨਹੀਂ ਹੋਇਆ ਤਾਂ ਉਹ ਬੂਬੀ ਟਰੈਪ ਇਲੈਕਟ੍ਰਾਨਿਕ ਹਮਲਿਆਂ 'ਤੇ ਉੱਤਰ ਆਇਆ ਹੈ, ਜੋ ਨਿਰੋਲ ਘਿਨਾਉਣੇ ਜੰਗੀ ਅਪਰਾਧ ਹਨ।

ਇਜ਼ਰਾਇਲ ਹਿਟਲਰ ਵੱਲੋਂ ਦੂਸਰੀ ਵਿਸ਼ਵ ਜੰਗ ਵਿੱਚ ਮਾਰੇ ਗਏ 6 ਮਿਲੀਅਨ ਯਹੂਦੀਆਂ ਦੀ ਵੇਦਨਾ ਅਤੇ ਕੁਰਲਾਹਟ ਭੁੱਲ ਗਿਆ। ਕੌਮਾਂਤਰੀ ਅਦਾਲਤ ਵੱਲੋਂ ਨਿਊਰੇਮਬਰਗ ਵਿਖੇ ਦੋਸ਼ੀ ਨਾਜ਼ੀਆਂ ਅਤੇ ਹਮਜੋਲੀਆਂ 'ਤੇ ਚਲਾਏ ਗਏ ਜੰਗੀ ਅਪਰਾਧਿਕ ਕੇਸਾਂ ਦੀ ਦਾਸਤਾਨ ਸ਼ਾਇਦ ਭੁੱਲ ਗਿਆ ਹੈ। ਹੈਰਾਨਗੀ ਇਸ ਗੱਲ ਦੀ ਵੀ ਹੈ ਕਿ ਯੂ. ਐਨ. ਸੁਰੱਖਿਆ ਕੌਂਸਲ ਅਜੇ ਤਕ ਗੋਲੀਬੰਦੀ ਕਰਾਉਣ ਵਿੱਚ ਨਾਕਾਮ ਰਹੀ ਹੈ। ਜਦੋਂ ਅਮਰੀਕਾ ਵਰਗੀ ਮਹਾ ਸ਼ਕਤੀ ਇਜ਼ਰਾਇਲ ਦੀ ਪਿੱਠ 'ਤੇ ਹੈ ਤਾਂ ਚੀਨ, ਰੂਸ, ਭਾਰਤ, ਜਪਾਨ, ਬ੍ਰਾਜ਼ੀਲ ਵਰਗੇ ਦੇਸ਼ ਸਮੂਹ ਵਿਸ਼ਵ ਭਾਈਚਾਰੇ ਸਮੇਤ ਮੂਕ ਦਰਸ਼ਕ ਬਣੇ ਪਏ ਹਨ।

**ਵਾਰੰਟ:** ਜੰਗੀ ਅਪਰਾਧਾਂ ਕਰਕੇ ਪਹਿਲਾਂ ਹੀ ਕੌਮਾਂਤਰੀ ਅਪਰਾਧ ਅਦਾਲਤ ਵੱਲੋਂ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਰੱਖਿਆ ਮੰਤਰੀ ਯੋਅ ਗਾਲੰਟ ਵਿਰੁੱਧ ਜੰਗੀ ਅਪਰਾਧ ਅੰਜਾਮ ਦੇਣ ਦੇ ਸਬੂਤਾਂ ਨੂੰ ਲੈ ਕੇ ਵਾਰੰਟ ਜਾਰੀ ਹੋ ਚੁੱਕੇ ਹਨ। ਉਨ੍ਹਾਂ ਉੱਤੇ ਸਿਵਲੀਅਨਾਂ ਨੂੰ ਭੁੱਖ ਨਾਲ ਮਾਰਨ ਦੇ ਦੋਸ਼ ਵੀ ਲੱਗੇ ਹੋਏ ਹਨ।

## ਬੂਬੀ ਟਰੈਪ ਹਮਲੇ:

ਜੰਗੀ ਅਪਰਾਧਾਂ ਦੀ ਇੰਤਿਹਾ ਵੱਲ ਵਧਦਿਆਂ 17 ਸਤੰਬਰ, 2024 ਨੂੰ ਬੂਬੀ ਟਰੈਪ ਹਮਲਿਆਂ ਵਿੱਚ ਲੈਬਨਾਨ ਅਤੇ ਸੀਰੀਆ ਵਿੱਚ ਹਿਜ਼ਬੁਲਾ ਲੜਾਕੂਆਂ ਦੇ 12 ਲੋਕ ਮਾਰ ਦਿੱਤੇ, ਜਿਨ੍ਹਾਂ ਵਿੱਚ ਇੱਕ ਨੌਂ ਸਾਲਾਂ ਦੀ ਲੜਕੀ ਅਤੇ 11 ਸਾਲਾਂ ਦਾ ਲੜਕਾ ਵੀ ਸ਼ਾਮਿਲ ਹਨ। ਇਸ ਤੋਂ ਇਲਾਵਾ 2800 ਲੋਕ ਜ਼ਖ਼ਮੀ ਹੋ ਗਏ। ਅਗਲੇ ਦਿਨ 18 ਸਤੰਬਰ ਨੂੰ ਤਿੰਨ ਹਿਜ਼ਬੁਲਾ ਲੜਾਕੂਆਂ ਦੇ ਅੰਤਿਮ ਸਸਕਾਰ ਵੇਲੇ ਬੂਬੀ ਟਰੈਪ ਹਮਲੇ ਵਿੱਚ 25 ਲੋਕ ਮਾਰੇ ਗਏ, 450 ਦੇ ਕਰੀਬ ਜ਼ਖ਼ਮੀ ਹੋ ਗਏ। ਇਸ 'ਤੇ ਹਿਜ਼ਬੁਲਾ ਲੜਾਕੂ ਸੰਗਠਨ ਦੇ ਸਕੱਤਰ ਜਨਰਲ ਹਸਨ ਨਸਰਾਲਾ ਵੱਲੋਂ ਦਿੱਤੀ ਚਿਤਾਵਨੀ ਕਿ ਇਨ੍ਹਾਂ ਹਮਲਿਆਂ ਦਾ ਭਿਆਨਕ ਤਾਬੜਤੋੜ ਅਤੇ ਸਹੀ ਇਨਸਾਫ ਕਰਨ ਵਾਲੀ ਸਜ਼ਾ ਦੇਣ ਵਾਲਾ ਜਵਾਬ ਦਿੱਤਾ ਜਾਵੇਗਾ।

ਇਸ ਬਿਆਨ ਬਾਅਦ ਵੀਰਵਾਰ 19 ਸਤੰਬਰ ਰਾਤ ਨੂੰ ਇਜ਼ਰਾਇਲ ਦੀ ਫੌਜ ਆਈਡੀਐੱਫ ਨੇ 52 ਹਵਾਈ ਹਮਲੇ ਅੰਜਾਮ ਦਿੱਤੇ। ਇਹ ਸਭ ਮਿਥੇ ਨਿਸ਼ਾਨਿਆਂ 'ਤੇ ਸੰਪੂਰਨ ਤੌਰ 'ਤੇ ਚੋਟ ਮਾਰਦੇ ਮਾਰੂ ਹਮਲੇ ਸਨ। ਇਨ੍ਹਾਂ ਵਿੱਚ ਹਿਜ਼ਬੁਲਾ ਲੜਾਕੂ ਸੰਗਠਨ ਦਾ ਬਹੁਤ ਵੱਡਾ ਨੁਕਸਾਨ ਹੋਇਆ। ਇਸ ਵਿੱਚ ਸੀਨੀਅਰ ਲੜਾਕੂ ਕਮਾਂਡਰਾਂ ਨਾਲ ਮੀਟਿੰਗ ਕਰ ਰਿਹਾ ਰੈਡਵਾਂ ਫੋਰਸ ਦਾ ਐਕਟਿੰਗ ਕਮਾਂਡਰ ਇਬਰਾਹੀਮ ਅਕੀਲ 12 ਵਿਅਕਤੀਆਂ ਸਮੇਤ ਮਾਰਿਆ ਗਿਆ, 59 ਲੋਕ ਜ਼ਖ਼ਮੀ ਹੋਏ। ਸਤੰਬਰ 20, 1983 ਵਿੱਚ ਆਤਮਘਾਤੀ ਬੰਬਰਾਂ ਨਾਲ 241 ਅਮਰੀਕੀ ਮੈਰੀਨ ਮਾਰਨ ਦਾ ਮੁੱਖ ਮਾਸਟਰਮਾਈਂਡ ਇਹੀ ਵਿਅਕਤੀ ਸੀ, ਜਿਸਦੇ ਸਿਰ ਦਾ ਇਨਾਮ ਅਮਰੀਕਾ ਵੱਲੋਂ 7 ਮਿਲੀਅਨ ਡਾਲਰ ਰੱਖਿਆ ਹੋਇਆ ਸੀ। ਇਸੇ ਰਾਤ ਪੱਛਮੀ ਕਿਨਾਰੇ 'ਤੇ ਇਜ਼ਰਾਇਲ ਫੌਜੀ ਹਮਲੇ ਵਿੱਚ 7 ਫਲਸਤੀਨੀ ਕਿਊਬੱਤੀਆ ਕਸਬੇ ਵਿੱਚ ਮਾਰੇ ਗਏ। ਉਨ੍ਹਾਂ ਦੀਆਂ ਲਾਸ਼ਾਂ ਛੱਤ ਤੋਂ ਥੱਲੇ ਸੁੱਟਦੇ ਜੰਗੀ ਅਪਰਾਧ ਅੰਜਾਮ ਦਿੰਦੇ ਇਜ਼ਰਾਇਲੀ ਫੌਜੀ ਵੇਖੇ ਗਏ।

ਇਸ ਸਾਲ ਜਨਵਰੀ ਵਿੱਚ ਇੱਕ ਟਾਰਗੈਟ ਹਵਾਈ ਹਮਲੇ ਵਿੱਚ ਹਮਾਸ ਦਾ ਡਿਪਟੀ ਲੀਡਰ ਸਾਲੇਹ ਅੱਲ ਅਰੋਰੀ ਇਜ਼ਰਾਇਲੀ ਹਵਾਈ ਹਮਲੇ ਵਿੱਚ ਬੈਰੂਤ (ਲੈਬਨਾਨ) ਵਿਖੇ ਮਾਰਿਆ ਗਿਆ। ਇਸੇ ਸਾਲ ਜੁਲਾਈ ਵਿੱਚ ਹਿਜ਼ਬੁਲਾ ਮਿਲਟਰੀ ਕਮਾਂਡਰ ਫੁਆਦ ਸ਼ੁਕਰ ਮਾਰਿਆ ਗਿਆ। ਅਗਸਤ ਵਿੱਚ ਇਰਾਨ ਦੀ ਰਾਜਧਾਨੀ ਤਹਿਰਾਨ ਵਿਖੇ ਇੱਕ ਰਿਹਾਇਸ਼ੀ ਇਲਾਕੇ ਵਿੱਚ ਹਮਾਸ ਆਗੂ ਇਸਮਾਈਲ ਹਾਨੀਯੇਹ ਇਸਰਾਈਲੀ ਬੰਬਾਰੀ ਵਿੱਚ ਮਾਰਿਆ ਗਿਆ। ਸਕੱਤਰ ਜਨਰਲ ਨਸਰਾਲਾ ਦਾ ਕਹਿਣਾ ਹੈ ਕਿ ਇਜ਼ਰਾਇਲ ਟਾਰਗੈਟ ਹਮਲਿਆਂ ਵਿੱਚ ਸਾਡੇ ਕਮਾਂਡਰਾਂ ਨੂੰ ਇੱਕ-ਇੱਕ ਕਰਕੇ ਨਿਸ਼ਾਨਾ ਬਣਾ ਰਿਹਾ ਹੈ।

## ਕੀ ਹਨ ਬੂਬੀ ਟਰੈਪ ਹਮਲੇ?

ਇਹ ਜੰਗੀ ਅਪਰਾਧਾਂ ਨਾਲ ਜੁੜੀ ਤਕਨੀਕ ਬੂਬੀ ਟਰੈਪ ਕੋਈ ਨਵੀਂ ਨਹੀਂ ਹੈ। ਇਨ੍ਹਾਂ ਬਾਰੇ 300 ਪੰਨਿਆਂ ਦਾ ਇੱਕ ਪੇਪਰ ਫੀਲਡ ਮੈਨੂਅਲ 5-31 ਅਮਰੀਕੀ ਫੌਜੀ ਵਿਭਾਗ) ਵੱਲੋਂ ਸੰਨ 1965 ਵਿੱਚ ਛਾਪਿਆ ਗਿਆ ਸੀ ਜਿਸ ਅਨੁਸਾਰ ਟੈਲੀਫੋਨ, ਭਾਂਡੇ, ਕੇਤਲੀਆਂ, ਟੀ.ਵੀ. ਸੈੱਟ, ਬਿਸਤਰੇ ਆਦਿ ਵਿਸਫੋਟਿਕ ਵਸਤਾਂ ਵਜੋਂ ਬਦਲ ਕੇ ਹਿੱਟ ਕੀਤੇ ਜਾ ਸਕਦੇ ਹਨ। ਫੌਜੀਆਂ ਦੇ ਹੈਂਡਸੈੱਟ ਵੀ ਇਨ੍ਹਾਂ ਵਿੱਚ ਸ਼ਾਮਿਲ ਸਨ। ਦੂਸਰੇ ਵਿਸ਼ਵ ਯੁੱਧ ਵਿੱਚ ਅਜਿਹੇ ਯੰਤਰਾਂ ਦਾ ਨਿਰਮਾਣ ਕੀਤਾ ਗਿਆ ਜੋ ਇਨ੍ਹਾਂ ਨੂੰ ਡੈਟੋਨੇਟ ਕਰਕੇ ਵਿਸਫੋਟ ਕਰਨ ਵਿੱਚ ਸਹਾਈ ਹੁੰਦੇ ਸਨ। ਸੰਨ 1966 ਵਿੱਚ ਟੀਐੱਮ 31-200-1 ਫੌਜੀ ਦਸਤਾਵੇਜ਼ ਅਨੁਸਾਰ ਕੰਨਾਂ ਨੂੰ ਲਗਾਏ ਜਾਣ ਵਾਲੇ ਯੰਤਰ, ਟੈਲੀਫੋਨ ਸੈੱਟ ਆਦਿ ਵਿਸਫੋਟ ਕੀਤੇ ਜਾ ਸਕਦੇ ਹਨ।

ਸੰਨ 2010 ਵਿੱਚ ਅੱਲ ਕਾਇਦਾ ਸੰਬੰਧੀ ਮੈਗਜ਼ੀਨ ਵਿੱਚ ਵਿਸਫੋਟਿਕ ਵਿਭਾਗ ਨਾਲ ਸੰਬੰਧਿਤ ਇਕਰਮਾ ਅੱਲ ਮੁਨੀਰ ਨੇ ਨੋਕੀਆ ਸੈੱਲ ਫੋਨ ਰਾਹੀਂ ਵਿਸਫੋਟ ਯੰਤਰ ਏਅਰਪੋਰਟ ਸੁਰੱਖਿਆ ਨੂੰ ਚਕਮਾ ਦੇਣ ਵਾਲੀ ਤਕਨੀਕ ਨਾਲ ਕਿਧਰੇ ਵੀ ਲਿਜਾਏ ਜਾਣ ਦਾ ਖੁਲਾਸਾ ਕੀਤਾ।

ਸੰਨ 2023 ਵਿੱਚ ਇਕੁਆਡੋਰ ਪੱਤਰਕਾਰ ਨੇ ਬੂਬੀ ਟਰੈਪਡ ਯੂਐੱਸਬੀ ਸਲਾਖਾਂ ਰਾਹੀਂ ਕੰਪਿਊਟਰ ਵਿਸਫੋਟ ਕਰਕੇ ਟੈਲੀਵਿਜ਼ਨ ਪ੍ਰਸਾਰਨ ਕਰਤਾ ਜ਼ਖ਼ਮੀ ਕਰ ਦਿੱਤਾ ਸੀ।

17-18 ਸਤੰਬਰ ਨੂੰ ਬੇਰੂਤ, ਸਾਰੇ ਲੈਬਨਾਨ, ਸੀਰੀਆ ਵਿੱਚ 3000 ਪੇਜਰ, ਵਾਕੀ-ਟਾਕੀ, ਸੋਲਰ ਯੰਤਰ, ਹੈਂਡਸੈੱਟ ਹਸਪਤਾਲਾਂ, ਸਟੋਰਾਂ, ਸਿਵਲੀਅਨ ਥਾਵਾਂ 'ਤੇ ਵੀ ਹਿਜ਼ਬੁਲਾ ਲੜਾਕੂਆਂ ਇਲਾਵਾ ਹਿੱਟ ਕੀਤੇ। ਇਸ ਵਿੱਚ ਮਿਲਟਰੀ ਗਰੇਡ ਪਲਾਸਟਿਕ ਵਿਸਫੋਟਿਕ ਵਰਤੇ ਗਏ ਜੋ ਇਜ਼ਰਾਇਲੀ ਫਰੰਟ ਕੰਪਨੀ ਨੇ ਤਿਆਰ ਕੀਤੇ ਸਨ, ਜਿਨ੍ਹਾਂ ਦਾ ਸੰਬੰਧ ਯੂਰਪੀਨ ਕੰਪਨੀਆਂ ਨਾਲ ਵੀ ਹੈ। ਇਹ ਵਪਾਰਕ ਵਿਸਫੋਟ ਯੰਤਰ ਨਹੀਂ ਹਨ। ਇਹ ਵਿਅਕਤੀ ਦੇ ਸਿਰ ਜਾਂ ਧੜ ਨੂੰ ਜ਼ਖ਼ਮੀ ਕਰ ਦਿੰਦੇ ਹਨ, ਜਿਨ੍ਹਾਂ ਨਾਲ ਵਿਅਕਤੀ ਮਰ ਵੀ ਸਕਦਾ ਹੈ। ਵਾਕੀ-ਟਾਕੀ ਸੈੱਟਾਂ ਰਾਹੀਂ 70 ਥਾਵਾਂ 'ਤੇ ਅੱਗ ਲੱਗੀ। ਇਨ੍ਹਾਂ ਵਿੱਚ ਨਿੱਜੀ ਘਰ ਵੀ ਸ਼ਾਮਿਲ ਸਨ। ਇਨ੍ਹਾਂ ਨਾਲ ਕਾਰਾਂ ਅਤੇ ਮੋਟਰਸਾਈਕਲਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਹਸਪਤਾਲਾਂ ਵਿੱਚ ਡਾਕਟਰਾਂ ਨੇ ਦੱਸਿਆ ਕਿ ਕਈ ਜ਼ਖ਼ਮੀਆਂ ਦੀਆਂ ਅੱਖਾਂ, ਹੱਥ, ਬਾਹਾਂ, ਉਂਗਲਾਂ ਉਡ ਗਈਆਂ।

**ਚੁੱਪ:** ਹੈਰਾਨਗੀ ਇਸ ਗੱਲ ਦੀ ਹੈ ਕਿ ਇਨ੍ਹਾਂ ਅਪਰਾਧਿਕ ਕਾਰਨਾਮਿਆਂ ਦੀ ਜ਼ਿੰਮੇਵਾਰੀ ਅਜੇ ਤਕ ਤਾਂ ਇਜ਼ਰਾਇਲੀ ਸਰਕਾਰ, ਫੌਜ ਜਾਂ ਖੁਫ਼ੀਆ ਏਜੰਸੀ ਮੋਸਾਦ ਨੇ ਲਈ ਹੈ, ਲੇਕਿਨ ਇਸ ਕਿਸਮ ਦੇ ਜੰਗੀ ਅਪਰਾਧਾਂ ਲਈ ਕੌਮਾਂਤਰੀ ਕਾਨੂੰਨ ਮਾਹਿਰਾਂ ਅਨੁਸਾਰ ਇਜ਼ਰਾਇਲੀ ਫੌਜ ਅਤੇ ਸਰਕਾਰ ਨੂੰ ਜ਼ਿੰਮੇਵਾਰ ਤਾਂ ਠਹਿਰਾਇਆ ਜਾਵੇਗਾ, ਇਸ ਨਾਲ ਅਮਰੀਕਾ, ਜੋ ਇਸਦੀ ਪਿੱਠ 'ਤੇ ਹੈ ਅਤੇ ਵੱਡਾ ਹਥਿਆਰ ਸਪਲਾਈ ਕਰਨ ਵਾਲਾ ਦੇਸ਼ ਹੈ, ਵੀ ਜ਼ਿੰਮੇਵਾਰ ਠਹਿਰਾਇਆ ਜਾਵੇਗਾ।

ਰਾਸ਼ਟਰਪਤੀ ਬਰਾਕ ਓਬਾਮਾ ਕਾਲ ਵੇਲੇ ਗ੍ਰਹਿ ਵਿਭਾਗ ਦੇ ਕਾਨੂੰਨੀ ਸਲਾਹਕਾਰ ਰਹੇ ਬਰਾਇਨ ਫਾਈਨਕੈਨ, ਜੋ ਕੌਮਾਂਤਰੀ ਸੰਕਟ ਗਰੁੱਪ ਦੇ ਇਸ ਵੇਲੇ ਸੀਨੀਅਰ ਸਲਾਹਕਾਰ ਵੀ ਹਨ, ਦਾ ਕਹਿਣਾ ਹੈ ਕਿ ਅਮਰੀਕਾ ਇਜ਼ਰਾਇਲੀ ਜੰਗ ਦਾ ਭਾਗੀਦਾਰ ਹੈ, ਸੋ ਅਪਰਾਧਿਕ ਦੋਸ਼ ਤੋਂ ਨਹੀਂ ਬਚ ਸਕਦਾ। ਕੀ ਅਮਰੀਕਾ ਦੱਸੇਗਾ ਕਿ ਇਜ਼ਰਾਇਲ ਸਿਵਲੀਅਨਾਂ ਨੂੰ ਮਾਰਨ ਤੋਂ ਤੋਬਾ ਕਰੇਗਾ?

ਕੀ ਉਹ ਅੰਦਾਜ਼ਾ ਨਹੀਂ ਲਗਾ ਸਕਦਾ ਕਿ ਅਜਿਹੀ ਜੰਗ ਨਾਲ ਵੱਡੇ ਪੱਧਰ 'ਤੇ ਸਿਵਲੀਅਨ ਨਿਸ਼ਾਨ ਬਣਨਗੇ? ਕੀ ਉਸ ਨੂੰ ਅੰਦਾਜ਼ਾ ਨਹੀਂ ਕਦੋਂ ਤੇ ਕਿਵੇਂ ਕਿਨ੍ਹਾਂ ਲਈ ਬੂਬੀ ਟਰੈਪ ਯੰਤਰ ਵਰਤੇ ਜਾਣਗੇ? ਇਜ਼ਰਾਇਲ ਨੂੰ ਆਪਣੀ ਸੁਰੱਖਿਆ ਦਾ ਪੂਰਾ ਹੱਕ ਹੈ, ਪਰ ਅਪਰਾਧਿਕ ਕਾਰਵਾਈਆਂ ਲਈ ਕੋਈ ਕੌਮਾਂਤਰੀ ਕਾਨੂੰਨ ਇਜਾਜ਼ਤ ਨਹੀਂ ਦਿੰਦਾ, ਜੋ ਉਹ ਲਗਾਤਾਰ ਕਰਦਾ ਆ ਰਿਹਾ ਹੈ। ਜੇ ਅਮਰੀਕਾ ਉਸ ਨੂੰ ਨਹੀਂ ਵਰਜਦਾ ਤਾਂ ਮੱਧ ਏਸ਼ੀਆ ਵਿੱਚ ਲਗਾਇਆ ਜਾ ਰਿਹਾ ਲਾਂਬੂ ਉਸ ਲਈ ਘਾਤਿਕ ਸਿੱਧ ਹੋ ਸਕਦਾ ਹੈ। ਉਸ ਨੂੰ ਤਾਂ ਸੰਨ 1996 ਤੋਂ ਪਤਾ ਹੈ ਜਦੋਂ ਬੂਬੀ ਟਰੈਪ ਰਾਹੀਂ ਗਾਜ਼ਾ ਅੰਦਰ ਘਰ ਵਿੱਚ ਇਜ਼ਰਾਇਲ ਨੇ ਹਮਾਸ ਲਈ ਬੰਬ ਬਣਾਉਣ ਵਾਲਾ ਸ਼ਖ਼ਸ ਯਾਹੀਆ ਅਯਾਸ਼ ਮਾਰਿਆ ਸੀ।

**ਜ਼ਬੂਲਾ:** ਹਿਜ਼ਬੁਲਾ ਲੜਾਕੂ ਸੰਗਠਨ ਸੰਨ 1982 ਵਿੱਚ ਇਜ਼ਰਾਇਲੀ ਹਮਲੇ ਦੇ ਮੁਕਾਬਲੇ ਲਈ ਗਠਤ ਕੀਤਾ ਸੀ। ਇਸ ਨੂੰ ਈਰਾਨ, ਹਾਊਥੀ ਲੜਾਕੂਆਂ ਅਤੇ ਹਮਾਸ ਦੀ ਹਿਮਾਇਤ ਹਾਸਿਲ ਹੈ। ਸੰਨ 1985 ਵਿੱਚ ਇਸ ਨੇ ਵਿਧੀਵਤ ਤੌਰ 'ਤੇ ਆਪਣਾ ਮੈਨੀਫੈਸਟੋ ਜਾਰੀ ਕੀਤਾ ਸੀ। ਇਸ ਕੋਲ ਇਸ ਵੇਲੇ ਇੱਕ ਲੱਖ ਲੜਾਕੂ ਮੌਜੂਦ ਹਨ। ਇਸਦਾ ਗੁਪਤਚਰ ਵਿਭਾਗ ਇਸਦੀ ਸਥਾਪਨਾ ਬਾਅਦ ਪਹਿਲੀ ਵਾਰ ਇਜ਼ਰਾਇਲੀ ਬੂਬੀ ਟਰੈਪ ਹਮਲੇ ਦੀ ਜਾਣਕਾਰੀ ਪ੍ਰਾਪਤ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਰਿਹਾ। ਇਸ ਵੱਲੋਂ ਤਾਈਵਾਨ ਕੰਪਨੀ ਗੋਲਡ ਅਪੋਲੋ ਵੱਲੋਂ ਮੰਗਵਾਏ 5000 ਪੇਜਰ, ਵਾਕੀ-ਟਾਕੀ ਅਤੇ ਹੈਂਡ ਸੈੱਟ ਦੀ ਜਾਣਕਾਰੀ ਖੁਫ਼ੀਆ ਤੌਰ 'ਤੇ ਇਜ਼ਰਾਇਲ ਨੇ ਪ੍ਰਾਪਤ ਕਰ ਲਈ ਅਤੇ ਇਹ ਵੀ ਕਿ ਇਨ੍ਹਾਂ ਵਿੱਚ ਤਿੰਨ ਗ੍ਰਾਮ ਵਿਸਫੋਟਿਕ ਪਦਾਰਥ ਫਿੱਟ ਹੈ। ਤਾਂਹੀਓਂ ਇੰਡੇ ਵੱਡੇ ਪੱਧਰ 'ਤੇ ਉਹ ਕਾਰਵਾਈ ਕਰਨ ਵਿੱਚ ਸਫਲ ਹੋਇਆ। ਚਿੰਤਾਜਨਕ ਗੱਲ ਇਹ ਵੀ ਹੈ ਕਿ ਇਜ਼ਰਾਇਲੀ ਸਾਬਕਾ ਉਪ ਸੁਰੱਖਿਆ ਸਲਾਹਕਾਰ ਚੱਕ ਫਰੀਲਿਚ ਦਾ ਕਹਿਣਾ ਹੈ ਕਿ ਇਹ ਤਾਂ ਇੱਕ ਸ਼ੁਰੂਆਤ ਹੈ, ਉਨ੍ਹਾਂ ਕੋਲ 100 ਕਿਸਮ ਦੇ ਅਜਿਹੇ ਹਮਲਿਆਂ ਦਾ ਪ੍ਰਬੰਧ ਹੈ।

ਸਮੁੱਚੇ ਵਿਸ਼ਵ ਭਾਈਚਾਰੇ, ਅਮਰੀਕਾ ਸਮੇਤ ਸਰਮਾਏਦਾਰ ਦੇਸ਼ਾਂ ਅਤੇ ਇਨ੍ਹਾਂ ਦੀ ਰਖੇਲ ਯੂ.ਐਨ ਸੰਸਥਾ ਨੂੰ ਇਜ਼ਰਾਇਲ ਦੀ ਮਾਰੂ ਅਪਰਾਧਿਕ ਜੰਗ ਅਤੇ ਵਿਸ਼ਵ ਨੂੰ ਕਿਸੇ ਵੱਡੀ ਭਿਆਨਕ ਜੰਗ ਵਿੱਚ ਝੋਕਣ ਪ੍ਰਤੀ ਮੂਕ ਦਰਸ਼ਕ ਨਹੀਂ ਬਣਨਾ ਚਾਹੀਦਾ, ਬਲਕਿ ਤਕੜੀ ਕਾਰਵਾਈ ਅੰਜਾਮ ਦਿੰਦੇ ਹੋਏ ਪੱਕੇ ਪੈਰੀਂ ਹੋ ਕੇ ਰੋਕਣਾ ਚਾਹੀਦਾ ਹੈ।

ਪਿਛਲੇ ਸਫ਼ੇ ਦਾ ਬਾਕੀ

ਪਰ ਮੀਡੀਆ ਅਦਾਰਿਆਂ ਅਤੇ ਪੱਤਰਕਾਰੀ ਤੇ ਜਨ-ਸੰਚਾਰ ਵਿਭਾਗਾਂ 'ਚ ਜਿਉਂ ਹੀ ਕੰਪਿਊਟਰ ਅਤੇ ਡੀ.ਟੀ.ਪੀ. ਸ਼ੁਰੂ ਹੋ ਗਿਆ ਤਾਂ ਸਾਰਾ ਧਿਆਨ ਤਕਨਾਲੋਜੀ ਵਾਲੇ ਪਾਸੇ ਹੋ ਗਿਆ ਤੇ ਭਾਸ਼ਾ ਦੀ ਸਹੀ ਵਰਤੋਂ ਕਰਨ ਵੱਲੋਂ ਹਟ ਗਿਆ। ਪੱਤਰਕਾਰੀ ਦੇ ਬਹੁਤ ਸਾਰੇ ਵਿਦਿਆਰਥੀਆਂ ਦਾ ਝੁਕਾਅ ਵੀ ਢੁਕਵੀਂ, ਦਰੁਸਤ, ਠੁੱਕਦਾਰ, ਰਵਾਨੀ ਭਰਪੂਰ ਅਤੇ ਅਸਰਦਾਇਕ ਭਾਸ਼ਾ ਦੀ ਵਰਤੋਂ ਤੋਂ ਹਟ ਕੇ ਕੰਪਿਊਟਰ ਅਤੇ ਟੈਲੀਵਿਜ਼ਨ ਦੀ ਚਮਕ-ਦਮਕ ਤੇ ਤੇਜ਼ੀ ਵੱਲ ਹੋ ਗਿਆ। ਮੀਡੀਆ ਅਤੇ ਨਿੱਜੀ ਜੀਵਨ 'ਚ ਆਈਆਂ ਨਵੀਆਂ ਤਕਨਾਲੋਜੀਆਂ ਨੇ ਮਨੁੱਖੀ ਯਾਦਦਾਸ਼ਤ ਅਤੇ ਸਿਰਜਣਾਤਮਕਤਾ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ, ਇਹ ਗੰਭੀਰ ਖੋਜ ਦਾ ਵਿਸ਼ਾ ਹੈ। ਗੂਗਲ ਅਨੁਵਾਦ ਨੇ ਵੱਖ-ਵੱਖ ਭਾਸ਼ਾਵਾਂ ਨੂੰ ਕਿਸ ਹੱਦ ਤੱਕ ਸੰਵਾਰਿਆ ਅਤੇ ਵਿਗਾੜਿਆ ਹੈ, ਇਹ ਵਿਸ਼ਾ ਵੀ ਖੋਜ ਦੀ ਮੰਗ ਕਰਦਾ ਹੈ। ਪੰਜਾਬੀ ਪੱਤਰਕਾਰੀ ਨੇ ਬੇਸ਼ੱਕ, ਪੰਜਾਬੀ ਭਾਸ਼ਾ ਦੇ ਵਿਕਾਸ 'ਚ ਲਗਾਤਾਰ ਯੋਗਦਾਨ ਪਾਇਆ ਹੈ ਪਰ ਅਜੇ ਵੀ ਇਹ ਕਈ ਤਰ੍ਹਾਂ ਦੀਆਂ ਸੀਮਾਵਾਂ ਅਤੇ ਸਮੱਸਿਆਵਾਂ ਨਾਲ ਜੂਝ ਰਹੀ ਹੈ। ਬਹੁਤੀਆਂ ਸਮੱਸਿਆਵਾਂ ਤਾਂ ਸੰਸਾਰੀਕਰਨ ਅਤੇ ਹਰ ਖੇਤਰ ਵਿਚ ਹੋ ਰਹੀ ਕਨਵਰਜੈਂਸ (ਰਲੇਵੇਂ) ਕਰ ਕੇ ਪੈਦਾ ਹੋ ਰਹੀਆਂ ਹਨ। ਇਸ ਦੌਰ 'ਚ ਕਿਸੇ ਵੀ ਵਰਤਾਰੇ ਨੂੰ ਅਲੱਗ ਅਤੇ ਅਭਿੱਜ ਨਹੀਂ ਰੱਖਿਆ ਜਾ ਸਕਦਾ। ਅੰਗਰੇਜ਼ੀ ਭਾਸ਼ਾ ਉੱਤੇ ਨਿਰਭਰਤਾ ਲਗਾਤਾਰ ਜਾਰੀ ਹੈ। ਪੱਤਰਕਾਰੀ 'ਚ ਵਰਤੀ ਜਾਣ ਵਾਲੀ ਭਾਸ਼ਾ ਦੇ ਮਿਆਰੀਕਰਨ ਨਾਲ ਸਬੰਧਿਤ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਪਿਛਲੇ ਵੀਹ ਕੁ ਸਾਲਾਂ ਦੌਰਾਨ ਪੰਜਾਬ 'ਚੋਂ ਨਿਕਲਣ ਵਾਲੀਆਂ ਵੱਡੀਆਂ ਹਿੰਦੀ ਅਖ਼ਬਾਰਾਂ ਨੇ ਜਿਸ ਤਰ੍ਹਾਂ ਅੰਗਰੇਜ਼ੀ ਸ਼ਬਦਾਂ ਦੀ ਇੰਨ-ਬਿੰਨ ਵਰਤੋਂ ਕੀਤੀ, ਉਸ ਤੋਂ ਪੰਜਾਬੀ ਪੱਤਰਕਾਰੀ ਵੀ ਅਭਿੱਜ ਨਹੀਂ ਰਹਿ ਸਕੀ। ਪੱਤਰਕਾਰੀ ਵਿਚ ਬਹੁਤਾ ਜ਼ੋਰ ਭਾਸ਼ਾ ਦੀ ਸਰਲਤਾ ਅਤੇ ਰਵਾਨੀ ਉਪਰ ਹੀ ਦਿੱਤਾ ਜਾਂਦਾ ਹੈ, ਇਸ ਦੀ ਸੂਖਮਤਾ ਅਤੇ ਸੁਹਜ ਉਪਰ ਨਹੀਂ। ਲਗਾਤਾਰ ਲਿਖਣ, ਅਨੁਵਾਦ ਅਤੇ ਸੰਪਾਦਨ ਕਰਨ ਕਰ ਕੇ ਪੱਤਰਕਾਰ ਕੋਲ ਸ਼ਬਦ ਭੰਡਾਰ ਤਾਂ ਭਾਵੇਂ ਹੁੰਦਾ ਹੈ ਪਰ ਕਿਸੇ ਸ਼ਬਦ ਦੇ ਸਹੀ ਸ਼ੇਡ ਫੜਨ ਵੱਲ ਉਸ ਦਾ ਬਹੁਤਾ ਧਿਆਨ ਨਹੀਂ ਰਹਿੰਦਾ। ਮਿਸਾਲ ਵਜੋਂ ਕਿਸੇ ਕਿਸਾਨ ਵੱਲੋਂ ਖ਼ੁਦਕੁਸ਼ੀ ਨਾਲ ਸਬੰਧਿਤ ਖ਼ਬਰ ਦੀ ਸੁਰਖ਼ੀ ਅਕਸਰ ਅਜਿਹੀ ਹੁੰਦੀ ਹੈ- 'ਕਰਜ਼ੇ ਦੇ ਸਤਾਏ ਕਿਸਾਨ ਨੇ ਮੌਤ ਨੂੰ ਗਲ ਲਾਇਆ'। ਇੱਥੇ ਮੁਹਾਵਰੇ ਦੇ ਸਹੀ ਸ਼ੇਡ ਨੂੰ ਸ਼ਾਇਦ ਨਹੀਂ ਸਮਝਿਆ ਗਿਆ ਕਿਉਂਕਿ ਸਾਡੇ ਸੱਭਿਆਚਾਰ 'ਚ 'ਗਲ ਲਾਉਣਾ' ਬਹੁਤਾ ਕਰ ਕੇ ਹਾਂ-ਪੱਖੀ ਵਰਤਾਰਾ ਹੈ। ਪੱਤਰਕਾਰੀ ਬਾਰੇ ਅਕਸਰ ਆਖਿਆ ਜਾਂਦਾ ਹੈ ਕਿ ਇਸ ਵਿਚ ਵਾਰ-ਵਾਰ ਗਿਣਤੀ ਦੇ ਸ਼ਬਦਾਂ ਦੀ ਵਰਤੋਂ ਹੁੰਦੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਪੱਤਰਕਾਰ ਦਾ ਸ਼ਬਦ ਭੰਡਾਰ ਹੋਣਾ ਹੀ ਸੀਮਤ ਚਾਹੀਦਾ ਹੈ ਤਾਂ ਕਿ ਉਹ ਕੋਈ ਔਖਾ ਸ਼ਬਦ ਵਰਤ ਹੀ ਨਾ ਸਕੇ। ਅੰਗਰੇਜ਼ੀ ਪੱਤਰਕਾਰੀ 'ਚ ਅਜਿਹਾ ਦੌਰ ਵੀ ਰਿਹਾ ਹੈ ਜਦੋਂ ਪਾਠਕ ਅਖ਼ਬਾਰਾਂ ਤੋਂ ਸੂਚਨਾ ਅਤੇ ਵਿਚਾਰ ਲੈਣ ਦੇ ਨਾਲ ਹੀ ਇਨ੍ਹਾਂ ਤੋਂ ਅੰਗਰੇਜ਼ੀ ਭਾਸ਼ਾ ਸਿੱਖਦਾ ਹੀ ਨਹੀਂ ਸੀ ਸਗੋਂ ਸੁਧਾਰਦਾ ਵੀ ਸੀ। ਇਉਂ ਹੀ ਆਲ ਇੰਡੀਆ ਰੇਡੀਓ ਨੇ ਵੀ ਉਹ ਸਮਾਂ ਦੇਖਿਆ ਜਦੋਂ ਲੋਕ ਸੂਚਨਾ ਅਤੇ ਮਨੋਰੰਜਨ ਦੇ ਨਾਲ ਇਸ ਤੋਂ ਭਾਸ਼ਾ ਦਾ ਸਹੀ ਉਚਾਰਨ ਸਿੱਖਦੇ ਸਨ। ਅੰਗਰੇਜ਼ੀ ਦਾ ਅਖ਼ਬਾਰ 'ਦਿ ਹਿੰਦੂ' ਸੰਪਾਦਕ ਦੇ ਨਾਲ-ਨਾਲ 'ਰੀਡਰਜ਼ ਐਡੀਟਰ' ਦੀ ਵੀ ਨਿਯੁਕਤੀ ਕਰਦਾ ਰਿਹਾ ਹੈ ਜੋ ਖ਼ੁਦ ਹੀ ਆਪਣੀ ਅਖ਼ਬਾਰ ਦੀਆਂ ਗ਼ਲਤੀਆਂ ਕੱਢਦਾ ਸੀ ਅਤੇ ਪਾਠਕਾਂ ਨੂੰ ਗ਼ਲਤੀਆਂ ਕੱਢਣ ਲਈ ਉਤਸ਼ਾਹਿਤ ਕਰਦਾ ਸੀ ਤੇ ਫਿਰ ਉਨ੍ਹਾਂ ਦਾ ਜਵਾਬ ਵੀ ਦਿੰਦਾ ਸੀ। ਕੀ ਪੰਜਾਬੀ ਦਾ ਕੋਈ ਅਖ਼ਬਾਰ ਅਜਿਹੀ ਪਹਿਲ ਕਰ ਸਕਦਾ ਹੈ? ਅਜੇ ਤਾਂ ਇਸ ਦਾ ਜਵਾਬ 'ਨਹੀਂ' ਹੀ ਲਗਦਾ ਹੈ ਪਰ ਉਮੀਦ ਨਹੀਂ ਛੱਡਣੀ ਚਾਹੀਦੀ। ਰੋਜ਼ਾਨਾ ਅਖ਼ਬਾਰਾਂ 'ਚ ਗ਼ਲਤੀਆਂ ਦੀ ਗੁੰਜਾਇਸ਼ ਤਾਂ ਰਹਿੰਦੀ ਹੀ ਰਹਿੰਦੀ ਹੈ ਪਰ ਕੁਝ ਅਖ਼ਬਾਰਾਂ 'ਚ ਇਨ੍ਹਾਂ ਦੀ ਭਰਮਾਰ ਚੁਭਦੀ ਹੈ। ਬਹੁਤ ਸਾਰੀਆਂ ਗ਼ਲਤੀਆਂ ਤੋਂ ਬਚਿਆ ਜਾ ਸਕਦਾ ਹੈ ਬਸ਼ਰਤੇ ਭਾਸ਼ਾ ਦੀ ਵਰਤੋਂ ਬਾਰੇ ਸੁਚੇਤ ਰਿਹਾ ਜਾਵੇ। ਭਾਸ਼ਾ ਤੇ ਅਖ਼ਬਾਰਾਂ ਦੇ ਸਮੁੱਚੇ ਮਿਆਰੀਕਰਨ ਵਾਲੇ ਪਾਸੇ ਉਚੇਚਾ ਧਿਆਨ ਦਿੱਤਾ ਜਾਵੇ। ਆਪਣੇ ਪੱਤਰਕਾਰੀ ਦੇ ਅਧਿਆਪਨ ਦੇ ਤਜਰਬੇ ਦੇ ਆਧਾਰ 'ਤੇ ਮੈਂ ਇਹ ਕਹਿ ਸਕਦਾ ਹੈ ਕਿ ਸਾਡੀ ਸਕੂਲੀ ਸਿੱਖਿਆ 'ਚ ਬਹੁਤ ਕਮੀਆਂ ਹਨ। ਕਮਜ਼ੋਰ ਨੀਂਹ ਉੱਤੇ ਮਜ਼ਬੂਤ ਢਾਂਚਾ ਨਹੀਂ ਉਸਾਰਿਆ ਜਾ ਸਕਦਾ। ਪੰਜਾਬੀ ਪੱਤਰਕਾਰੀ 'ਚ ਬਹੁਤੇ ਪੇਂਡੂ ਪਿਛੋਕੜ ਵਾਲੇ ਬੱਚੇ ਆਉਂਦੇ ਹਨ। ਉਨ੍ਹਾਂ ਦੀਆਂ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਬਾਰੇ ਉਨ੍ਹਾਂ ਵਿਚ ਚੇਤੰਨਤਾ ਤਾਂ ਹੁੰਦੀ ਹੈ ਪਰ ਉਨ੍ਹਾਂ ਦੀ ਪੰਜਾਬੀ ਭਾਸ਼ਾ 'ਤੇ ਪਕੜ ਓਨੀ ਮਜ਼ਬੂਤ ਨਹੀਂ ਹੁੰਦੀ। ਪੱਤਰਕਾਰ ਲਈ ਭਾਸ਼ਾ ਦੀ ਜਾਣਕਾਰੀ ਹੀ ਜ਼ਰੂਰੀ ਨਹੀਂ ਸਗੋਂ ਉਸ ਨੂੰ ਭਾਸ਼ਾ ਦੀ ਬਹੁਤ ਮਹੀਨ ਸਮਝ ਹੋਣੀ ਚਾਹੀਦੀ ਹੈ। ਉਸ ਨੂੰ ਸ਼ਬਦ ਦੀ ਸਥੂਲ ਹੀ ਨਹੀਂ ਸਗੋਂ ਸੂਖਮ ਵਰਤੋਂ ਕਰਨੀ ਆਉਣੀ ਚਾਹੀਦੀ ਹੈ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਇਲਾਵਾ ਪੰਜਾਬੀ ਅਕਾਦਮੀ ਜਿਹੀਆਂ ਸੰਸਥਾਵਾਂ ਇਸ ਕਾਰਜ ਵਿਚ ਕੀ ਰੋਲ ਅਦਾ ਕਰ ਸਕਦੀਆਂ ਹਨ, ਇਸ ਉੱਤੇ ਗੰਭੀਰ ਚਰਚਾ ਦੀ ਲੋੜ ਹੈ।






# ਬਾਬਾ ਬੁੱਢਾ ਜੀ

ਲੇਖਕ : ਕਿਰਪਾਲ ਸਿੰਘ ਬਠਿੰਡਾ,
ਮੋਬ: 98554-80797

ਬਾਬਾ ਬੁੱਢਾ ਜੀ ਸਿੱਖ ਇਤਿਹਾਸ ਵਿੱਚ ਇਕ ਅਜਿਹੀ ਮਹਾਨ ਸ਼ਖ਼ਸ਼ੀਅਤ ਹੋਏ ਹਨ ਜਿਨ੍ਹਾਂ ਨੂੰ ਪਹਿਲੇ ਛੇ ਗੁਰੂ ਸਾਹਿਬਾਨ ਦੀ ਸਾਖਸ਼ਾਤ (ਪ੍ਰਤੱਖ) ਰੂਪ ਵਿੱਚਚਰਨਛੋਹ ਪ੍ਰਾਪਤ ਕਰਨ ਅਤੇ ਸੇਵਾ ਕਰਨ ਦਾ ਮੌਕਾ ਮਿਲਣ ਤੋਂ ਇਲਾਵਾ ਦੂਸਰੀ ਪਾਤਸ਼ਾਹੀ ਤੋਂ ਛੇਵੀਂ ਪਾਤਸ਼ਾਹੀ ਤੱਕ ਨੂੰ ਗੁਰਿਆਈ ਸੌਂਪਣ ਦੀ ਰਸਮ ਖ਼ੁਦ ਆਪਣੇ ਹੱਥੀਂ ਨਿਭਾਉਣਾ, ਦਰਬਾਰ ਸਾਹਿਬ ਦੇ ਪਹਿਲੇ ਗ੍ਰੰਥੀ ਹੋਣ ਅਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਆਪਣੇ ਹੱਥੀਂ ਕਰਨ ਦਾ ਮਾਣ ਹਾਸਲ ਹੋਣ ਦੇ ਨਾਲ ਨਾਲ ਪਹਿਲੀਆਂ ਸਤ ਪਾਤਸ਼ਾਹੀਆਂ ਅਤੇ ਬਾਲਕ ਗੁਰੂ ਤੇਗ ਬਹਾਦਰ ਸਾਹਿਬ (ਨੌਵੀਂ ਪਾਤਸ਼ਾਹੀ) ਭਾਵ ਅੱਠ ਪਾਤਸ਼ਾਹੀਆਂ ਦੇ ਸਰੀਰਕ ਰੂਪ ਵਿੱਚ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਐਸੀ ਮਹਾਨ ਸ਼ਖ਼ਸ਼ੀਅਤ ਦਾ ਜਨਮ 1563 ਬਿਕਰਮੀ/1506 ਈ: ਨੂੰ ਪਿੰਡ ਗੱਗੋਨੰਗਲ, ਜਿਲ੍ਹਾ ਅੰਮ੍ਰਿਤਸਰ ਜਿਸ ਨੂੰ ਹੁਣ ਕੱਥੂਨੰਗਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਵਿਖੇ ਭਾਈ ਸੁੱਘਾ ਜੀ ਰੰਧਾਵਾ ਦੇ ਗ੍ਰਹਿ ਵਿਖੇ ਹੋਇਆ। ਮਾਪਿਆਂ ਨੇ ਉਨ੍ਹਾਂ ਦਾ ਨਾਂ ਬੂੜਾ ਰੱਖਿਆ। ਆਪ ਜੀ ਦੇ ਪਿਤਾ 22 ਪਿੰਡਾਂ ਦੇ ਮਾਲਕ ਸਨ। ਆਪ ਜੀ ਦੀ ਮਾਤਾ ਗੌਰਾਂ ਬਹੁਤ ਹੀ ਭਜਨ ਬੰਦਗੀ ਕਰਨ ਵਾਲੀ ਇਸਤ੍ਰੀ ਸੀ, ਜਿਸ ਕਰਕੇ ਉਨ੍ਹਾਂ ਦੀ ਭਜਨ ਬੰਦਗੀ ਦਾ ਪ੍ਰਭਾਵ ਬਾਬਾ ਬੁੱਢਾ ਜੀ 'ਤੇ ਵੀ ਪਿਆ। ਕੁਝ ਚਿਰ ਮਗਰੋਂ ਉਨ੍ਹਾਂ ਦੇ ਮਾਪੇ ਪਿੰਡ ਰਮਦਾਸ ਆ ਵੱਸੇ। ਉਹ ਬਾਅਦ ਵਿੱਚ ਮੱਝਾਂ ਦੇ ਵਾਗੀ ਬਣੇ। ਜਦ ਉਹ ਬਾਰ੍ਹਾਂ-ਤੇਰ੍ਹਾਂ ਕੁ ਵਰ੍ਹਿਆਂ ਦੇ ਹੀ ਸਨ, ਤਦ ਗੁਰੂ ਨਾਨਕ ਸਾਹਿਬ ਜੀ ਰਮਦਾਸ ਪਿੰਡ ਦੇ ਪਾਸ ਆ ਟਿਕੇ। ਬੂੜਾ ਜੀ ਮੱਝਾਂ ਚਾਰਦੇ ਉੱਥੇ ਆ ਗਏ ਅਤੇ ਉਨ੍ਹਾਂ ਗੁਰੂ ਜੀ ਦਾ ਉਪਦੇਸ਼ ਸੁਣਿਆ। ਬਾਅਦ ਵਿੱਚ ਉਹ ਰੋਜ਼ਾਨਾ ਗੁਰੂ ਜੀ ਕੋਲ ਆਉਂਦੇ ਅਤੇ ਉਹਨਾਂ ਦਾ ਉਪਦੇਸ਼ ਸੁਣਦੇ ਅਤੇ ਉਹਨਾਂ ਵਾਸਤੇ ਦੁੱਧ ਲਿਆ ਕੇ ਭੇਟ ਕਰਦੇ। ਇੱਕ ਦਿਨ ਗੁਰੂ ਜੀ ਨੇ ਬੂੜਾ ਜੀ ਨੂੰ ਉਨ੍ਹਾਂ ਬਾਰੇ ਪੁੱਛਿਆ ਤਾਂ ਗੁਰੂ ਜੀ ਨੇ ਬੂੜਾ ਜੀ ਦਾ ਜਵਾਬ (ਵਿਵੇਕ ਵੈਰਾਗ) ਸੁਣ ਕੇ ਕਿਹਾ ਕਿ 'ਤੂੰ ਹੈਂ ਤਾਂ ਬੱਚਾ, ਪਰ ਗੱਲਾਂ ਬੁੱਢਿਆਂ ਵਾਲੀਆਂ ਕਰਦਾ ਹੈਂ। ਤੂੰ ਬੱਚਾ ਨਹੀਂ, ਤੂੰ ਬੁੱਢਾ ਹੈਂ।' ਉਸ ਦਿਨ ਤੋਂ ਬੂੜਾ ਜੀ ਦਾ ਨਾਂ 'ਬੁੱਢਾ ਜੀ' ਪੈ ਗਿਆ। ਸਿੱਖ ਉਹਨਾਂ ਨੂੰ ਪਿਆਰ ਨਾਲ 'ਬਾਬਾ ਬੁੱਢਾ ਜੀ' ਆਖਦੇ ਹਨ।

ਬਾਬਾ ਬੁੱਢਾ ਜੀ ਗੁਰੂ ਨਾਨਕ ਦੇਵ ਜੀ ਦੇ ਸ਼ਿਸ ਬਣ ਗਏ। ਉਹ ਸਾਰਾ ਦਿਨ ਸੰਗਤਾਂ ਦੀ ਸੇਵਾ ਕਰਦੇ, ਖੇਤਾਂ ਵਿੱਚ ਜਾ ਕੇ ਖੇਤੀ-ਬਾੜੀ ਦਾ ਕੰਮ ਵੀ ਨਿਭਾਉਂਦੇ ਅਤੇ ਨਾਮ ਜਪਦੇ ਰਹਿੰਦੇ। ਉਨ੍ਹਾਂ ਨੇ ਆਪਣਾ ਜੀਵਨ ਸੰਗਤਾਂ ਦੀ ਸੇਵਾ ਵਿਚ ਲਗਾਇਆ ਅਤੇ ਗੁਰੂ ਜੀ ਦੇ 'ਨਾਮ ਜਪਣ, ਕਿਰਤ ਕਰਨ ਤੇ ਵੰਡ ਕੇ ਛਕਣ' ਦੇ ਉਪਦੇਸ਼ ਨੂੰ ਕਮਾ ਕੇ ਦਿਖਾਇਆ। ਗੁਰੂ ਨਾਨਕ ਦੇਵ ਜੀ ਉਨ੍ਹਾਂ ਉੱਪਰ ਬਹੁਤ ਪ੍ਰਸੰਨ ਸਨ।

ਬਾਬਾ ਬੁੱਢਾ ਦਾ ਵਿਆਹ ਸੰਮਤ 1590 ਨੂੰ ਅਚੱਲ ਪਿੰਡ ਦੇ ਜ਼ਿਮੀਦਾਰ ਦੀ ਲੜਕੀ ਮਿਰੋਆ ਨਾਲ ਹੋ ਗਿਆ। ਆਪ ਦੇ ਘਰ ਦੋ ਪੁੱਤਰਾਂ ਦਾ ਜਨਮ ਹੋਇਆ। ਕੁਝ ਸਮੇਂ ਬਾਅਦ ਉਨ੍ਹਾਂ ਦੇ ਪਿਤਾ ਅਚਾਨਕ ਚਲਾਣਾ ਕਰ ਗਏ। ਅਜੇ ਉਨ੍ਹਾਂ ਦੀ ਸਤਾਰ੍ਹਵੀਂ ਵੀ ਨਹੀਂ ਹੋਈ ਸੀ ਕਿ ਮਾਤਾ ਗੌਰਾਂ ਵੀ ਆਪਣੇ ਪਤੀ ਦੇ ਮਗਰ ਹੀ ਤੁਰ ਗਈ। ਮਾਂ-ਬਾਪ ਦੇ ਚਲਾਣਾ ਕਰ ਜਾਣ ਉਪਰੰਤ ਕਬੀਲਦਾਰੀ ਦੀ ਸਾਰੀ ਜ਼ਿੰਮੇਵਾਰੀ ਗੁਰੂ ਨਾਨਕ ਜੀ ਵੱਲੋਂ ਦਸਤਾਰ ਭੇਂਟ ਕਰਕੇ ਬਾਬਾ ਬੁੱਢਾ ਜੀ ਦੇ ਸਿਰ ਰੱਖ ਦਿੱਤੀ ਗਈ। ਉਨ੍ਹਾਂ ਨੇ ਆਪਣੇ ਗ੍ਰਹਿਸਥ ਜੀਵਨ ਅਤੇ ਗੁਰੂ ਘਰ ਦੀ ਸੇਵਾ ਦਾ ਕੰਮ ਪੂਰੀ ਸ਼ਰਧਾ ਨਾਲ ਨਿਭਾਇਆ। ਉਹ ਆਪਣੇ ਪਰਿਵਾਰ ਨੂੰ ਨਾਲ ਲੈ ਕੇ ਕਰਤਾਰਪੁਰ ਵਿਖੇ ਹੀ ਗੁਰੂ ਦੀ ਸੇਵਾ ਲਈ ਪੁੱਜ ਗਏ। ਜਦੋਂ ਗੁਰੂ ਨਾਨਕ ਸਾਹਿਬ ਜੀ ਨੇ ਗੁਰਗੱਦੀ ਗੁਰੂ ਅੰਗਦ ਸਾਹਿਬ ਜੀ ਨੂੰ ਸੌਂਪੀ, ਤਾਂ ਉਨ੍ਹਾਂ ਨੇ ਗੁਰਿਆਈਦੀ ਰਸਮ ਬਾਬਾ ਬੁੱਢਾ ਜੀ ਪਾਸੋਂ ਅਦਾ ਕਰਵਾਈ। ਮਗਰੋਂ ਤੀਜੀ, ਚੌਥੀ, ਪੰਜਵੀਂ ਤੇ ਛੇਵੀਂ ਪਾਤਸ਼ਾਹੀ ਨੂੰ ਗੁਰਤਾ ਦੀ ਰਸਮ ਵੀ ਬਾਬਾ ਬੁੱਢਾ ਜੀ ਹੀ ਕਰਦੇ ਰਹੇ।

ਗੁਰੂ ਨਾਨਕ ਦੇਵ ਦੇ ਜੋਤੀ ਜੋਤ ਸਮਾਉਣ 'ਤੇ ਸ੍ਰੀ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਆ ਕੇ ਰਹਿਣ ਲੱਗੇ। ਉੱਥੋਂ ਦੇ ਰਹਿਣ ਵਾਲੇ ਇੱਕ ਪਾਖੰਡੀ ਤਪੇ ਵੱਲੋਂ ਗੁਰੂ ਜੀ ਨਾਲ ਖਾਰ ਖਾਏ ਜਾਣ ਕਰਕੇ ਉਨ੍ਹਾਂ ਆਪਣੇ ਆਪ ਨੂੰ ਲੋਕਾਂ ਤੋਂ ਛੁਪਾ ਕੇ ਇਸ ਨੂੰ ਰਾਜ਼ ਹੀ ਰੱਖੇ ਜਾਣ ਦਾ ਬਚਨ ਲਿਆ। ਸੰਗਤਾਂ ਗੁਰੂ ਜੀ ਦੀ ਤਲਾਸ਼ ਕਰ ਰਹੀਆਂ ਸਨ। ਉਸ ਸਮੇਂ ਲੋਕਾਂ ਨੇ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ ਤੇ ਉਨ੍ਹਾਂ ਖਡੂਰ ਸਾਹਿਬ ਜਾ ਕੇ ਮਾਈ ਭਿਰਾਈ ਦੇ ਘਰ ਦੀ ਕੰਧ, ਜਿਸ ਪਿੱਛੇ ਗੁਰੂ ਅੰਗਦ ਦੇਵ ਜੀ ਰਹਿ ਰਹੇ ਸਨ, ਤੁੜਵਾ ਕੇ ਗੁਰੂ ਅੰਗਦ ਦੇਵ ਜੀ ਨੂੰ ਸੰਗਤ ਅੱਗੇ ਪ੍ਰਗਟ ਕਰਨ ਦਾ ਕਾਰਜ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਗੋਇੰਦਵਾਲ ਸਾਹਿਬ ਵਿਖੇਬਾਉਲੀ ਦੇ ਆਰੰਭ ਕਰਵਾਉਣ ਤੇ ਸਿਰੇ ਚੜ੍ਹਾਉਣ ਦੇ ਕੰਮ ਵਿਚ ਹਿੱਸਾ ਪਾਇਆ।

ਜਦੋਂ ਤੀਜੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਰਾਹੀਂ ਬਾਦਸਾਹ ਅਕਬਰ ਵੱਲੋਂ ਚਿਤੌੜ ਦਾ ਕਿਲ੍ਹਾ ਫ਼ਤਹਿ ਕਰਨ ਉਪਰੰਤ ਪ੍ਰਗਣਾ ਝਬਾਲ (12 ਪਿੰਡ) ਗੁਰੂ ਘਰ ਨੂੰ ਭੇਟ ਕੀਤੇ ਤਾਂ ਉਨ੍ਹਾਂ ਨੇ ਬਾਬਾ ਬੁੱਢਾ ਜੀ ਨੂੰ ਇਸ ਜਾਗੀਰ ਦਾ ਕਾਰ ਮੁਖਤਾਰ ਬਣਾ ਕੇ ਇੱਥੇ ਬੀੜ ਵਿਖੇ ਡੇਰਾ ਲਾਉਣ ਦਾ ਹੁਕਮ ਦਿੱਤਾ। ਬਾਬਾ ਬੁੱਢਾ ਜੀ ਨੇ ਝਬਾਲ-ਢੰਡ-ਕਸੇਲ ਦੇ ਵਿਚਕਾਰ ਇੱਕ ਵਿਰਾਨ ਜਿਹੇ ਅਸਥਾਨ 'ਤੇ ਡੇਰਾ ਲਾ ਲਿਆ। ਇਸ ਜੰਗਲ ਜਿਹੇ ਅਸਥਾਨ 'ਤੇ ਅੱਜ ਮੰਗਲ ਬਣਿਆ ਹੋਇਆ ਹੈ। ਇਹ ਉਹ ਅਸਥਾਨ ਹੈ, ਜਿੱਥੇ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜੁਨ ਸਾਹਿਬ ਜੀ ਦੀ ਸਪੁੱਤਨੀ ਮਾਤਾ ਗੰਗਾ ਜੀ ਨੂੰ ਬਾਬਾ ਬੁੱਢਾ ਜੀ ਵੱਲੋਂ ਪੁੱਤਰ ਹੋਣ ਦੀ ਦਾਤ ਬਖਸ਼ੇ ਜਾਣ ਸਬੰਧੀ ਕਿਹਾ ਜਾਂਦਾ ਹੈ।

ਗੁਰੂ ਅਮਰਦਾਸ ਜੀ ਦੇ ਸਮੇਂ ਉਨ੍ਹਾਂ ਦੀ ਨਿਗਰਾਨੀ ਹੇਠ ਹੀ 1552 ਈਸਵੀ ਨੂੰ ਗੋਇੰਦਵਾਲ ਸਾਹਿਬ ਦੀ ਬਾਉਲੀ ਟੱਕ ਲਗਾ ਕੇ ਤਾਮੀਰ ਕੀਤੀ ਗਈ। ਗੁਰੂ ਅਮਰਦਾਸ ਜੀ ਦੇ ਸਮੇਂ ਜਦੋਂ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਵਾਸਤੇ ਨਿਯਮਬੱਧ ਤਰੀਕੇ ਨਾਲ 22 ਮੰਜੀਆਂ ਦੀ ਸਥਾਪਨਾ ਹੋਈ ਤਾਂ ਇਨ੍ਹਾਂ ਦੇ ਪ੍ਰਮੁੱਖ ਪ੍ਰਬੰਧਕ ਦੀ ਸੇਵਾ ਵੀ ਬਾਬਾ ਬੁੱਢਾ ਜੀ ਨੇ ਹੀ ਬਾਖ਼ੂਬੀ ਨਿਭਾਈ। ਅਕਬਰ ਬਾਦਸ਼ਾਹ ਦੇ ਗੁਰੂ ਦਰਬਾਰ ਵਿੱਚ ਆਉਣ 'ਤੇ ਉਸ ਨੂੰ ਸਿੱਖ ਧਰਮ ਦੀ ਮੁੱਢਲੀ ਜਾਣਕਾਰੀ ਬਾਬਾ ਬੁੱਢਾ ਜੀ ਨੇ ਹੀ ਮੁਹੱਈਆ ਕਰਵਾਈ ਸੀ। ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਆਖ਼ਰੀ ਰਸਮਾਂ ਬਾਬਾ ਜੀ ਨੇ ਹੀ ਆਪਣੇ ਹੱਥੀਂ ਨਿਭਾਈਆਂ ਸਨ। ਗੁਰੂ ਰਾਮਦਾਸ ਜੀ ਵੱਲੋਂ ਰਾਮਦਾਸਪੁਰ (ਅੰਮ੍ਰਿਤਸਰ) ਦੀ ਸਥਾਪਨਾ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੀ ਨਿਸ਼ਾਨਦੇਹੀ 'ਤੇ ਸਰੋਵਰ ਖੁਦਵਾਉਣ ਤੇ ਸ਼ਹਿਰ ਵਸਾਉਣ ਲਈ ਸਭ ਤੋਂ ਪਹਿਲਾਂ ਬਾਬਾ ਜੀ ਨੇ ਹੀ ਮੋਹੜੀ ਗੱਡੀ ਸੀ। ਫਿਰ ਜਦੋਂ ਅੰਮ੍ਰਿਤਸਰ ਸਰੋਵਰ ਤੇ ਦਰਬਾਰ ਸਾਹਿਬ ਦੀ ਸੇਵਾ ਆਰੰਭ ਹੋਈ ਤਾਂ ਬਾਬਾ ਜੀ ਨੇ ਆਪਣੇ ਪੁੱਤ-ਪੋਤਰਿਆਂ ਸਮੇਤ ਸੇਵਾ ਵਿਚ ਹਿੱਸਾ ਲਿਆ। ਬਾਬਾ ਬੁੱਢਾ ਜੀ ਨੇ ਇੱਕ ਬੇਰੀ ਜੋ ਦਰਬਾਰ ਸਾਹਿਬ ਦੀ ਪ੍ਰਕਰਮਾ ਦੇ ਚੜ੍ਹਦੇ ਪਾਸੇ ਘੰਟਾ ਘਰ ਵਾਲੇ ਦਰਵਾਜ਼ੇ ਵਾਲੀ ਸਾਈਡ ਸਥਿਤ ਹੈ; ਹੇਠ ਪੱਕੇ ਡੇਰੇ ਲਾ ਦਿੱਤੇ ਤੇ ਸਰੋਵਰ ਦਾ ਕੰਮ ਮੁਕੰਮਲ ਕਰਵਾਇਆ। ਇਸ ਬੇਰੀ ਨੂੰ ਅੱਜ ਕੱਲ੍ਹ ਬੇਰ ਬਾਬਾ ਬੁੱਢਾ ਜੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਸੰਮਤ 1661 ਬਿਕ੍ਰਮੀ (ਸੰਨ 1604) ਨੂੰ ਗੁਰੂ ਅਰਜਨ ਦੇਵ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਜਦੋਂ ਪਹਿਲੀ ਵਾਰ ਸ੍ਰੀ ਦਰਬਾਰ ਸਾਹਿਬ ਵਿਚ ਪ੍ਰਕਾਸ਼ ਕੀਤਾ ਤਾਂ ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਬਣਾ ਕੇ ਸਤਿਕਾਰ ਬਖ਼ਸ਼ਿਆ।

ਗੁਰੂ ਅਰਜੁਨ ਸਾਹਿਬ ਜੀ ਨੇ ਬਚਪਨ ਵਿਚ ਬਾਲ ਹਰਿਗੋਬਿੰਦ ਨੂੰ ਹਰ ਪੱਖੋਂ ਨਿਪੁੰਨ ਅਤੇ ਸੂਰਬੀਰ ਯੋਧਾ ਬਣਾਉਣ ਦੀ ਸੇਵਾ ਵੀ ਬਾਬਾ ਬੁੱਢਾ ਜੀ ਤੋਂ ਲਈ।ਬਾਅਦ ਵਿੱਚ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪੇ ਜਾਣ ਸਮੇਂ ਮੀਰੀ ਤੇ ਪੀਰੀ ਦੀਆਂ ਦੋ ਕ੍ਰਿਪਾਨਾਂ ਬਾਬਾ ਬੁੱਢਾ ਜੀ ਨੇ ਹੀ ਪਹਿਨਾਈਆਂ। 1608 ਈਸਵੀ ਵਿੱਚ ਬਾਬਾਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਅਕਾਲ ਬੁੰਗਾ (ਅਕਾਲ ਤਖ਼ਤ ਸਾਹਿਬ) ਦੀ ਉਸਾਰੀ ਕੀਤੀ। ਇਸ ਦਾ ਨੀਂਹ ਪੱਥਰ ਗੁਰੂ ਹਰਗੋਬਿੰਦ ਸਾਹਿਬ ਨੇ ਆਪ ਰੱਖਿਆ ਸੀ। ਗੁਰੂ ਹਰਗੋਬਿੰਦ ਸਾਹਿਬ ਜੀ ਦੀ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦੀ ਦੌਰਾਨ ਸਿੱਖਾਂ ਦੀ ਅਗਵਾਈ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਕੀਤੀ ਸੀ। ਜਨਵਰੀ 1620 ਈਸਵੀ ਦੇ ਆਖ਼ਰੀ ਦਿਨਾਂ ਵਿਚ ਬਾਦਸ਼ਾਹ ਜਹਾਂਗੀਰ ਨਾਲ ਹੋਈ ਮੁਲਾਕਾਤ ਵਿਚ ਬਾਬਾ ਬੁੱਢਾ ਜੀ, ਭਾਈ ਗੁਰਦਾਸ ਅਤੇ ਬਾਲੂ ਰਾਇ ਨੇ ਅਹਿਮ ਭੂਮਿਕਾ ਨਿਭਾਈ ਸੀ। ਬਾਬਾ ਬੁੱਢਾ ਜੀ ਦੇ ਚਾਰ ਸਪੁੱਤਰ ਸਨ। ਉਨ੍ਹਾਂ ਦੇ ਵੰਸ਼ ਵਿੱਚੋਂ ਹੀ ਭਾਈ ਰਾਮ ਕੰਵਰ, 'ਖੰਡੇ ਦੀ ਪਾਹੁਲ' ਲੈ ਕੇ ਗੁਰਬਖਸ਼ ਸਿੰਘ ਨਾਮ ਨਾਲ ਪ੍ਰਸਿੱਧ ਹੋਇਆ। ਬਾਬਾ ਜੀ ਦਾ ਵੰਸ਼ ਅੱਜ-ਕੱਲ੍ਹ ਵੀ ਕੱਥੂ ਨੰਗਲ ਦੇ ਆਸ-ਪਾਸ ਰਹਿੰਦਾ ਹੈ। ਬਾਬਾ ਬੁੱਢਾ ਜੀ ਸੰਮਤ 1688 ਬਿਕ੍ਰਮੀ (ਸੰਨ 1631ਈ:) ਨੂੰ ਪਿੰਡ ਰਮਦਾਸ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ 125 ਸਾਲ ਦੀ ਲੰਬੀ ਉਮਰ ਭੋਗ ਕੇ ਜੋਤੀ ਜੋਤ ਸਮਾ ਗਏ। ਉਨ੍ਹਾਂ ਦਾ ਸਸਕਾਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪਣੇ ਹੱਥੀਂ ਕੀਤਾ। ਇਸ ਜਗ੍ਹਾ (ਰਮਦਾਸ) ਇਕ ਕਾਫ਼ੀ ਵੱਡਾ ਸਰੋਵਰ ਹੈ।

ਬਾਬਾ ਬੁੱਢਾ ਜੀ ਨੇ ਕਈ ਬਿਖੜੇ ਸਮਿਆਂ ਵਿਚ ਆਪਣੀ ਦੂਰਦ੍ਰਿਸ਼ਟੀ ਅਤੇ ਤੀਖਣ ਬੁੱਧੀ ਰਾਹੀਂ ਸੇਧ ਦੇ ਕੇ ਸਿੱਖਾਂ ਨੂੰ ਇੱਕ ਝੰਡੇ ਹੇਠ ਰੱਖਿਆ ਸੀ। ਬਾਬਾ ਬੁੱਢਾ ਜੀ ਜਿੱਥੇ ਸੁਯੋਗ ਪ੍ਰਬੰਧਕ ਸਨ, ਉੱਥੇ ਉੱਚੇ-ਸੁੱਚੇ ਜੀਵਨ ਵਾਲੇ ਪੂਰਨ ਗੁਰਸਿੱਖ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ। ਗੁਰੂ ਘਰ ਤੋਂ ਵਰੋਸਾਏ ਹੋਏ ਇਸ ਜੀਉੜੇ ਦਾ ਨਾਂ ਹਮੇਸ਼ਾਂ ਸਿੱਖ ਇਤਿਹਾਸ ਵਿਚ ਚਾਨਣ-ਮੁਨਾਰੇ ਦਾ ਕੰਮ ਕਰਦਾ ਰਹੇਗਾ। ਇਹ ਗੱਲ ਵਿਸ਼ੇਸ਼ ਤੌਰ 'ਤੇ ਨੋਟ ਕਰਨ ਵਾਲੀ ਹੈ ਕਿ ਇਸ ਮਹਾਨ ਸ਼ਖ਼ਸ਼ੀਅਤ ਨੂੰ ਸਿੱਖ ਇਤਿਹਾਸ ਵਿੱਚ ਕੇਵਲ ਬਾਬਾ ਬੁੱਢਾ ਜੀ ਦੇ ਨਾਮ ਹੇਠ ਹੀ ਲਿਖਿਆ ਅਤੇ ਯਾਦ ਕੀਤਾ ਜਾ ਰਿਹਾ ਹੈ ਅਤੇ ਕਿਧਰੇ ਵੀ ਉਨ੍ਹਾਂ ਦੇ ਨਾਮ ਨਾਲ ਮਹਾਂਪੁਰਖ, ਸੰਤ, ਬ੍ਰਹਮਗਿਆਨੀ ਆਦਿਕ ਵਿਸ਼ੇਸ਼ਣ ਨਹੀਂ ਲੱਗਾ ਹੋਇਆ; ਜਦ ਕਿ ਪਿਛਲੇ ਸਮਿਆਂ ਤੋਂ ਅਨੇਕਾਂ ਵਿਅਕਤੀ ਐਸੇ ਉੱਭਰ ਰਹੇ ਹਨ ਜਿਨ੍ਹਾਂ ਦੀਸਿੱਖ ਧਰਮ ਨੂੰ ਰੱਤਾ ਭਰ ਵੀ ਦੇਣ ਨਹੀਂ ਹੈ ਸਗੋਂ ਮਖੱਟੂ ਹੋ ਕੇ ਆਪਣੀ ਰੋਜ਼ੀ ਰੋਟੀ ਅਤੇ ਐਸ਼ ਪ੍ਰਸ਼ਤੀ ਦੇ ਸਾਧਨ ਜਟਾਉਣ ਦੇ ਵਸੀਲੇ ਵਜੋਂ ਆਪਣੇ ਡੇਰੇ ਸਥਾਪਤ ਕਰਕੇ ਆਪਣੇ ਆਪ ਨੂੰ ਕੇਵਲ ਮਹਾਂਪੁਰਖ, ਸੰਤ ਮਹਾਰਾਜ, ਪੂਰਨ ਬ੍ਰਹਮ ਗਿਆਨੀ, ਸ਼੍ਰੀ ਸ਼੍ਰੀ 108 ਜਾਂ 1008 ਆਦਿਕ ਵਿਸ਼ੇਸ਼ਣਾਂ ਨਾਲ ਸੰਬੋਧਨ ਹੀ ਨਹੀਂ ਕਰ ਅਤੇ ਕਰਵਾ ਰਹੇ ਸਗੋਂ ਗੁਰੂ ਘਰ ਦੇ ਸ਼ਰੀਕ ਬਣਨ ਦੇ ਰਾਹ ਵੀ ਤੁਰੇ ਹੋਏ ਹਨ। ਅਜਿਹੀ ਬ੍ਰਿਤੀ ਦੇ ਮਾਲਕ ਹੀ ਗੁਰੂ ਘਰ ਦੇ ਕਿਸੇ ਵਿਰੋਧੀ ਲੇਖਕ ਵੱਲੋਂ ਲਿਖੀ ਪੁਸਤਕ 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਦੇ ਪ੍ਰਚਾਰ ਪਾਸਾਰ ਵਿੱਚ ਆਪਣਾ ਸਿਰਤੋੜ ਯਤਨ ਨਿਭਾ ਰਹੇ ਹਨ। ਬਾਬਾ ਬੁੱਢਾ ਜੀ ਆਪਣੀ ਜ਼ਿੰਦਗੀ ਦੇ ਗਿਆਰਾਂ ਦਹਾਕਿਆਂ ਤੋਂ ਵੱਧ ਸਮੇਂ ਤੱਕ ਛੇ ਗੁਰੂ ਸਾਹਿਬਾਨ ਦੀ ਸੰਗਤ ਵਿੱਚ ਰਹਿ ਕੇ ਇਸ ਸਿਧਾਂਤ: "ਗੁਰ ਨਾਲਿ ਤੁਲਿ ਨ ਲਗਈ; ਖੋਜਿ ਡਿਠਾ ਬ੍ਰਹਮੰਡੁ ॥"(ਸਿਰੀਰਾਗੁ, ਮ ੫, ਅੰਕ ੫੦) ਭਾਵ 'ਮੈਂ ਸਾਰਾ ਸੰਸਾਰ ਭਾਲ ਕੇ ਵੇਖ ਲਿਆ ਹੈ, ਕੋਈ ਵੀ ਗੁਰੂ ਦੇ ਬਰਾਬਰ ਦਾ ਨਹੀਂ ਹੈ।' ਪਰ 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਦਾ ਕੁਟਲ ਲਿਖਾਰੀ ਹਰ ਪੱਖੋਂ ਉਸੇ ਬਾਬਾ ਬੁੱਢਾ ਜੀ ਦੀ ਮਹਿਮਾ ਗੁਰੂ ਸਾਹਿਬ ਨਾਲੋਂ ਵੱਧ ਦਰਸਾ ਕੇ ਗੁਰਮਤਿ ਦੇ ਇਸ ਸਿਧਾਂਤ ਦੀ ਖੰਡਣਾ ਕਰ ਰਿਹਾ ਹੈ। ਲਿਖਾਰੀ ਲਿਖਦਾ ਹੈ:- 'ਸਤਿਗੁਰੂ ਜੀ ਦੇ ਬਚਨ ਮੰਨ ਕੇ ਪੁੱਤਰ ਦੀ ਪਿਆਰੀ ਇੱਛਾ ਸਹਿਤ ਮਾਤਾ ਗੰਗਾ ਜੀ ਬਹੁਤ ਸਾਰੇ ਦਾਸ, ਕਈ ਦਾਸੀਆਂ, ਸ਼ਿੰਗਾਰੇ ਹੋਏ ਘੋੜੇ ਤੇ ਰਥ, ਖੀਰ ਖੰਡ ਅਤੇ ਕਈ ਤਰ੍ਹਾਂ ਦੇ ਪਕਵਾਨ ਨਾਲ ਲੱਦੀਆਂ ਸੁੰਦਰ ਬਹਿੰਗੀਆਂ ਵਾਲੇ ਸੇਵਕ (ਵਡੇ ਪ੍ਰਭਾਵਸ਼ਾਲੀ ਜਲੂਸ਼ ਦੀ ਸ਼ਕਲ ਵਿਚ) ਨਾਲ ਤੁਰ ਪਏ। ਸ਼ਹੀਦ ਭਾਈ ਮਨੀ ਸਿੰਘ ਜੀ ਦੀ ਜ਼ੁਬਾਨੀ ਉਚਾਰੀ ਦਰਸਾਈ ਚੌਪਈ ਵਿੱਚੋਂ ਬਾਬਾ ਬੁਢਾ ਜੀ ਦੀ ਬੀੜ ਵੱਲ ਜਾਂਦੇ ਮਾਤਾ ਗੰਗਾ ਜੀ ਦੇ ਜਲੂਸ ਦਾ ਉਪਰੋਕਤ ਵੇਰਵਾ ਪੜ੍ਹ ਕੇ ਬੜੀ ਸਖ਼ਤ ਹੈਰਾਨੀ ਹੋਈ ਕਿ, ਰਜਵਾੜਿਆਂ ਵਾਂਗ ਤਿਆਰ ਕੀਤੇ ਸੁਆਦਿਸ਼ਟ ਪਕਵਾਨ ਨਾਲ ਲੱਦੀਆਂ ਹੋਈਆਂ ਵਧੀਆ ਬਹਿੰਗੀਆਂ, ਬਹੁਤ ਸਾਰੇ ਦਾਸ ਦਾਸੀਆਂ ਦੇ ਝੁਰਮਟ ਵਿੱਚ ਬੜੇ ਕੀਮਤੀ ਸੁੰਦਰ ਹਾਰ ਸ਼ਿੰਗਾਰ ਨਾਲ ਸ਼ਿੰਗਾਰੇ ਘੋੜਿਆਂ ਨਾਲ ਖਿੱਚੇ ਜਾ ਰਹੇ ਰਥ ਵਿੱਚ ਬੈਠੇ ਮਾਤਾ ਗੰਗਾ ਜੀ ? ਗ਼ਰੀਬ ਕਿਰਤੀਆਂ ਦੀ ਮਾਮੂਲੀ ਆਮਦਨ ਦੇ ਦਸਵੰਧ ਦੇ ਆਸਰੇ 'ਸੰਤ ਸਿਪਾਹੀ' ਦੀ ਸਿਰਜਣਾ ਕਰਨ ਦੇ ਯਤਨਾ ਵਿੱਚ ਰੁੱਝੇ ਹੋਏ, ਸਾਦਗੀ ਗ਼ਰੀਬੀ ਸਹਿਨਸ਼ੀਲਤਾ ਦੇ ਪੂਰਨੇ ਪਾ ਰਹੇ, ਜਿਸ ਗੁਰਦੇਵ ਪਿਤਾ ਜੀ ਦੇ ਉਪਦੇਸ਼ ਦਾ ਧੁਰਾ ਹੀ ਸੰਤੋਖ ਵਾਲਾ ਜੀਵਨ ਅਤੇ ਸਾਦਾ ਜੀਵਨ ਬਿਤਾਉਣਾ ਹੋਵੇ:- "ਨਾਮੁ ਬੀਜੁ ਸੰਤੋਖੁ ਸੁਹਾਗਾ, ਰਖੁ ਗਰੀਬੀ ਵੇਸੁ ॥" ਅਤੇ ਉੱਚੇ ਆਚਰਨ ਨੂੰ ਘੋੜੇ ਬਣਾ ਕੇ ਚੱਲਣ ਦਾ ਹੋਵੇ: "ਸੁਣਿ ਸਾਸਤ ਸਉਦਾਗਰੀ; ਸਤੁ ਘੋੜੇ ਲੈ ਚਲੁ ॥" (ਮਹਲਾ ੧,ਅੰਕ 595)

ਕੀ ਉਨ੍ਹਾਂ ਦੇ ਮਹਿਲ ਮਾਤਾ ਗੰਗਾ ਜੀ ਉਪ੍ਰੋਕਤ ਦੱਸੀ ਸ਼ਾਨੋ ਸ਼ੌਕਤ ਨਾਲ ਜਾ ਸਕਦੇ ਹਨ ? ਜਾਂ ਲਿਖਾਰੀ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਰਿਵਾਰ 'ਤੇ ਇਹ ਦੋਸ਼ ਲਾਉਣਾ ਚਾਹੁੰਦਾ ਹੈ ਕਿ ਅੱਜ ਦੇ ਪ੍ਰਚਾਰਕਾਂ ਵਾਂਗ ਗੁਰੂ ਸਾਹਿਬਾਨਾਂ ਦਾ ਪ੍ਰਚਾਰ ਵੀ ਸਿਰਫ ਦੂਸਰਿਆਂ ਨੂੰ ਉਪਦੇਸ਼ ਦੇਣ ਲਈ ਹੀ ਸੀ ਅਤੇ ਉਹ ਖ਼ੁਦ ਉਸ 'ਤੇ ਅਮਲ ਨਹੀਂ ਕਰਦੇ ਸਨ ?

ਦੂਸਰੀ ਗੱਲ ਹੈ ਕਿ ਗੁਰੂ ਸਾਹਿਬ ਜੀ ਦਾ ਉਪਦੇਸ਼ ਹੈ:

(1). ਉਹ ਸੱਚਾ ਸੁਆਮੀ ਖ਼ੁਦ ਹੀ ਸਿਰਜਣਹਾਰ ਹੈ। ਉਹ ਕਰਤਾਰ ਆਪ ਹੀ ਸਦਾ ਕਾਇਮ ਰਹਿਣ ਵਾਲਾ ਹੈ, ਉਹ ਆਪ ਹੀ ਮਾਰ ਕੇ ਜਿਵਾਲਦਾ ਹੈ (ਭਾਵ, ਮਾਰਦਾ ਭੀ ਆਪ ਹੀ ਹੈ, ਪੈਦਾ ਵੀ ਆਪ ਹੀ ਕਰਦਾ ਹੈ)। ਉਸ ਤੋਂ ਬਿਨਾ ਕੋਈ ਹੋਰ ਇਸ ਸਮਰੱਥਾ ਵਾਲਾ ਨਹੀਂ ਹੈ: "ਆਪੇ ਕਰਤਾ, ਸਚਾ ਸੋਈ ॥ ਆਪੇ ਮਾਰਿਜੀਵਾਲੇ, ਅਵਰੁ ਨ ਕੋਈ ॥" (ਮ: ੩/ ਅੰਕ ੧੦੬੯)

(2). ਭਾਂਤ ਭਾਂਤ ਦੇ ਸਰੀਰ ਬਣਾ ਬਣਾ ਕੇ ਪ੍ਰਭੂ ਆਪ ਹੀ ਜੀਵਾਂ ਨੂੰ (ਜਗਤ ਵਿਚ) ਘੱਲਦਾ ਹੈ ਤੇ (ਫਿਰ ਇੱਥੋਂ) ਲੈ ਜਾਂਦਾ ਹੈ: "ਜਿਨਸਿ ਥਾਪਿ, ਜੀਆ ਕਉ ਭੇਜੈ; ਜਿਨਸਿ ਥਾਪਿ, ਲੈ ਜਾਵੈ ॥" (ਮ: ੪/ ਅੰਕ ੩੨੬)

(3). ਪ੍ਰਭੂ ਆਪ ਹੀ (ਜੀਵਾਂ ਨੂੰ) ਮਾਰਦਾ ਹੈ (ਜਾਂ) ਪਾਲਦਾ ਹੈ, ਮਨੁੱਖ ਦੇ ਵੱਸ ਕੁਝ ਨਹੀਂ ਹੈ: "ਮਾਰੈ, ਰਾਖੈ, ਏਕੋ ਆਪਿ ॥ ਮਾਨੁਖ ਕੈ, ਕਿਛੁ ਨਾਹੀ ਹਾਥਿ ॥" (ਸੁਖਮਨੀ, ਮ: ੫/ ਅੰਕ ੨੮੧)

ਫਿਰ ਉਪ੍ਰੋਕਤ ਗੁਰ ਉਪਦੇਸ਼ਾਂ ਦੀ ਅਣਦੇਖੀ ਕਰਕੇ ਗੁਰੂ ਘਰ ਦੇ ਅਨਿੰਨ ਸ਼ਰਧਾਲੂ ਬਾਬਾ ਬੁੱਢਾ ਜੀ ਕਿਸ ਤਰ੍ਹਾਂ ਮਾਤਾ ਜੀ ਨੂੰ ਇਹ ਵਰ ਦੇ ਸਕਦੇ ਹਨ ਕਿ ਤੇਰੀ ਕੁੱਖ ਤੋਂ ਅਜੇਹਾ ਸੂਰਬੀਰ ਯੋਧਾ ਪੈਦਾ ਹੋਵੇਗਾ ਜੋ ਵੈਰੀਆਂ ਦੇ ਸਿਰ ਇਉਂ ਭੰਨੇਗਾ ਜਿਵੇਂ ਉਨ੍ਹਾਂ (ਬਾਬਾ ਬੁੱਢਾ ਜੀ) ਨੇ ਆਪਣੀਆਂ ਦੋਵੇਂ ਤਲੀਆਂ ਵਿੱਚ ਰਗੜ ਕੇ ਗੰਢਾ ਭੰਨ ਦਿੱਤਾ ਹੈ। ਬਾਬਾ ਬੁੱਢਾ ਜੀ ਦੇ ਵਰ ਨਾਲ ਬਾਲ ਹਰਿਗੋਬਿੰਦ ਸਾਹਿਬ ਜੀ ਦੇ ਜਨਮ ਹੋਣ ਦੀ ਐਸੀ ਮਨੌਤ ਦਾ ਤਾਂ ਗੁਰੂ ਅਰਜੁਨ ਸਾਹਿਬ ਜੀ ਖ਼ੁਦ ਹੀ ਖੰਡਨ ਕਰਦੇ ਹੋਏ ਲਿਖ ਰਹੇ ਹਨ; ਜਿਵੇਂ: "ਸਤਿਗੁਰ ਸਾਚੈ ਦੀਆ ਭੇਜਿ ॥ ਚਿਰੁ ਜੀਵਨੁ ਉਪਜਿਆ, ਸੰਜੋਗਿ ॥ ਉਦਰੈ ਮਾਹਿ ਆਇ ਕੀਆ ਨਿਵਾਸੁ ॥ ਮਾਤਾ ਕੈਮਨਿ, ਬਹੁਤੁ ਬਿਗਾਸੁ ॥੧॥ ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ ਪ੍ਰਗਟਿਆ ਸਭ ਮਹਿ, ਲਿਖਿਆ ਧੁਰ ਕਾ ॥ ਰਹਾਉ ॥ — ਵਧੀ ਵੇਲਿ, ਬਹੁ ਪੀੜੀ ਚਾਲੀ ॥ਧਰਮ ਕਲਾ, ਹਰਿ ਬੰਧਿ ਬਹਾਲੀ ॥ —- ਗੁਝੀ ਛੰਨੀ ਨਾਹੀ ਬਾਤ ॥ ਗੁਰੁ ਨਾਨਕੁ ਤੁਠਾ, ਕੀਨੀ ਦਾਤਿ ॥" (ਮ: , ਅੰਕ ੩੯੬)

ਜੇ ਕਰ ਗੁਰ ਬਿਲਾਸ ਦੀ ਪ੍ਰਚਾਰੀ ਜਾ ਰਹੀ ਮਨ ਘੜਤ ਕਹਾਣੀ ਸੱਚੀ ਹੁੰਦੀ ਤਾਂ ਗੁਰੂ ਅਰਜੁਨ ਸਾਹਿਬ ਜੀ "ਸਤਿਗੁਰ ਸਾਚੈ (ਨੇ) ਦੀਆ ਭੇਜਿ ॥' ਦੀ ਥਾਂ ਜ਼ਰੂਰ ਲਿਖਦੇ 'ਬਾਬੇ 'ਬੁੱਢੈ' ਦੀਆ ਭੇਜਿ ॥' ਅਤੇ "ਗੁਰੁ ਨਾਨਕੁ ਤੁਠਾ, ਕੀਨੀ ਦਾਤਿ ॥" ਦੀ ਥਾਂ ਲਿਖ ਦਿੰਦੇ: 'ਬਾਬਾ ਬੁੱਢਾ ਤੁਠਾ, ਕੀਨੀ ਦਾਤਿ ॥' ਪਰ ਐਸਾ ਨਹੀਂ ਲਿਖਿਆ ਕਿਉਂਕਿ ਐਸਾ ਹੋ ਹੀ ਨਹੀਂ ਸਕਦਾ।

ਸੋ ਅਜੇਹੀ ਗੁਰਮਤਿ ਵਿਰੋਧੀ ਝੂਠੀ-ਕਹਾਣੀ ਭਾਈ ਮਨੀ ਸਿੰਘ ਜੀ ਦੇ ਮੂੰਹੋਂ ਸੁਣਾਈ ਦਰਸਾਉਣ ਦਾ ਅਪਰਾਧ ਕਰਨ ਵਾਲਾ ਲਿਖਾਰੀ ਨਿਰਸੰਦੇਹ, ਗੁਰਮਤਿ-ਸਿਧਾਂਤ ਦਾ ਵੈਰੀ ਕੋਈ ਬਿੱਪ੍ਰ ਹੋਵੇਗਾ ਅਤੇ ਐਸੀ ਸਾਖੀ ਦਾ ਪ੍ਰਚਾਰ ਕਰਨ ਵਾਲੇ ਡੇਰੇਦਾਰਾਂ ਦਾ ਮਕਸਦ ਹੈ ਭੋਲੀਆਂ ਸੰਗਤਾਂ ਦੇ ਮਨ ਵਿੱਚ ਇਹ ਬਿਠਾਉਣਾ ਕਿ ਕੋਈ (ਉਨ੍ਹਾਂ ਵਰਗਾ) ਪਹੁੰਚਿਆ ਹੋਇਆ ਸੰਤ ਆਪਣੀ ਮੌਜ਼ ਵਿੱਚ ਆਇਆ ਬਾਬਾ ਬੁੱਢਾ ਜੀ ਵਾਂਗ ਕੋਈ ਵੀ ਵਰ ਦੇ ਸਕਦਾ ਹੈ ਅਤੇ ਕਿਸੇ ਵਜ੍ਹਾ ਸ਼ਰਧਾਲੂ ਨਾਲਨਰਾਜ਼ ਹੋਇਆ ਸਰਾਪ ਵੀ ਦੇ ਸਕਦਾ ਹੈ ਜਿਵੇਂ ਕਿ ਮਨਘੜਤ ਕਹਾਣੀ ਰਾਹੀਂ ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਜੀ ਨੂੰ ਸਰਾਪ ਦਿੰਦਿਆਂ ਕਹਿ ਦਿੱਤਾ ਸੀ ਕਿ 'ਗੁਰੂ ਕਿਆਂ ਨੂੰ ਕੀ ਭਾਜੜਾਂ ਪੈ ਗਈਆਂ ?'

ਸਾਨੂੰ ਗੁਰਬਾਣੀ ਅਤੇ ਬਾਬਾ ਬੁੱਢਾ ਜੀ ਦੇ ਉੱਚੇ ਸੁੱਚੇ ਜੀਵਨ ਤੋਂ ਗੁਰਮਤਿ ਅਨੁਸਾਰੀ ਸੇਧ ਲੈਣੀ ਚਾਹੀਦੀ ਹੈ ਨਾ ਕਿ ਗੁਰਬਿਲਾਸ ਵਰਗੀ ਪੁਸਤਕ ਦੀਆਂ ਮਨਘੜਤ ਕਹਾਣੀਆਂ ਵਿੱਚ ਬਿਨਾ ਗੁਰਬਾਣੀ ਦੀ ਕਸਵੱਟੀ 'ਤੇ ਪਰਖਿਆਂ ਵਿਸ਼ਵਾਸ਼ ਕਰਨਾ ਚਾਹੀਦਾ ਹੈ।




# ਸਿੱਖ ਰਾਜ ਕਿਵੇਂ ਬਣਿਆ?

ਲੇਖਕ : ਗਿ: ਸੋਹਨ ਸਿੰਘ 'ਸੀਤਲ'

ਕਿਸ਼ਤ - 50

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਸੋ ਉਹਨੇ ਏਸ ਕੰਮ ਵਾਸਤੇ ਸਾਰਾ ਬਲ ਲਾ ਦੇਣ ਦਾ ਫ਼ੈਸਲਾ ਕਰ ਲਿਆ। ਇਲਾਕੇ ਵਿਚ ਨਵੇਂ ਉਤਸ਼ਾਹ ਨਾਲ ਗਸ਼ਤੀ ਫ਼ੌਜਾਂ ਦੀ ਚੜਾਈ ਹੋਈ। ਸਿੰਘ ਸਮਾਂ ਵਿਚਾਰ ਕੇ ਮਾਲਵੇ ਨੂੰ ਨਿਕਲ ਗਏ ਤੇ ਕੁਛ ਪਹਾੜਾਂ ਉਤੇ ਜਾ ਚੜੇ ਜਾਂ ਜੰਗਲਾਂ ਵਿਚ ਲੁਕ ਗਏ।

## ਗੁਰਬਖ਼ਸ਼ ਸਿੰਘ ਦੀ ਸ਼ਹੀਦੀ

ਜਹਾਨ ਖ਼ਾਂ ਆਪ ਫ਼ੌਜਾਂ ਲੈ ਕੇ ਅੰਮ੍ਰਿਤਸਰ 'ਤੇ ਚੜ ਆਇਆ। ਉਸ ਵੇਲੇ ਓਥੇ ਬਾਬਾਗੁਰਬਖ਼ਸ਼ ਸਿੰਘ ਹਰਿਮੰਦਰ ਸਾਹਿਬ ਦੀ ਰਾਖੀ ਕਰ ਰਿਹਾ ਸੀ। ਉਹ ਪਿੰਡ 'ਲੀਲ' ਤਸੀਲ ਕਸੂਰ ਦਾ ਸੀ। ਉਹਨੇ ਭਾਈ ਮੰਨੀ ਸਿੰਘ ਜੀ ਤੋਂ ਅੰਮ੍ਰਿਤ ਛਕਿਆ ਸੀ।ਉਹ ਬੜਾ ਭਜਨੀਕ-ਸੰਤ ਰੂਪ-ਨਿਹੰਗ ਸਿੰਘ ਸੀ। ਉਹ ਹਰ ਵੇਲੇ ਨੀਲੇ ਬਸਤਰ ਪਹਿਨਿਆ ਕਰਦਾ ਸੀ। ਬਾਕੀ ਸਿੰਘ ਤਾਂ ਜੰਗਲਾਂ ਨੂੰ ਨੱਸ ਗਏ, ਪਰ ਬਾਬਾ ਗੁਰਬਖ਼ਸ਼ ਸਿੰਘ ਆਪਣੇ ਗਿਣਤੀ ਦੇ ਸਾਥੀਆਂ ਸਣੇ-ਸ਼ਹੀਦੀ

ਗਾਂਨੇ ਸਜਾ ਕੇ-ਅਕਾਲ ਤਖ਼ਤ 'ਤੇ ਡਟਿਆ ਰਿਹਾ। ਜਹਾਨ ਖ਼ਾਂ ਨੇ ਹਮਲਾ ਕੀਤਾ, ਤਾਂ ਬਾਬਾ ਗੁਰਬਖ਼ਸ਼ ਸਿੰਘ ਤੇ ਉਹਦੇ ਸਾਥੀ ਸੂਰਮਿਆਂ ਵਾਂਗ ਲੜ ਕੇ ਸ਼ਹੀਦ ਹੋਏ। ਉਹਨਾਂ ਦਾ ਸ਼ਹੀਦ ਗੰਜ ਸ੍ਰੀ ਅਕਾਲ ਤਖ਼ਤ ਦੇ ਪਿਛਲੇ ਪਾਸੇ ਹੈ

## ਜਹਾਨ ਖ਼ਾਂ ਨੇ ਅੰਮ੍ਰਿਤਸਰ ਬੇਅਦਬੀ ਕੀਤੀ

ਜਹਾਨ ਖਾਂ ਨੇ ਅੰਮ੍ਰਿਤਸਰ ਉੱਤੇ ਕਬਜ਼ਾ ਕਰ ਲਿਆ।ਉਹਨੇ ਓਥੋਂ ਦੇ ਗੁਰਦੁਆਰੇ ਢਾਹ ਦਿੱਤੇ ਤੇ ਸਰੋਵਰ ਪੂਰ ਦਿੱਤਾ। ਸਿੱਖਾਂ ਦਾ ਬਣਾਇਆ ਕਿਲਾ ਰਾਮਗੜ ਢਾਹ ਦਿੱਤਾ ਗਿਆ। ਉਹਦੇ ਵਿਚਲੇ ਕੁਛ ਸਿੱਖ ਸ਼ਹੀਦ ਕਰ ਦਿੱਤੇ ਗਏ। ਅੰਮ੍ਰਿਤਸਰ ਦੀ ਵਸੋਂ ਬੁਰੀ ਤਰਾਂ ਲੁੱਟੀ ਤੇ ਉਸ ਉੱਤੇ-ਨਾ ਕਹੇ ਜਾਣ ਵਾਲੇ-ਜ਼ੁਲਮ ਕੀਤੇ।

## ਬਾਬਾ ਦੀਪ ਸਿੰਘ ਦੀਤਲਵੰਡੀ ਤੋਂ ਤਿਆਰੀ

ਬੈਠੀ ਸੀ। ਮਿਸਲ ਦਾ ਜੱਥੇਦਾਰ ਬਾਬਾ ਦੀਪ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਉਤਾਰਾ ਕਰ ਰਿਹਾ ਸੀ। ਹਰਿਮੰਦਰ ਸਾਹਿਬ ਦੀ ਬੇਅਦਬੀ ਦੀ ਖ਼ਬਰ ਸੁਣੀ, ਤਾਂ ਉਸ ਸੰਤ ਸਿਪਾਹੀ ਨੇ ਕਲਮ ਰਖ ਦਿੱਤੀ ਤੇ ਤਲਵਾਰ ਫੜ ਲਈ। ਦਮਦਮਾ ਸਾਹਿਬ ਦੀ ਸੇਵਾ ਆਪਣੇ ਭਤੀਜੇ ਸੱਦਾ ਸਿੰਘ ਨੂੰ ਸੌਂਪ ਕੇ ਬਾਬਾ ਦੀਪ ਸਿੰਘ ਆਪਣਾ ਜੱਥਾ ਲੈ ਕੇ ਅੰਮ੍ਰਿਤਸਰ ਨੂੰ ਤੁਰ ਪਿਆ। ਪਿੰਡ ਜੱਗਾ, ਬਾਹਮਣੀ ਵਾਲਾ, ਨੇਹੀਆਂ ਵਾਲਾ, ਬਿੱਜੂਕੇ, ਗੁਰੂ ਚੌਂਤਰਾ, ਫੂਲ, ਮਰਾਜ, ਦਰਾਜ, ਭੁੱਚੋ, ਗੋਬਿੰਦਪੁਰਾ, ਕੋਟ, ਲੱਖੀ ਜੰਗਲ ਵਿਚ ਦੀ ਹੁੰਦਾ ਹੋਇਆ ਜੱਥਾ ਫ਼ੀਰੋਜ਼ਪੁਰ, ਖੇਮ ਕਰਨ ਰਾਹੀਂ ਤਰਨ ਤਾਰਨ ਆ ਬੈਠਾ। ਏਥੋਂ ਤਕ ਆਉਂਦਿਆਂ ਸਿੰਘਾਂ ਦੀ ਗਿਣਤੀ ਪੰਜ ਹਜ਼ਾਰ ਹੋ ਗਈ। ਏਥੇ ਇਲਾਕੇ ਦੇ ਪਿੰਡਾਂ ਵਿਚ ਖ਼ਬਰ ਖਿਲਰ ਗਈ, ਕਿ ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ ਸ਼ਹੀਦ ਹੋਣ ਵਾਸਤੇ ਜਾ ਰਹੇ ਹਨ। ਇਹ ਸੁਣ ਕੇ ਸਿੰਘ ਲੱਗੇ ਤਰਨ ਤਾਰਨ ਕੱਠੇ ਹੋਣ। ਲੜਾਈ ਵਾਲੇ ਦਿਨ ਤਕ ਸਾਰੇ ਸਿੰਘਾਂ ਦੀ ਗਿਣਤੀ ਦਸ ਹਜ਼ਾਰ ਤਕ ਅਪੜ ਗਈ।

## ਜਹਾਨ ਖ਼ਾ ਦੀ ਫ਼ੌਜ

ਅਗੇ ਜਹਾਨ ਖਾਂ ਨੇ ਗੋਲਵੜ ਮੋਰਚੇ ਆ ਮੱਲੇ। ਆਪਣੀ ਮਦਦ ਵਾਸਤੇ ਉਹਨੇ ਇਲਾਕੇ ਦੇ ਸਭ ਹਾਕਮ ਬੁਲਾ ਲਏ। ਲਾਹੌਰ ਵਿਚ ਰਹਿਣ ਵਾਲੇ ਹਰ ਅਸਵਾਰ ਨੂੰ ਲੜਾਈ ਵਿਚ ਜਾਣ ਦਾ ਹੁਕਮ ਦਿੱਤਾ ਗਿਆ। ਜਹਾਨ ਖਾਂ ਦੇ ਨਾਲ ਹਾਜੀ ਅੱਤੇ ਖਾਂ, ਕਾਸਮ ਖਾਂ ਪੱਟੀ ਵਾਲਾ, ਮੀਰ ਨਿਅਮਤੁੱਲਾ, ਸੱਯਦ ਸਾਬਰਅਲੀ, ਅਮੀਰ ਜਾਨਖਾਨ ਪੰਜ ਹਜ਼ਾਰੀ, ਅਯੂਬ ਖਾਂ, ਅਮਾਨ ਖਾਂ, ਯਾਕੂਬ ਖਾਂ, ਜ਼ਬਰਦਸਤ ਖਾਂ, ਰੁਸਤਮ ਖਾਂ ਆਦਿ ਅਫ਼ਸਰ ਸਨ।

## ਗੋਲਵੜ ਦੀ ਲੜਾਈ

11 ਨਵੰਬਰ, 1757 ਈ: ਨੂੰ ਹੋਈ। ਸਿੰਘਾਂ ਨੇ ਤਰਨ ਤਾਰਨੋਂ ਉਠ ਕੇਜਹਾਨ ਦੀਖਾਂ ਉੱਤੇ ਹਮਲਾ ਕੀਤਾ। ਪਹਿਲੇ ਹੱਲੇ ਵਿਚ ਹੀ ਮੁਸਲਮ ਫ਼ੌਜ ਪਿਛਾਂਹ ਨੂੰ ਨੱਸ ਉਠੀ। ਜਹਾਨ ਖਾਂ ਨੇ ਆਪਣੀ ਫ਼ੌਜ ਨੂੰ ਨੱਸਣ ਤੋਂ ਰੋਕਣ ਵਾਸਤੇ ਤਲਵਾਰ ਨਾਲ ਆਪਣੇ ਹੀ ਕੁਛ ਸਿਪਾਹੀ ਵਟਣ ਕੀਤੇ। ਇਸ ਤਰਾਂ ਦੋਹੀਂ ਪਾਸੀਂ ਮੌਤ ਵੇਖ ਕੇ ਮੁਸਲਮ ਫ਼ੌਜ ਮਾਰੀਦੀ ਲੜਨ ਲੱਗੀ। ਉਹ ਸਿੰਘਾਂ ਦੇ ਅਥਾਹ ਜੋਸ਼ ਅੱਗੇ ਖਲੋ ਨਾ ਸਕੀ। ਅਖ਼ੀਰ ਲੜਦੇ ਲੜਾਉਂਦੇ ਮੁਸਲਮ ਜਰਨੈਲ ਪਿਛਲੇ ਪੈਰੀਂ ਅੰਮ੍ਰਿਤਸਰ ਨੂੰ ਹਟਣ ਲਗੇ। ਦੋਵੇਂ ਦਲ ਲੜਦੇ ਲੜਦੇ ਰਾਮ ਸਰ (ਅੰਮ੍ਰਿਤਸਰ) ਕੋਲ ਜਾਂ ਅਪੜੇ। ਏਥੇ ਬੜਾ ਘਮਸਾਣ ਦਾ ਯੁੱਧ ਹੋਇਆ। ਅਮਾਨ ਖਾਂ ਤੇ ਬਾਬਾ ਦੀਪ ਸਿੰਘ ਆਮੋ-ਸਾਮਣੇ ਆ ਭਿੜੇ। ਸਾਂਝੇ ਵਾਰ ਨਾਲ ਦੋਹਾਂ ਬਹਾਦਰਾਂ ਦੇ ਸਿਰ ਲਹਿ ਗਏ। ਗਿ, ਗਿਆਨ ਸਿੰਘ ਜੀ ਪੰਥ ਪ੍ਰਕਾਸ਼ (ਪੰਨਾ ੭੯੫) ਵਿਚ ਲਿਖਦੇ ਹਨ, ਕਿ ਇਹ ਘਟਨਾ ਪਿੰਡ ਚਾਟੀ ਵਿੰਡ ਕੋਲ ਹੋਈ। ਕੋਲੋਂ ਇਕ ਸਿੰਘ ਨੇ ਬੋਲੀ ਮਾਰੀ, ਕਿ ਬਾਬਾ ਜੀ = ਆਪ ਨੇ ਤਾਂ ਅੰਮ੍ਰਿਤਸਰ ਪਹੁੰਚ ਕੇ ਸੀਸ ਭੇਟ ਕਰਨ ਦਾ ਬਚਨ ਕੀਤਾ ਸੀ। ਪਰ ਹੁਣ ਰਾਹੇ ਆਸਣ ਜਮਾ ਬਹਿਣ ਲੱਗੇ ਓ ਇਹ ਸੁਣ ਕੇ ਬਾਬਾ ਦੀਪ ਸਿੰਘ ਨੇ ਖੱਬੇ ਹੱਥ 'ਤੇ ਸਿਰ ਧਰ ਲਿਆ ਤੇ ਲੜਦੇ ਹੋਏ ਰਾਮਸਰ ਕੋਲ ਜਾ ਅਪੜੇ। ਸਿੰਘਾਂ ਨੇ ਕਿਹਾ ਧੰਨ ਬਾਬਾ ਦੀਪ ਸਿੰਘ' ਜਿਸ ਦਾ ਧੜ ਲੜਦਾ ਅੰਮ੍ਰਿਤਸਰ ਆ ਪੁੱਜਾ ਹੈ। ਇਹ ਵਾਕ ਸੁਣ ਕੇ ਬਾਬਾ ਜੀ ਨੇ ਓਥੇ ਹੀ ਸਿਰ ਧਰ ਦਿੱਤਾਫ਼ ਬਾਕੀ ਇਤਿਹਾਸਾਂ ਵਿਚ ਲਿਖਿਆ ਹੈ, ਕਿ ਬਾਬਾ ਜੀ ਸ਼ਹੀਦ ਹੀ ਗੁ। ਰਾਮਸਰ ਕੋਲ ਹੋਏ। ਓਥੇ ਅੱਜ ਤੱਕ ਸ਼ਹੀਦ ਗੰਜ ਹੈ। ਬਾਬਾ ਦੀਪ ਸਿੰਘ ਦੇ ਸ਼ਹੀਦ ਹੋਣ 'ਤੇ ਵੀ ਲੜਾਈ ਮੁੱਕੀ ਨਹੀਂ।ਸਿੰਘ ਸ਼ੇਰਾਂ ਵਾਂਗ ਹੱਲੇ ਕਰਦੇ ਤੇ ਲਹੂ ਦੀ ਹੋਲੀ ਖੇਡਦੇ ਅੱਗੇ ਵਧਦੇ ਗਏ। ਗੁਰੂ ਕੇ ਬਾਗ, ਅੰਮ੍ਰਿਤ ਸਰੋਵਰ ਦੀਆਂ ਪਰਕਰਮਾਂ ਤੇ ਅਕਾਲ ਤਖ਼ਤ

ਦੇ ਪਿਛਲੇ ਪਾਸੇ ਤਕ ਬੜਾ ਲਹੂ ਡੋਲਵਾਂ ਘਮਸਾਣ ਹੋਇਆ। ਵੈਰੀ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਛੱਡ ਕੇ ਪਿਛੇ ਹਟ ਗਿਆ। ਰਾਤ ਪਈ ਲੜਾਈ ਬੰਦ ਹੋਈ। ਦੋਹਾਂ ਧਿਰਾਂ ਦੇ ਹਜ਼ਾਰਾਂ ਸਿਪਾਹੀ ਤੇ ਕੋਈ ਨਾਮਵਰ ਸਰਦਾਰ ਮਾਰੇ ਗਏ। ਸ। ਦਿਆਲ ਸਿੰਘ ਦੇ ਹੱਥੋਂ ਅਮੀਰ ਜਾਨ ਖ਼ਾਨ ਮਾਰਿਆ ਗਿਆ। ਬਾਬਾ ਦੀਪ ਸਿੰਘ ਦੇ ਹੱਥੋਂ ਯਾਕੂਬ ਖਾਂ, ਮੀਰ ਨਿਅਮਤੁੱਲਾ ਤੇ ਅਮਾਨ ਖਾਂ ਮਾਰੇ ਗਏ। ਸੱਯਦ ਸਾਬਰ ਅਲੀ ਤੇ ਸ: ਹੀਰਾ ਸਿੰਘ ਆਪਸ ਵਿਚ ਲੜ ਕੇ ਸ਼ਹੀਦ ਹੋਏ। ਸ। ਬਲਵੰਤ ਸਿੰਘ ਨੇ ਜ਼ਬਰਦਸਤ ਖਾਂ ਨੂੰ ਚੱਕਰ ਨਾਲ ਮਾਰਿਆ। ਫਿਰ ਰੁਸਤਮ ਖਾਂ ਤੇ ਬਲਵੰਤ ਸਿੰਘ ਸਾਂਝੇ ਵਾਰ ਨਾਲ ਸ਼ਹੀਦ ਹੋਏ। ਜਿੱਥੇ-ਜਿੱਥੇ ਕੋਈ ਸਿੰਘ ਸ਼ਹੀਦ ਹੋਇਆ, ਓਥੇ-ਓਥੇ ਉਸ ਦਾ ਸ਼ਹੀਦ ਗੰਜ ਬਣਿਆ ਹੋਇਆ ਹੈ। ਸ। ਨੋਧ ਸਿੰਘ ਪਿੰਡ ਚੱਬੇ ਕੋਲ ਸ਼ਹੀਦ ਹੋਇਆ, ਜਿਸ ਦਾ ਸ਼ਹੀਦ ਗੰਜ ਪੱਕੀ ਸੜਕ ਦੇ ਵਿਚ ਬਣਿਆ ਹੋਇਆ ਹੈ। ਹਰੀ ਸਿੰਘ ਤੇ ਬੀਰ ਸਿੰਘ ਸੰਗਰਾਣੇ ਕੋਲ ਸ਼ਹੀਦ ਹੋਏ। ਮਤਾਬ ਸਿੰਘ ਗਿੱਲ ਬਾਬਾ ਦੀਪ ਸਿੰਘ ਕੋਲ ਚਾਟੀ ਵਿੰਡ ਦੇ ਦਰਵਾਜ਼ੇ ਅੱਗੇ ਸ਼ਹੀਦ ਹੋਇਆ। ਧਰਮ ਸਿੰਘ ਬਬੇਕਸਰ ਕੋਲ ਸ਼ਹੀਦ ਹੋਇਆਫ਼ ਕੌਰ ਸਿੰਘ, ਮੰਨਾ ਸਿੰਘ, ਬਸੰਤ ਸਿੰਘ (ਸੰਤ ਸਿੰਘ) ਤੇ ਬੀਰ ਸਿੰਘ ਮੰਗਨੀ ਰਾਮ ਦੇ ਅਖਾੜੇ ਕੋਲ ਸ਼ਹੀਦ ਹੋਏ।

☛ ਬਾਕੀ ਅਗਲੇ ਅੰਕ ਵਿੱਚ

# ਬਾਬੇ ਨਾਨਕ ਦਾ ਸੰਗੀ ਸਾਥੀ - ਭਾਈ ਮਰਦਾਨਾ

ਲੇਖਕ : ਬਲਵਿੰਦਰ ਸਿੰਘ ਭੁੱਲਰ,
ਸੰਪਰਕ : 98882-75913

'ਛੇੜ ਮਰਦਾਨਿਆਂ ਰਬਾਬ ਬਾਣੀ ਆਈ ਆ' ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਖਾਰਬਿੰਦ ਵਿੱਚੋਂ ਇਹ ਸ਼ਬਦ ਸੁਣਦਿਆਂ ਹੀ ਮਰਦਾਨਾ ਆਪਣੀਆਂ ਉਂਗਲਾਂ ਦੀ ਹਰਕਤ ਨਾਲ ਰਬਾਬ ਤੋਂ ਸੰਗੀਤਕ ਧੁਨਾਂ ਬਖੇਰਦਾ ਤਾਂ ਬਾਬਾ ਨਾਨਕ ਰੱਬੀ ਬਾਣੀ ਉਚਾਰਦੇ। ਕਈ ਦਹਾਕੇ ਇਹ ਸਾਥ ਨਿਭਿਆ ਅਤੇ ਅਜਿਹੀ ਬਾਣੀ ਉਚਾਰੀ ਗਈ ਜਿਸ 'ਤੇ ਅਮਲ ਕਰਿਆਂ ਅੱਜ ਵੀ ਜੀਵਨ ਸਫ਼ਲ ਹੋ ਜਾਂਦਾ ਹੈ।

ਪਿੰਡ ਰਾਇ ਭੋਏ ਦੀ ਤਲਵੰਡੀ, ਜ਼ਿਲ੍ਹਾ ਸੇਖੂਪੁਰਾ ਜੋ ਪਾਕਿਸਤਾਨ ਵਿੱਚ ਹੁਣ ਨਨਕਾਣਾ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਵਿਖੇ ਭਾਈ ਮਰਦਾਨਾ ਦਾ ਜਨਮ ਮੀਰ ਬਾਦਰੇ ਦੇ ਘਰ ਮਾਈ ਲੱਖੋ ਦੀ ਕੁੱਖੋਂ ਹੋਇਆ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ 9 ਸਾਲ ਵੱਡਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਤਾ ਮਹਿਤਾ ਕਾਲੂ ਰਾਏ ਭੋਇ ਦੀ ਤਲਵੰਡੀ ਦੇ ਪਟਵਾਰੀ ਹੋਣ ਕਾਰਨ ਉੱਥੇ ਰਹਿੰਦੇ ਸਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਵੀ ਉੱਥੇ ਹੀ ਹੋਇਆ। ਭਾਈ ਮਰਦਾਨੇ ਨੇ ਜਦੋਂ ਬਾਲ ਨਾਨਕ ਦੇਵ ਦੇ ਦਰਸ਼ਨ ਕੀਤੇ ਤਾਂ ਉਹ ਇਸ ਰੂਹਾਨੀ ਜੋਤ ਨੂੰ ਦੇਖ ਦੇ ਨਿਹਾਲ ਹੋ ਗਿਆ। ਦੋਵੇਂ ਬਚਪਨ ਦੇ ਸਾਥੀ ਬਣ ਗਏ ਅਤੇ ਇਹ ਸਾਥ ਮਰਦਾਨੇ ਨੇ ਆਪਣੇ ਆਖਰੀ ਸਾਹ ਤਕ ਨਿਭਾਇਆ।

ਭਰ ਜਵਾਨੀ ਸਮੇਂ ਸੁਲਤਾਨਪੁਰ ਲੋਧੀ ਵਿਖੇ ਮੋਦੀਖਾਨੇ ਦੀ ਨੌਕਰੀ ਤਿਆਗ ਕੇ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਈ ਨੂੰ ਸੇਵਾ, ਸਿਮਰਨ, ਮਿਹਨਤ ਕਰਨ ਅਤੇ ਅਕਾਲ ਪੁਰਖ ਦਾ ਸੰਦੇਸ਼ ਦੇਣ ਲਈ ਯਾਤਰਾ ਕਰਨ ਦਾ ਮਨ ਬਣਾਇਆ ਤਾਂ ਉਹਨਾਂ ਬਚਪਨ ਦੇ ਸਾਥੀ ਮਰਦਾਨੇ ਨੂੰ ਸਾਥ ਨਿਭਾਉਣ ਲਈ ਕਿਹਾ। ਭਾਈ ਮਰਦਾਨੇ ਵੱਲੋਂ ਹਾਂ ਕਰਨ 'ਤੇ ਗੁਰੂ ਨਾਨਕ ਦੇਵ ਜੀ ਨੇ ਬੀਬੀ ਨਾਨਕੀ ਤੋਂ ਪੈਸੇ ਦਿਵਾਉਂਦਿਆਂ ਉਸ ਨੂੰ ਰਬਾਬ ਖਰੀਦ ਕੇ ਲਿਆਉਣ ਲਈ ਕਿਹਾ।

ਭਾਈ ਮਰਦਾਨਾ ਰਬਾਬ ਲੈ ਆਇਆ ਤਾਂ ਗੁਰੂ ਨਾਨਕ ਦੇਵ ਜੀ ਨੇ ਸੰਗੀਤਕ ਧੁਨਾਂ ਛੇੜਨ ਲਈ ਕਿਹਾ। ਉਂਗਲਾਂ ਨੇ ਰਬਾਬ ਦੀਆਂ ਤਾਰਾਂ 'ਤੇ ਹਰਕਤ ਕੀਤੀ ਤਾਂ 'ਧੰਨ ਨਿਰੰਕਾਰ ਨਾਨਕ ਤੇਰਾ ਬੰਦਾ' ਦੀ ਆਵਾਜ਼ ਸੁਣਾਈ ਦਿੱਤੀ। ਬਚਪਨ ਦਾ ਸਾਥ ਰਬਾਬ ਨੇ ਅਜਿਹਾ ਪੱਕਾ ਕਰ ਦਿੱਤਾ ਕਿ ਗੁਰੂ ਜੀ ਵੱਲੋਂ ਦੁਨੀਆਂ ਭਰ ਵਿੱਚ ਕੀਤੀਆਂ ਉਦਾਸੀਆਂ ਸਮੇਂ ਭਾਈ ਬਾਲਾ ਤੋਂ ਇਲਾਵਾ ਭਾਈ ਮਰਦਾਨਾ ਤੇ ਉਸਦੀ ਰਬਾਬ ਨੇ ਪੂਰਾ ਸਾਥ ਦਿੱਤਾ। ਰੂਹਾਨੀ ਜੋਤ ਦੇ ਇਸ ਸਾਥ ਸਦਕਾ ਭਾਈ ਮਰਦਾਨੇ ਦੀ ਗਿਣਤੀ ਭਗਤਾਂ ਵਿੱਚ ਹੋਣ ਲੱਗੀ।



ਦੇਸ ਦਸੰਤਰਾਂ ਦੀ ਯਾਤਰਾ ਕਰਦੇ ਹੋਏ ਜਦੋਂ ਗੁਰੂ ਨਾਨਕ ਦੇਵ ਜੀ ਆਪਣੇ ਸਾਥੀਆਂ ਭਾਈ ਮਰਦਾਨਾ ਤੇ ਭਾਈ ਬਾਲਾ ਸਮੇਤ ਅਫਗਾਨਿਸਤਾਨ ਦੇ ਸ਼ਹਿਰ ਖੁਰਮ ਪੁੱਜੇ, ਤਾਂ ਬਾਬਾ ਨਾਨਕ ਤੇ ਭਾਈ ਮਰਦਾਨਾ ਦਾ ਲੰਬੇ ਸਮੇਂ ਤੋਂ ਚੱਲਿਆ ਆ ਰਿਹਾ ਸਾਥ ਵਿਛੜਣ ਦਾ ਸਮਾਂ ਆ ਗਿਆ ਅਤੇ ਭਾਈ ਮਰਦਾਨੇ ਨੇ ਗੁਰੂ ਜੀ ਦੇ ਸਨਮੁੱਖ ਜ਼ਿੰਦਗੀ ਦਾ ਆਖਰੀ ਸਵਾਸ ਲੈਂਦਿਆਂ ਇਸ ਦੁਨੀਆਂ ਨੂੰ ਅਲਵਿਦਾ ਕਹਿ ਦਿੱਤਾ। ਗੁਰੂ ਜੀ ਨੇ ਆਪਣੇ ਇਸ ਬਚਪਨ ਦੇ ਸਾਥੀ ਦਾ ਆਪਣੇ ਹੱਥੀਂ ਖੁਰਮ ਸ਼ਹਿਰ ਵਿਖੇ ਹੀ ਸਸਕਾਰ ਕੀਤਾ ਅਤੇ ਫਿਰ ਭਾਈ ਬਾਲਾ ਸਮੇਤ ਵਾਪਸ ਰਾਏ ਭੋਇ ਦੀ ਤਲਵੰਡੀ ਆ ਗਏ।

ਗੁਰੂ ਜੀ ਨੇ ਭਾਈ ਬਾਲੇ ਨੂੰ ਭੇਜ ਕੇ ਭਾਈ ਮਰਦਾਨੇ ਦੇ ਪਰਿਵਾਰ ਨੂੰ ਜਾਣਕਾਰੀ ਦਿੱਤੀ ਤਾਂ ਭਾਈ ਮਰਦਾਨੇ ਦਾ ਪੁੱਤਰ ਸ਼ਹਿਜਾਦਾ ਗੁਰੂ ਜੀ ਕੋਲ ਆਇਆ ਤਾਂ ਉਹਨਾਂ ਸ਼ਹਿਜਾਦੇ ਨੂੰ ਦੱਸਿਆ ਕਿ ਭਾਈ ਮਰਦਾਨੇ ਦੀ ਇੱਛਾ ਸੀ ਕਿ ਉਸਦਾ ਸਸਕਾਰ ਕੀਤਾ ਜਾਵੇ ਤਾਂ ਜੋ ਉਸਦੀ ਮੁਕਤੀ ਹੋ ਜਾਵੇ ਅਤੇ ਉਹ ਧਰਤੀ ਵਿੱਚ ਦੱਬਿਆ ਹੀ ਨਾ ਰਹਿ ਜਾਵੇ। ਇਸ ਲਈ ਉਸਦੀ ਅੰਤਿਮ ਇੱਛਾ ਪੂਰੀ ਕਰਦਿਆਂ ਉਸਦਾ ਸਸਕਾਰ ਕਰ ਦਿੱਤਾ ਹੈ। ਇਸ ਉਪਰੰਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਹਿਜਾਦੇ ਨੂੰ ਸਿਰੋਪਾ ਦਿੱਤਾ ਤਾਂ ਉਸਨੇ ਆਪਣੇ ਬਾਪ ਦੇ ਸਸਕਾਰ ਵਾਲੇ ਸਥਾਨ 'ਤੇ ਜਾਣ ਦੀ ਇੱਛਾ ਜ਼ਾਹਰ ਕੀਤੀ।

ਗੁਰੂ ਨਾਨਕ ਦੇਵ ਜੀ ਭਾਈ ਬਾਲਾ ਤੇ ਸ਼ਹਿਜਾਦੇ ਸਮੇਤ ਲਾਹੌਰ, ਸ਼ਾਹਦਰਾ, ਸਿਆਲਕੋਟ, ਤਿਲ੍ਹੰਬਾ ਆਦਿ ਸ਼ਹਿਰਾਂ ਵਿਚਦੀ ਹੁੰਦੇ ਹੋਏ ਖੁਰਮ ਪਹੁੰਚੇ। ਸ਼ਹਿਜਾਦੇ ਨੇ ਆਪਣੇ ਪਿਤਾ ਭਾਈ ਮਰਦਾਨੇ ਦੀ ਮੜ੍ਹੀ ਨੂੰ ਨਤਮਸਤਕ ਕੀਤਾ ਤਾਂ ਗੁਰੂ ਜੀ ਨੇ ਸ਼ਹਿਜਾਦੇ ਨੂੰ ਕਿਹਾ ਕਿ ਇਹ ਭਾਈ ਮਰਦਾਨੇ ਦਾ ਅੰਤਿਮ ਅਸਥਾਨ ਹੈ, ਇਸ ਲਈ ਤੂੰ ਆਪਣੇ ਪਰਿਵਾਰ ਸਮੇਤ ਇੱਥੇ ਰਹਿਣ ਲੱਗ ਪਓ, ਹੁਣ ਮਰਦਾਨੇ ਦੀ ਥਾਂ ਤੇਰੀ ਮੰਜੀ ਹੋਵੇਗੀ। ਗੁਰੂ ਜੀ ਨੇ ਉਸ ਨੂੰ ਵਚਨ ਦਿੱਤਾ ਕਿ ਅਸੀਂ ਤੇਰੇ ਅੰਗ ਸੰਗ ਰਹਾਂਗੇ। ਜਦੋਂ ਤੂੰ ਯਾਦ ਕਰੇਂਗਾ। ਅਸੀਂ ਹਾਜ਼ਰ ਹੋਵਾਂਗੇ। ਸ਼ਹਿਜਾਦੇ ਨੇ ਗੁਰੂ ਜੀ ਦੇ ਚਰਨਾਂ ਵਿੱਚ ਮੱਥਾ ਟੇਕ ਕੇ ਉੱਥੇ ਰਹਿਣ ਦਾ ਭਰੋਸਾ ਦਿੱਤਾ। ਕੁਝ ਇਤਿਹਾਸਕਾਰ ਭਾਈ ਮਰਦਾਨੇ ਦੀ ਮੌਤ ਦਾ ਸਥਾਨ ਕਰਤਾਰਪੁਰ ਅਤੇ ਕੁਝ ਬਗਦਾਦ ਨੂੰ ਵੀ ਮੰਨਦੇ ਹਨ।

ਗੁਰੂ ਜੀ ਦੀ ਅਪਾਰ ਕ੍ਰਿਪਾ ਸਦਕਾ ਸ਼ਹਿਜਾਦਾ ਵੀ ਆਪਣੇ ਪਿਤਾ ਵਾਂਗ ਰਬਾਬ ਦਾ ਮਾਹਰ ਬਣਿਆ। ਇਸ ਉਪਰੰਤ ਪੀੜ੍ਹੀ ਦਰ ਪੀੜ੍ਹੀ ਭਾਈ ਮਰਦਾਨੇ ਦਾ ਬੰਸ ਗੁਰਬਾਣੀ ਦਾ ਕੀਰਤਨ ਕਰਦਾ ਆ ਰਿਹਾ ਹੈ ਅਤੇ ਇਸ ਬੰਸ ਦੇ ਕੀਰਤਨੀਆਂ ਤੋਂ ਕੀਰਤਨ ਪਰਵਾਹ ਸੁਣਦਿਆਂ ਸਿੱਖ ਸੰਗਤਾਂ ਬਾਬਾ ਨਾਨਕ ਤੇ ਭਾਈ ਮਰਦਾਨਾ ਦੇ ਰੂਹਾਨੀ ਦਰਸ਼ਣ ਕਰਦੀਆਂ ਹਨ। ਅੱਜ ਕੱਲ੍ਹ ਇਸ ਬੰਸ ਦੀ 17ਵੀਂ ਪੀੜ੍ਹੀ ਵਿੱਚੋਂ ਅਸ਼ਿਕ ਅਲੀ ਜੋ ਭਾਈ ਲਾਲ ਜੀ ਦੇ ਨਾਂ ਨਾਲ ਪ੍ਰਸਿੱਧ ਹਨ, ਆਪਣੀ ਪਰਿਵਾਰਕ ਜ਼ਿੰਮੇਵਾਰੀ ਨਿਭਾਉਂਦਿਆਂ ਲੋਕਾਈ ਨੂੰ ਕੀਰਤਨ ਨਾਲ ਨਿਹਾਲ ਕਰ ਰਹੇ ਹਨ। ਸਮੁੱਚੀ ਸਿੱਖ ਕੌਮ ਭਾਈ ਮਰਦਾਨਾ ਅਤੇ ਉਸਦੇ ਪਰਿਵਾਰ ਦਾ ਬਹੁਤ ਸਤਿਕਾਰ ਕਰਦੀ ਹੈ।

# 'ਲੋਕਾਂ ਨੂੰ ਹਕੀਕਤ ਸਮਝਣੀ ਪਵੇਗੀ'

## ਅਰੁੰਧਤੀ ਰਾਏ

*ਪ੍ਰਸਿੱਧ ਲੇਖਕਾ ਅਤੇ ਕਾਰਕੁਨ ਅਰੁੰਧਤੀ ਰਾਏ ਨੇ ਚਿੰਤਾ ਪਬਲਿਸ਼ਰਜ਼ ਦੇ ਮੁੱਖ ਸੰਪਾਦਕ ਕੇ.ਐੱਸ.ਰੰਜੀਤ ਨਾਲ ਗੱਲਬਾਤ ਦੌਰਾਨ ਕਈ ਮੁੱਦਿਆਂ ਉਪਰ ਚਰਚਾ ਕੀਤੀ ਜਿਨ੍ਹਾਂ ਵਿਚ ਆਪਣੀਆਂ ਮਲਿਆਲੀ ਜੜ੍ਹਾਂ ਅਤੇ ਮਰਦਾਵੀਂ ਸੱਤਾ ਤੋਂ ਲੈ ਕੇ ਕੇਰਲ ਦੀ ਰਾਜਨੀਤੀ, ਹਿੰਦੂਤਵ, ਜਾਤੀ, ਕਾਰਪੋਰੇਟ ਲਾਲਚ, ਯੂਟਿਊਬਰਾਂ ਅਤੇ ਨੌਜਵਾਨ ਪੀੜ੍ਹੀ ਦੀ ਅੰਦਰੂਨੀ ਦੁਨੀਆ ਵਰਗੇ ਬਹੁਤ ਮਹੱਤਵਪੂਰਨ ਮੁੱਦੇ ਮੁੱਖ ਹਨ। ਇਹ ਮੁਲਾਕਾਤ ਹਫ਼ਤਾਵਾਰ 'ਦੇਸ਼ਅਭਿਮਾਨੀ' ਦੇ ਓਣਮ ਵਿਸ਼ੇਸ਼ ਅੰਕ 'ਚ ਛਪੀ। ਇਸ ਮੁਲਾਕਾਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।*

**ਸਵਾਲ:** ਚਲੋ, ਕੇਰਲ ਦੇ ਤੁਹਾਡੇ ਪਿਛੋਕੜ ਨਾਲ ਜੁੜੇ ਸਵਾਲ ਤੋਂ ਸ਼ੁਰੂ ਕਰਦੇ ਹਾਂ। ਇੰਞ ਲੱਗਦਾ ਹੈ ਕਿ 'ਦਿ ਗੌਡ ਆਫ ਸਮਾਲ ਥਿੰਗਜ਼' ਤੁਹਾਡੇ ਸ਼ਾਂਤ ਵਿਅਕਤੀਗਤ ਅਨੁਭਵਾਂ ਨੂੰ ਦਰਸਾਉਂਦਾ ਹੈ... ਕੇਰਲ ਤੋਂ ਬਾਹਰ ਜੰਮੇਪਲੇ ਵਿਅਕਤੀ ਦੇ ਰੂਪ 'ਚ ਕੀ ਤੁਹਾਡਾ ਅੰਦਰੂਨੀ ਸੁਭਾਅ ਅਜੇ ਵੀ ਖੁਦ ਨੂੰ ਕੇਰਲ ਨਾਲ ਮਜ਼ਬੂਤੀ ਨਾਲ ਜੋੜਦਾ ਹੈ?

**ਜਵਾਬ:** 'ਦਿ ਗੌਡ ਆਫ ਸਮਾਲ ਥਿੰਗਜ਼' ਜਿੰਨਾ ਸ਼ਾਂਤ ਅਤੇ ਵਿਅਕਤੀਗਤ ਹੈ, ਓਨਾ ਹੀ ਜਨਤਕ ਅਤੇ ਰਾਜਨੀਤਕ ਵੀ ਹੈ। ਮੇਰਾ ਜਨਮ ਸ਼ਿਲਾਂਗ ਵਿਚ ਹੋਇਆ ਪਰ ਮਾਪਿਆਂ (ਪਿਤਾ ਬੰਗਾਲੀ ਸਨ) ਦਾ ਤਲਾਕ ਉਦੋਂ ਹੋ ਗਿਆ ਸੀ ਜਦ ਮੇਰੀ ਉਮਰ ਤਿੰਨ ਸਾਲ ਤੋਂ ਵੀ ਘੱਟ ਸੀ। ਆਪਣਾ ਬਚਪਨ ਮੈਂ ਕੇਰਲ ਵਿਚ ਗੁਜ਼ਾਰਿਆ। ਆਏਮੇਨਮ ਅਤੇ ਕੋਟਿਅਮ ਵਿਚ। ਕੁਝ ਸਾਲ ਬੋਰਡਿੰਗ ਸਕੂਲ ਵਿਚ ਰਹੀ, ਛੁੱਟੀਆਂ 'ਚ ਹਮੇਸ਼ਾ ਘਰ ਆ ਜਾਂਦੀ ਸੀ। ਮੀਨਾਚਲ 'ਚ ਵੱਡੀ ਹੋਈ। ਫਰਾਟੇਦਾਰ ਮਲਿਆਲਮ ਬੋਲ, ਪੜ੍ਹ ਤੇ ਲਿਖ ਲੈਂਦੀ ਸੀ। ਉਨ੍ਹਾਂ ਦਿਨਾਂ 'ਚ ਦਰਅਸਲ ਸਾਨੂੰ ਮਲਿਆਲਮ ਬੋਲਣ ਲਈ ਸਜ਼ਾ ਦਿੱਤੀ ਜਾਂਦੀ ਸੀ ਅਤੇ ਅੰਗਰੇਜ਼ੀ 'ਚ ਗੱਲ ਕਰਨ ਲਈ ਮਜਬੂਰ ਕੀਤਾ ਜਾਂਦਾ ਸੀ। ਮੈਂ ਏਨੇ ਲੰਮੇ ਸਮੇਂ ਤੋਂ ਇੱਥੋਂ ਦੂਰ ਰਹੀ ਹਾਂ ਕਿ ਮੇਰੀ ਮਲਿਆਲਮ ਥੋੜ੍ਹੀ ਵਿਗੜ ਗਈ ਹੈ। ਮੇਰਾ ਅੰਦਰੂਨੀ ਅਤੇ ਬਾਹਰੀ ਸੁਭਾਅ – ਦੋਨੋਂ ਪੂਰੀ ਤਰ੍ਹਾਂ ਕੇਰਲ ਨਾਲ ਇਕਮਿੱਕ ਹਨ। ਮੈਨੂੰ ਕੇਰਲ ਦਾ ਦ੍ਰਿਸ਼ ਪਸੰਦ ਹੈ। ਖਾਣਾ ਪਸੰਦ ਹੈ। ਸਭ ਤੋਂ ਵਧ ਕੇ ਮੈਨੂੰ ਇਸ ਗੱਲ ਉਪਰ ਮਾਣ ਹੈ ਕਿ ਜਿਵੇਂ ਇਸ ਨੇ ਮੁਲਕ ਦੇ ਬਾਕੀ ਹਿੱਸਿਆਂ 'ਚ ਜੋ ਕੁਝ ਹੋਇਆ ਹੈ, ਉਸ ਦਾ ਸਾਹਮਣਾ ਕੀਤਾ ਹੈ – ਹਿੰਦੂ ਸਰਬੋਤਮਵਾਦ ਦੀ ਇਹ ਲਹਿਰ ਜੋ ਸਾਡੇ ਉਪਰ ਹਾਵੀ ਹੋ ਗਈ ਹੈ। ਅਸੀਂ ਅਜਿਹੇ ਮਾਣਮੱਤੇ ਲੋਕ ਹਾਂ। ਅਸੀਂ ਇੱਥੇ ਫਾਸ਼ੀਵਾਦ ਦੀ ਘੋਰ ਮੂਰਖਤਾ ਦਾ ਸ਼ਿਕਾਰ ਨਹੀਂ ਹੋਏ।

**ਸਵਾਲ:** ਆਮ ਤੌਰ 'ਤੇ ਕੇਂਦਰੀ ਟ੍ਰਾਵਨਕੋਰ 'ਚ ਉਚ ਵਰਗ ਦੇ ਇਸਾਈ ਪਰਿਵਾਰ, ਬਹੁਤ ਰੂੜੀਵਾਦੀ ਸਮਾਜਿਕ ਅਤੇ ਰਾਜਨੀਤਕ ਮੁੱਲ ਬਰਕਰਾਰ ਰੱਖਦੇ ਹਨ ਪਰ ਅਸੀਂ ਸਾਰੇ ਉਸ ਲੜਾਈ ਬਾਰੇ ਜਾਣਦੇ ਹਾਂ ਜੋ ਤੁਹਾਡੇ ਮਾਤਾ ਜੀ ਨੇ ਮਰਦਾਵੀਂ ਸੱਤਾਵਾਦੀ ਪਰਿਵਾਰਕ ਪ੍ਰਬੰਧ ਦੇ ਖ਼ਿਲਾਫ਼ ਲੜੀ ਅਤੇ ਉਸ ਨਾਲ ਇਸਾਈ ਔਰਤਾਂ ਦੀ ਸਥਿਤੀ 'ਚ ਕਿਸ ਤਰ੍ਹਾਂ ਇਨਕਲਾਬੀ ਤਬਦੀਲੀ ਆਈ। ਕੀ ਇਹ ਤੁਹਾਡੇ ਅੰਦਰਲੀ ਰਾਜਨੀਤਕ ਸ਼ਖ਼ਸੀਅਤ ਅਤੇ ਕਾਰਕੁਨ ਨੂੰ ਜਗਾਉਂਦੀ ਹੈ?

**ਜਵਾਬ:** ਮੇਰੇ ਨਾਲ ਜੁੜਿਆ ਲੱਗਭੱਗ ਸਭ ਕੁਝ, ਵਿਅਕਤੀਗਤ ਤੇ ਨਾਲ ਹੀ ਰਾਜਨੀਤਕ ਰੂਪ 'ਚ, ਲੇਖਕ ਦੇ ਰੂਪ 'ਚ ਸਭ ਕੁਝ ਜੋ ਵੀ ਬਣਿਆ, ਉਹ ਸੀਰੀਆਈ ਇਸਾਈ ਭਾਈਚਾਰੇ 'ਚ ਪਰਵਰਿਸ਼ ਹੋਣ ਨਾਲ ਬਣਿਆ ਹੈ; ਉਹ ਹਮੇਸ਼ਾ ਯਾਦ ਦਿਵਾਉਂਦੇ ਰਹਿੰਦੇ ਸਨ ਕਿ ਅਸੀਂ, ਮੇਰਾ ਭਰਾ ਅਤੇ ਮੈਂ, 'ਸ਼ੁੱਧ' ਸੀਰੀਆਈ ਇਸਾਈ ਨਹੀਂ ਹਾਂ, ਕਿ ਅਸੀਂ 'ਬਾਹਰਲੇ' ਹਾਂ। ਇਹ ਬਹੁਤ ਮੁਸ਼ਕਿਲ ਸੀ। ਬਹੁਤ ਪਹਿਲਾਂ ਹੀ ਮੈਨੂੰ ਸਪਸ਼ਟ ਕਰ ਦਿੱਤਾ ਗਿਆ ਸੀ ਕਿ ਮੇਰਾ ਉਥੇ ਕੋਈ ਭਵਿੱਖ ਨਹੀਂ। ਮੇਰੀ ਮਾਂ ਨੇ ਮੈਨੂੰ ਅਜਿਹੇ ਤਰੀਕਿਆਂ ਨਾਲ ਪਾਲਿਆ ਜਿਸ ਦੀ ਕੋਈ ਕਲਪਨਾ ਵੀ ਨਹੀਂ ਕਰ ਸਕਦਾ। ਚੰਗੇ ਮਾੜੇ, ਹਰ ਤਰੀਕੇ ਨਾਲ ਪਾਲਿਆ। ਸਤਾਰਾਂ ਸਾਲ ਦੀ ਉਮਰ 'ਚ ਮੈਂ ਘਰ ਛੱਡ ਦਿੱਤਾ ਸੀ। ਮੈਂ ਦਿੱਲੀ 'ਚ ਆਰਕੀਟੈਕਚਰ ਸਕੂਲ ਵਿਚ ਦੂਜੇ ਸਾਲ 'ਚ ਸੀ ਅਤੇ ਮੈਂ ਘਰ ਜਾਣਾ ਬਿਲਕੁਲ ਬੰਦ ਕਰ ਦਿੱਤਾ। ਕਾਲਜ ਅਤੇ ਅਗਲੀ ਪੜ੍ਹਾਈ ਆਪਣੇ ਤਰੀਕੇ ਨਾਲ ਕੀਤੀ। ਲੱਗਭੱਗ ਸੱਤ ਸਾਲ ਬਾਅਦ ਪਰਤੀ। ਸੀਰੀਆਈ ਇਸਾਈ ਕਮਾਲ ਦਾ ਭਾਈਚਾਰਾ ਹੈ ਪਰ ਉਨ੍ਹਾਂ ਵਿਚੋਂ ਕਈ ਲੋਕ ਸੰਕੀਰਨ, ਅੰਧਰਾਸ਼ਟਰਵਾਦੀ, ਜਾਤੀਵਾਦੀ ਅਤੇ ਕੁਲੀਨ ਵਰਗ ਦੇ ਹਨ; ਤੇ ਨਿਸ਼ਚਿਤ ਤੌਰ 'ਤੇ ਮਰਦਾਵੇਂ ਸੱਤਾਵਾਦੀ ਵੀ ਹਨ। ਉਨ੍ਹਾਂ ਨੂੰ ਆਪਣੇ ਆਪ ਉਪਰ ਗਹਿਰੀ ਨਜ਼ਰ ਮਾਰਨ ਦੀ ਜ਼ਰੂਰਤ ਹੈ।

**ਸਵਾਲ:** ਪਰਿਵਾਰ ਦੀ ਸੰਸਥਾ, ਸਮਾਜ ਵਿਚ ਲੱਗਭੱਗ ਸਾਰੇ ਰਵਾਇਤੀ ਮੁੱਲਾਂ ਨੂੰ ਆਮ ਅਤੇ ਜਾਇਜ਼ ਬਣਾ ਰਹੀ ਹੈ। ਇਹ ਯਥਾਸਥਿਤੀ ਨੂੰ ਅੱਗੇ ਵਧਾਉਣ ਦਾ ਤੰਤਰ ਜਾਂ ਮਾਧਿਅਮ ਹੈ ਪਰ ਅਸੀਂ ਇਸ ਸੰਸਥਾ ਖਿਲਾਫ ਤਿੱਖੀ ਆਲੋਚਨਾ ਸ਼ਾਇਦ ਹੀ ਕਦੇ ਦੇਖਦੇ ਹਾਂ। ਅਜਿਹਾ ਕਿਉਂ?

**ਜਵਾਬ:** ਮੈਨੂੰ ਬਹੁਤ ਖ਼ੁਸ਼ੀ ਹੈ ਕਿ ਤੁਸੀਂ ਇਹ ਸਵਾਲ ਪੁੱਛਿਆ। ਇਹ ਅਜਿਹੀ ਚੀਜ਼ ਹੈ ਜਿਸ ਬਾਰੇ ਹਮੇਸ਼ਾ ਸੋਚਦੀ ਹਾਂ – ਪਰਿਵਾਰ ਦਾ ਮਹੱਤਵ ਜੋ ਸਾਰੇ ਪਾਸਿਆਂ ਤੋਂ ਸਾਡੇ ਸਾਹਮਣੇ ਆਉਂਦਾ ਹੈ; ਫਿਲਮਾਂ 'ਚ, ਸਾਹਿਤ 'ਚ, ਮੀਡੀਆ 'ਚ, ਟੀ.ਵੀ. ਉਪਰ, ਸੋਸ਼ਲ ਮੀਡੀਆ 'ਚ ਅਤੇ ਨਿਸ਼ਚਿਤ ਰੂਪ 'ਚ ਹਕੀਕੀ ਜ਼ਿੰਦਗੀ 'ਚ ਇਹ ਸਾਹਮਣੇ ਆਉਂਦਾ ਹੈ। ਇਹ ਮੈਨੂੰ ਬਹੁਤ ਪ੍ਰੇਸ਼ਾਨ ਕਰਦਾ ਹੈ। ਜਿਵੇਂ ਤੁਸੀਂ ਮੇਰੀਆਂ ਹੁਣ ਤੱਕ ਦੀਆਂ ਕਿਤਾਬਾਂ ਦੇਖ ਸਕਦੇ ਹੋ (ਆਉਣ ਵਾਲੀਆਂ ਕਿਤਾਬਾਂ 'ਚ ਵੀ ਦੇਖੋਗੇ)– 'ਦਿ ਗੌਡ ਆਫ ਸਮਾਲ ਥਿੰਗਜ਼' ਵਿਚ ਇਸ ਉਪਰ ਗੱਲ ਹੈ ਪਰ ਸਭ ਤੋਂ ਖ਼ਾਸ ਤੌਰ 'ਤੇ 'ਦਿ ਮਿਨਿਸਟਰੀ ਆਫ ਅੱਟਮੋਸਟ ਹੈਪੀਨੈੱਸ' ਵਿਚ ਹੈ; ਪਰਿਵਾਰ ਦੇ ਵਿਚਾਰ ਉਪਰ ਡੂੰਘਾਈ 'ਚ, ਮੌਲਿਕ ਰੂਪ 'ਚ ਸਵਾਲ ਉਠਾਏ ਗਏ ਹਨ। ਇਹ ਚੀਜ਼ਾਂ ਨੂੰ ਦੇਖਣ ਦਾ ਸਭ ਤੋਂ ਰੂੜੀਵਾਦੀ ਪ੍ਰਿਜ਼ਮ ਹੈ, ਇਹ ਰੂੜੀਆਂ ਨੂੰ ਡੂੰਘਾ ਕਰਦਾ ਹੈ, ਇਹ ਮਾਂ-ਪਿਓ ਦੇ ਨਿਰਸਵਾਰਥ ਦੇ ਨਾਂ 'ਤੇ ਹਰ ਤਰ੍ਹਾਂ ਦੇ ਸਵਾਰਥ ਨੂੰ ਸਹੀ ਠਹਿਰਾਉਂਦਾ ਹੈ। ਸਭ ਤੋਂ ਵਧ ਕੇ ਇਹ ਜਾਤੀ ਦੇ ਲੋਹ ਬਰੈਂਡ ਨੂੰ ਕਾਇਮ ਰੱਖਦਾ ਹੈ ਜੋ ਭਾਰਤੀ ਸਮਾਜ ਦੀ ਸਭ ਤੋਂ ਘਿਨਾਉਣੀ, ਸਥਿਰ ਅਤੇ ਘਾਤਕ ਚੀਜ਼ ਹੈ। 'ਪਰਿਵਾਰ' ਦੇ ਵਿਚਾਰ ਉਪਰ ਸਵਾਲ ਸਿਰਫ਼ ਫਿਰ ਹੀ ਉਠਾਇਆ ਜਾਂਦਾ ਹੈ ਜਦ ਪਰਿਵਾਰਵਾਦੀ ਰਾਜਨੀਤੀ ਦੀ ਗੱਲ ਆਉਂਦੀ ਹੈ; ਤੇ ਉਥੇ ਵੀ ਕੁਝ ਪਰਿਵਾਰ ਕਬੂਲ/ਸਵੀਕਾਰ ਹਨ, ਤੇ ਕੁਝ ਨਹੀਂ। ਇਹ ਠੀਕ ਹੈ, ਹਰ ਤਰ੍ਹਾਂ ਨਾਲ ਇਸ ਉਪਰ ਸਵਾਲ ਉਠਾਏ ਜਾਣੇ ਚਾਹੀਦੇ ਹਨ ਪਰ ਉਨ੍ਹਾਂ ਸਾਰੇ ਪਰਿਵਾਰਵਾਦੀਆਂ ਨੂੰ ਘੱਟੋ-ਘੱਟ ਚੋਣ ਤਾਂ ਜਿੱਤਣੀ ਹੀ ਪੈਂਦੀ ਹੈ, ਉਨ੍ਹਾਂ ਨੂੰ ਸੰਸਦ ਵਿਚ ਆਪਣੇ ਮਾਂ-ਪਿਓ ਦੀਆਂ ਸੀਟਾਂ ਵਿਰਾਸਤ ਵਿਚ ਨਹੀਂ ਮਿਲਦੀਆਂ। ਸਾਡੇ ਮਹਾਨ ਕਾਰਪੋਰੇਟਾਂ/ਕਾਰਪੋਰੇਸ਼ਨਾਂ ਬਾਰੇ ਕੀ ਕਹੋਗੇ ਜੋ ਸੱਚੀਮੁੱਚੀ ਸਾਡੇ ਮੁਲਕ ਦੇ ਮਾਲਕ ਬਣੇ ਬੈਠੇ ਹਨ? ਉਹ ਸਾਰੀਆਂ ਪਰਿਵਾਰਕ ਮਾਲਕੀ ਵਾਲੀਆਂ ਹਨ ਅਤੇ ਉਨ੍ਹਾਂ ਨੂੰ ਪਰਿਵਾਰ ਹੀ ਚਲਾਉਂਦਾ ਹੈ। ਲੱਗਭੱਗ ਸਾਰੀਆਂ ਹੀ ਵੱਡੇ ਪਰਿਵਾਰਕ ਮਾਲਕੀ ਵਾਲੀਆਂ ਕਾਰਪੋਰੇਸ਼ਨਾਂ ਖ਼ਾਸ ਵਪਾਰੀ ਜਾਤੀ ਨਾਲ ਸਬੰਧਿਤ ਹਨ। ਪੀੜ੍ਹੀਦਰ-ਪੀੜ੍ਹੀ ਜਮ੍ਹਾਂ ਹੋਣ ਵਾਲੇ ਸਰਮਾਏ ਅਤੇ ਉਸ ਦੀ ਅਸ਼ਲੀਲ ਮਾਤਰਾ... ਤੇ ਇਸ



ਬਾਰੇ ਕੋਈ ਸਵਾਲ ਨਹੀਂ ਪੁੱਛਦਾ।

**ਸਵਾਲ:** ਨੌਕਰੀ ਅਤੇ ਮੌਕਿਆਂ ਦੀ ਭਾਲ 'ਚ ਕੇਰਲ ਵਾਸੀ ਇਸ ਧਰਤੀ 'ਤੇ ਕਿਤੇ ਵੀ ਪਹੁੰਚ ਸਕਦੇ ਹਨ। ਇਹ ਗੱਲ ਖ਼ਾਸ ਤੌਰ 'ਤੇ ਕੇਂਦਰੀ ਟ੍ਰਾਵਨਕੋਰ ਦੇ ਲੋਕਾਂ ਬਾਰੇ ਸੱਚ ਹੈ। ਇਸ ਜਗ੍ਹਾ ਤੋਂ ਆਉਣ ਵਾਲੇ ਵਿਅਕਤੀ ਦੇ ਤੌਰ 'ਤੇ, ਤੁਸੀਂ ਇਸ ਗੱਲ 'ਤੇ ਗ਼ੌਰ ਕੀਤਾ ਹੋਵੇਗਾ ਪਰ ਅਸੀਂ ਆਮ ਤੌਰ 'ਤੇ ਇਸ ਸਮਰੱਥਾ ਨਿਰਮਾਣ ਦੇ ਪਿਛਲੇ ਸਮਾਜਿਕ ਇਤਿਹਾਸ ਨੂੰ ਭੁੱਲ ਜਾਂਦੇ ਹਾਂ। ਸਮਾਜਿਕ ਸੁਧਾਰ ਅੰਦੋਲਨ, ਜ਼ਮੀਨੀ ਸੁਧਾਰ, ਜਨਤਕ ਸਿੱਖਿਆ ਪ੍ਰਣਾਲੀ ਅਤੇ ਮੁੱਢਲੇ ਸਿਹਤ ਕੇਂਦਰਾਂ ਦਾ ਵਿਕਾਸ... ਇਨ੍ਹਾਂ ਸਾਰੇ ਕਾਰਕਾਂ ਨੇ ਇਸ ਦੁਨੀਆ 'ਚ ਕਿਤੇ ਵੀ ਮੁਕਾਬਲਾ ਕਰਨ ਦੀ ਮੁਹਾਰਤ ਮੈਟਰਿਕਸ ਨਾਲ ਮਨੁੱਖੀ ਵਸੀਲਿਆਂ ਨੂੰ ਵਿਕਸਤ ਕਰਨ 'ਚ ਭੂਮਿਕਾ ਨਿਭਾਈ। ਕੀ ਤੁਸੀਂ ਇਸ ਵਿਚਾਰ ਨਾਲ ਸਹਿਮਤ ਹੋ?

**ਜਵਾਬ:** ਬਿਲਕੁਲ ਸਹਿਮਤ ਹਾਂ। ਚਾਹੇ ਮੇਰੇ ਉਪਰ ਅਤੀਤ 'ਚ ਮਾਰਕਸਵਾਦੀ ਪਾਰਟੀ ਦੀ ਆਲੋਚਕ ਹੋਣ ਦਾ ਇਲਜ਼ਾਮ ਲਾਇਆ ਗਿਆ ਹੋਵੇ ਪਰ ਮੈਂ ਹਕੀਕਤ 'ਚ ਜ਼ਿਆਦਾਤਰ ਉਨ੍ਹਾਂ ਦੀ ਪ੍ਰਸ਼ੰਸਕ ਹੀ ਹਾਂ। ਉਨ੍ਹਾਂ ਸਾਰੇ ਸੁਧਾਰਾਂ ਨੇ ਕੇਰਲ ਨੂੰ ਨਾ ਸਿਰਫ਼ ਭਾਰਤ ਵਿਚ ਸਗੋਂ ਪੂਰੀ ਦੁਨੀਆ 'ਚ ਅਨੂਠਾ ਸਥਾਨ ਬਣਾ ਦਿੱਤਾ ਹੈ। ਅਜਿਹੀਆਂ ਕਈ ਚੀਜ਼ਾਂ ਹਨ ਜਿਨ੍ਹਾਂ ਬਾਰੇ ਸਾਨੂੰ ਅਜੇ ਵੀ ਫ਼ਿਕਰ ਕਰਨ ਦੀ ਜ਼ਰੂਰਤ ਹੈ ਪਰ ਜਿੱਥੇ ਵੀ ਸਾਨੂੰ ਇਸ ਦਾ ਸਿਹਰਾ ਦੇਣਾ ਚਾਹੀਦਾ ਹੈ, ਉਹ ਦੇਣਾ ਹੀ ਚਾਹੀਦਾ ਹੈ। ਮੈਨੂੰ ਲੱਗਦਾ ਹੈ ਕਿ ਸਿੱਖਿਆ ਜਿਸ ਵਿਚ ਇਸਾਈਆਂ ਨੇ ਵੀ ਬਹੁਤ ਯੋਗਦਾਨ ਪਾਇਆ ਹੈ, ਤੇ ਜ਼ਮੀਨੀ ਸੁਧਾਰ ਅਤੇ ਰਾਜਨੀਤਕ ਜਾਗਰੂਕਤਾ ਨੇ ਸਾਰੇ ਮਲਿਆਲੀਆਂ ਨੂੰ, ਚਾਹੇ ਉਹ ਕਿਸੇ ਵੀ ਪਾਰਟੀ ਦੇ ਹੋਣ, ਥੋੜ੍ਹਾ ਮਾਰਕਸਵਾਦੀ ਬਣਾ ਦਿੱਤਾ ਹੈ। ਕੋਈ ਵੀ ਉਨ੍ਹਾਂ ਨਾਲ ਖਿਲਵਾੜ ਨਹੀਂ ਕਰ ਸਕਦਾ। ਇਸ ਲਈ ਮੈਨੂੰ ਵੀ ਲੱਗਦਾ ਹੈ ਕਿ ਇਹ ਬਹੁਤ ਮਹੱਤਵਪੂਰਨ ਹੈ ਕਿ ਮਾਰਕਸਵਾਦੀ ਪਾਰਟੀ ਅਤੇ ਕਾਂਗਰਸ ਪਾਰਟੀ ਵਾਰੀ-ਵਾਰੀ ਸੱਤਾ ਵਿਚ ਰਹਿਣ। ਉਨ੍ਹਾਂ ਨੂੰ ਇਕ ਦੂਜੇ ਦਾ ਸਨਮਾਨ/ ਸਤਿਕਾਰ ਕਰਨਾ ਚਾਹੀਦਾ ਹੈ, ਉਨ੍ਹਾਂ ਨੂੰ ਇਕ ਦੂਜੇ ਨਾਲ ਸੰਘਰਸ਼ ਕਰਨਾ ਚਾਹੀਦਾ ਹੈ। ਇਹ ਸੌਖਾ ਨਹੀਂ ਪਰ ਅਜਿਹਾ ਹੋਣਾ ਹੀ ਚਾਹੀਦਾ ਹੈ। ਇਉਂ ਹੀ ਅਸੀਂ ਜੋ ਕੁਝ ਪੱਛਮੀ ਬੰਗਾਲ ਵਿਚ ਮਾਰਕਸਵਾਦੀ ਪਾਰਟੀ ਨਾਲ ਹੋਇਆ, ਉਸ ਤੋਂ ਬਚ ਸਕਦੇ ਹਾਂ। ਚਾਲੀ ਸਾਲਾਂ ਦੀ ਲਗਾਤਾਰ ਸੱਤਾ ਨੇ ਬੰਗਾਲ 'ਚ ਸੀ.ਪੀ.ਐੱਮ. ਨੂੰ ਖ਼ਤਮ ਕਰ ਦਿੱਤਾ ਅਤੇ ਭਾਜਪਾ ਨੂੰ ਅੱਗੇ ਆਉਣ ਦਾ ਮੌਕਾ ਦਿੱਤਾ। ਨਰੋਈ ਵਿਰੋਧੀ ਧਿਰ ਬਹੁਤ ਮਹੱਤਵਪੂਰਨ ਹੈ। ਸਾਨੂੰ ਇਸ ਦੀ ਜ਼ਰੂਰਤ ਹੈ ਤਾਂ ਕਿ ਫਾਸ਼ੀਵਾਦੀਆਂ ਨੂੰ ਦਰਾੜਾਂ 'ਚ ਘੁਸਣ ਤੋਂ ਰੋਕਿਆ ਜਾ ਸਕੇ। ਜੇ ਮਾਰਕਸਵਾਦੀ ਜਾਂ ਕਾਂਗਰਸ ਪਾਰਟੀ ਸੱਤਾ 'ਚ ਬਹੁਤ ਸਾਲ ਬਿਤਾਉਣ ਕਾਰਨ ਜਾਂ ਸੱਤਾ ਤੋਂ ਬਾਹਰ ਰਹਿਣ ਕਰ ਕੇ ਖਿੰਡਣ ਲੱਗੇ ਤਾਂ ਫਾਸ਼ੀਵਾਦੀ ਘੁਸ ਜਾਣਗੇ; ਜੇ ਇਕ ਵਾਰ ਜਦ ਉਹ ਸੱਤਾ 'ਚ ਆ ਗਏ ਤਾਂ ਤੇਜ਼ੀ ਨਾਲ ਅੱਗੇ ਵਧਦੇ ਜਾਣਗੇ।

**ਸਵਾਲ:** ਇਤਿਹਾਸਕ ਤੌਰ 'ਤੇ ਕੇਰਲ ਦਾ ਨਾਗਰਿਕ ਸਮਾਜ (ਸਿਵਲ ਸੁਸਾਇਟੀ) ਬਹੁਤ ਜ਼ਿਆਦਾ ਰਾਜਨੀਤਕ ਰਿਹਾ ਹੈ। ਅਸੀਂ ਚਾਹ ਤੇ ਨਾਈ ਦੀਆਂ ਦੁਕਾਨਾਂ ਅਤੇ ਪੇਂਡੂ ਇਲਾਕਿਆਂ ਦੀ ਹਰ ਨੁੱਕਰ ਤੇ ਗਲੀ-ਮੁਹੱਲੇ 'ਚ ਗੰਭੀਰ ਰਾਜਨੀਤਕ ਚਰਚਾ ਦੇਖ ਸਕਦੇ ਹਾਂ। ਕੈਂਪਸਾਂ 'ਚ ਸਰਗਰਮ ਵਿਦਿਆਰਥੀ ਰਾਜਨੀਤੀ ਦੀ ਮੌਜੂਦਗੀ ਹੋਰ ਗੱਲ ਹੈ ਪਰ ਸਰਮਾਏ ਦੇ ਪ੍ਰਵੇਸ਼ ਨਾਲ ਕੇਰਲ ਦਾ ਸਮਾਜ ਸ਼ਾਸਤਰ ਬਦਲ ਰਿਹਾ ਹੈ; ਤੇ ਇਹ ਰਾਜਨੀਤਕ ਦ੍ਰਿਸ਼ 'ਚ ਵੀ ਨਜ਼ਰ ਆਉਂਦਾ ਹੈ। ਨੌਜਵਾਨ ਪੀੜ੍ਹੀ ਰਾਜਨੀਤਕ ਜਾਂ ਸਮਾਜਿਕ ਮੁੱਦਿਆਂ ਬਾਰੇ ਜ਼ਿਆਦਾ ਫ਼ਿਕਰਮੰਦ ਨਹੀਂ। ਤੁਸੀਂ ਇਸ ਨੂੰ ਕਿਵੇਂ ਦੇਖਦੇ ਹੋ? ਕੀ ਮਨੁੱਖ ਲਈ ਰਾਜਨੀਤੀ ਤੋਂ ਹਮੇਸ਼ਾ ਲਈ ਦੂਰ ਰਹਿਣਾ ਵਿਹਾਰਕ ਤੌਰ 'ਤੇ ਸੰਭਵ ਹੈ?

**ਜਵਾਬ:** ਮੈਂ ਹੈਰਾਨ ਹਾਂ ਕਿ ਕੇਰਲ ਵਿਚ ਨੌਜਵਾਨ ਪੀੜ੍ਹੀ ਰਾਜਨੀਤਕ ਤੌਰ 'ਤੇ ਜਾਗਰੂਕ ਨਹੀਂ; ਮੈਨੂੰ ਤਾਂ ਇਸ ਤੋਂ ਉਲਟ ਲੱਗਦਾ ਹੈ। ਉਂਞ, ਤੁਸੀਂ ਬਿਹਤਰ ਜਾਣਦੇ ਹੋਵੋਗੇ। ਜੇ ਇਹ ਸੱਚ ਹੈ ਜੋ ਤੁਸੀਂ ਕਹਿ ਰਹੇ ਹੋ ਤਾਂ ਅਸੀਂ ਵਾਕਈ ਮੁਸ਼ਕਿਲ ਵਿਚ ਹਾਂ, ਵੱਡੀ ਮੁਸੀਬਤ 'ਚ ਹਾਂ। ਕੇਰਲ 'ਚ ਆਬਾਦੀ ਦੀ ਧਾਰਮਿਕ ਤੇ ਸਮਾਜਿਕ ਬਣਤਰ ਅਤੇ ਇਕ-ਦੂਜੇ ਨਾਲ ਉਨ੍ਹਾਂ ਦੇ ਰਿਸ਼ਤੇ, ਭਾਰਤ ਦੇ ਬਾਕੀ ਹਿੱਸਿਆਂ ਦੇ ਮੁਕਾਬਲੇ ਵਿਲੱਖਣ ਹਨ। ਜੇ ਇਹ ਲਾਲਚ ਅਤੇ ਮੂਰਖਤਾ ਨਾਲ ਵਿਗੜ ਜਾਂਦੇ ਹਨ ਤਾਂ ਅਸੀਂ ਤਬਾਹੀ ਵੱਲ ਜਾ ਰਹੇ ਹੋਵਾਂਗੇ। ਭਾਜਪਾ ਅਤੇ ਉਸ ਦੇ ਕਾਰਪੋਰੇਟ ਜੋਟੀਦਾਰ ਫਿਰਕਿਆਂ, ਜਾਤੀਆਂ, ਧਰਮਾਂ ਨੂੰ ਇਕ-ਦੂਜੇ ਵਿਰੁੱਧ ਖੜ੍ਹਾ ਕਰਨ ਦੇ ਹਰ ਮੌਕੇ ਦਾ ਫ਼ਾਇਦਾ ਉਠਾਉਣਗੇ। ਇਹ ਈ.ਡੀ. ਦੀ ਘੁਰਕੀ ਦੇ ਕੇ ਲੋਕਾਂ ਨੂੰ ਬਲੈਕਮੇਲ ਕਰਨਗੇ। ਇਸ ਵਿਚ ਧਾਰਮਿਕ ਆਗੂ ਵੀ ਸ਼ਾਮਲ ਹਨ। ਕੇਰਲ ਵਿਚ ਪੈਰ ਜਮਾਉਣ ਲਈ ਇਸ ਨੂੰ ਇਸਾਈਆਂ ਦੀ ਜ਼ਰੂਰਤ ਹੈ। ਇਸ ਲਈ ਹਾਲਾਂਕਿ ਇਸ ਰਾਜ ਦੇ ਗੁੰਡੇ ਭਾਰਤ ਦੇ ਬਾਕੀ ਹਿੱਸਿਆਂ 'ਚ ਚਰਚ ਸਾੜ ਰਹੇ ਹਨ ਅਤੇ ਯਿਸੂ ਦੇ ਬੁੱਤ/ ਮੂਰਤੀਆਂ ਤੋੜ ਰਹੇ ਹਨ – ਮਨੀਪੁਰ, ਛੱਤੀਸਗੜ੍ਹ, ਗੁਜਰਾਤ ਨੂੰ ਦੇਖੋ ਪਰ ਉਹ ਕੇਰਲ ਵਿਚ ਇਸਾਈਆਂ ਨੂੰ ਭਰਮਾਉਣ ਜਾਂ ਉਨ੍ਹਾਂ ਉਪਰ ਦਬਾਅ ਪਾਉਣ ਲੱਗੇ ਹੋਏ ਹਨ। ਪਿਛਲੇ ਕੁਝ ਸਾਲਾਂ 'ਚ ਚਰਚਾ ਉਪਰ ਸੈਂਕੜੇ ਹਮਲੇ ਹੋਏ ਹਨ। ਲੋਕਾਂ ਨੂੰ ਸਮਝਣਾ ਚਾਹੀਦਾ ਹੈ। ਇਹ ਸਭ ਤੋਂ ਵੱਡੀ ਵਿਡੰਬਨਾ ਹੋਵੇਗੀ ਅਤੇ ਇਸਾਈ ਧਰਮ ਨਾਲ ਸਭ ਤੋਂ ਵੱਡਾ ਧ੍ਰੋਹ ਹੋਵੇਗਾ ਜੇ ਕੇਰਲ ਦੇ ਸੀਰੀਆਈ ਇਸਾਈ ਹੀ ਹਿੰਦੂ ਧੌਂਸਬਾਜ਼ਾਂ ਨੂੰ ਕੇਰਲ ਵਿਚ ਸੱਦਣ ਵਾਲੇ ਬਣ ਜਾਂਦੇ ਹਨ। ਜਦ ਮੈਂ ਕੁਝ ਪਾਦਰੀਆਂ ਅਤੇ ਬਿਸ਼ਪਾਂ ਨੂੰ ਭਾਜਪਾ ਦੀ ਤਾਰੀਫ਼ ਕਰਦੇ ਜਾਂ ਉਸ ਨਾਲ ਸੌਦੇਬਾਜ਼ੀ ਕਰਦੇ ਸੁਣਦੀ ਹਾਂ ਤਾਂ ਮੈਂ ਉਨ੍ਹਾਂ ਦੀ ਤੰਗਨਜ਼ਰੀ ਦੇਖ ਕੇ ਹੈਰਾਨ ਰਹਿ ਜਾਂਦੀ ਹਾਂ।

**ਸਵਾਲ:** ਉਤਰ ਭਾਰਤ ਦੇ ਰਾਜਾਂ ਅਤੇ ਦੱਖਣੀ ਭਾਰਤ ਦੇ ਰਾਜਾਂ ਵਿਚ ਮਨੁੱਖੀ ਜੀਵਨ ਸੂਚਕ ਅੰਕ ਵਿਚ ਬਹੁਤ ਫ਼ਰਕ ਹੈ। ਇਸ ਵਕਤ ਦੱਖਣੀ ਭਾਰਤੀ ਰਾਜਾਂ ਵਿਚ ਭਾਜਪਾ ਦੀ ਮਾੜੀ ਕਾਰਗੁਜ਼ਾਰੀ ਨੂੰ ਇਸ ਕਾਰਕ ਨਾਲ ਜੋੜ ਕੇ ਚਰਚਾ ਚੱਲ ਰਹੀ ਹੈ। ਉਤਰੀ ਭਾਰਤ ਵਿਚ ਰਹਿ ਰਹੇ ਅਤੇ ਦੱਖਣ ਵਿਚ ਜੜ੍ਹਾਂ ਵਾਲੇ ਵਿਅਕਤੀ ਦੇ ਰੂਪ 'ਚ, ਤੁਹਾਡੀ ਰਾਇ ਕੀ ਹੈ?

**ਜਵਾਬ:** ਲੋਕਾਂ ਦੀ ਉਨ੍ਹਾਂ ਦੇ ਹੱਕਾਂ ਪ੍ਰਤੀ ਰਾਜਨੀਤਕ ਜਾਗਰੂਕਤਾ ਦੀ ਜ਼ੋਰਦਾਰ ਭਾਵਨਾ ਨੇ ਉਨ੍ਹਾਂ ਨੂੰ ਹੁਣ ਤੱਕ ਦੱਖਣ ਤੋਂ ਦੂਰ ਰੱਖਿਆ ਹੈ। ਨਾਲ ਹੀ ਤਾਮਿਲਨਾਡੂ ਵਰਗੇ ਥਾਵਾਂ 'ਤੇ ਜਾਤੀ ਵਿਰੋਧੀ ਸੰਘਰਸ਼ਾਂ ਦੇ ਲੰਮੇ ਇਤਿਹਾਸ ਨੇ ਲੋਕਾਂ ਨੂੰ ਇਹ ਅਹਿਸਾਸ ਕਰਾਇਆ ਹੈ ਕਿ ਹਿੰਦੂ ਰਾਸ਼ਟਰਵਾਦ ਅਸਲ ਵਿਚ ਕੀ ਹੈ। ਇਹ ਕੁਝ ਹੋਰ ਨਹੀਂ ਸਗੋਂ ਜਾਤੀਗਤ ਗ਼ਲਬਾ ਬਰਕਰਾਰ ਰੱਖਣ ਲਈ ਘੁਸਪੈਠ ਦਾ ਹਥਿਆਰ ਹੈ। ਮੈਨੂੰ ਲੱਗਦਾ ਹੈ ਕਿ ਇਸ ਨਿਜ਼ਾਮ ਨਾਲ ਮੁੱਖਧਾਰਾ ਦੇ ਮੀਡੀਆ ਦੀ ਮਿਲੀਭੁਗਤ ਨੇ ਸਾਡੇ ਮੁਲਕ ਦੀ ਅਸਲ ਸਥਿਤੀ ਉਪਰ ਪਰਦਾ ਪਾ ਦਿੱਤਾ ਹੈ। ਜਦ ਓੜਕ ਇਹ ਸਭ ਉਜਾਗਰ ਹੋ ਜਾਵੇਗਾ ਤਾਂ ਤਬਾਹੀ ਦੇ ਪੱਧਰ ਨੂੰ ਅਸੀਂ ਉਦੋਂ ਦੇਖ ਸਕਾਂਗੇ... ਆਰਥਿਕਤਾ ਮੰਦੇ ਹਾਲ ਹੈ। ਸਿਹਤ ਸੇਵਾ ਤੇ ਸਿੱਖਿਆ ਸੰਕਟ 'ਚ ਹੈ। ਸਮਾਜਿਕ ਨਿਆਂ ਦੀ ਦਿਸ਼ਾ 'ਚ ਚੁੱਕਿਆ ਗਿਆ ਹਰ ਛੋਟਾ ਕਦਮ ਉਲਟਾ ਦਿੱਤਾ ਗਿਆ ਹੈ। ਗ਼ਰੀਬ ਦਲਿਤ ਅਤੇ ਓ.ਬੀ.ਸੀ. ਵਿਦਿਆਰਥੀਆਂ ਨੂੰ ਸਿੱਖਿਆ ਪ੍ਰਬੰਧ ਤੋਂ ਬਾਹਰ ਕੱਢਿਆ ਜਾ ਰਿਹਾ ਹੈ। ਸਿਹਤ ਸੇਵਾਵਾਂ ਬਹੁਤ ਮਹਿੰਗੀਆਂ ਹਨ। ਜ਼ਿਆਦਾਤਰ ਪ੍ਰਾਈਵੇਟ ਹਸਪਤਾਲਾਂ 'ਚ ਜਾਣਾ ਆਪਣੇ ਆਪ 'ਚ ਵੱਖਰੀ ਤਰ੍ਹਾਂ ਦਾ ਨਰਕ ਹੈ ਜਿੱਥੇ ਡਾਕਟਰ ਤੁਹਾਨੂੰ ਲੁੱਟਣ ਅਤੇ ਠੱਗਣ ਲਈ ਬੈਠੇ ਹਨ, ਤੁਹਾਡਾ ਇਲਾਜ ਕਰਨ ਲਈ ਨਹੀਂ। ਸਾਡੇ ਸੰਵਿਧਾਨ ਨੂੰ ਸਾਰੇ ਵਿਹਾਰਕ ਉਦੇਸ਼ਾਂ ਲਈ ਪਹਿਲਾਂ ਹੀ ਗ਼ੈਰ-ਰਸਮੀ ਰੂਪ 'ਚ ਦਰਕਿਨਾਰ ਕਰ ਦਿੱਤਾ ਗਿਆ ਹੈ। ਨਵੇਂ ਫ਼ੌਜਦਾਰੀ ਕਾਨੂੰਨ ਅਣਐਲਾਨੀ ਸਥਾਈ ਐਮਰਜੈਂਸੀ ਹਨ। ਅਸੀਂ ਪੁਲਿਸ ਰਾਜ ਵਿਚ ਰਹਿ ਰਹੇ ਹਾਂ। ਹਰ ਸੰਸਥਾ ਖੋਖਲਾ ਕਰ ਦਿੱਤੀ ਗਈ ਹੈ... ਯੂਨੀਵਰਸਿਟੀਆਂ ਦੀ ਹਾਲਤ ਖ਼ਾਸ ਤੌਰ 'ਤੇ ਦਿਲ ਦਹਿਲਾ ਦੇਣ ਵਾਲੀ ਹੈ। ਇਹ ਯੂਨੀਵਰਸਿਟੀਆਂ (ਦਿੱਲੀ ਯੂਨੀਵਰਸਿਟੀ, ਜੇਐੱਨਯੂ) ਸਾਰੀਆਂ ਮਹਾਨ ਥਾਵਾਂ ਸਨ, ਹੁਣ ਇਨ੍ਹਾਂ ਸਭ ਨੂੰ ਅਜਿਹਾ ਨਿਜ਼ਾਮ ਮਿੱਟੀ 'ਚ ਮਿਲਾ ਰਿਹਾ ਹੈ ਜੋ ਬੁੱਧੀਜੀਵੀਆਂ ਨੂੰ ਨਫ਼ਰਤ ਕਰਦਾ ਹੈ, ਵਿਗਿਆਨ ਨੂੰ ਨਫ਼ਰਤ ਕਰਦਾ ਹੈ, ਹਰ ਤਰ੍ਹਾਂ ਦੀ ਬੁੱਧੀਮਾਨੀ ਨੂੰ ਨਫ਼ਰਤ ਕਰਦਾ ਹੈ; ਕਿਸਾਨਾਂ, ਬੁਣਕਰਾਂ, ਸੰਗੀਤਕਾਰਾਂ, ਲੇਖਕਾਂ ਦੀ ਬੁੱਧੀਮਾਨੀ – ਹਰ ਤਰ੍ਹਾਂ ਦੀ ਬੁੱਧੀਮਾਨੀ ਨੂੰ ਖ਼ਤਰੇ ਦੇ ਰੂਪ 'ਚ ਦੇਖਿਆ ਜਾਂਦਾ ਹੈ। ਅੱਜ ਜਾਅਲੀ ਖ਼ਬਰ ਉਦਯੋਗ ਇਸ ਨੂੰ ਕੁਝ ਹੋਰ ਹੀ ਦਿਖਾ ਰਿਹਾ ਹੈ। ਹਾਲਾਂਕਿ ਹੁਣ ਜਦ ਪੂਰਨ, ਤਾਨਾਸ਼ਾਹ ਕੰਟਰੋਲ ਖ਼ਤਮ ਹੋ ਗਿਆ ਹੈ ਤਾਂ ਘੁਟਾਲੇ ਸਾਹਮਣੇ ਆ ਰਹੇ ਹਨ, ਹਰ ਘੁਟਾਲਾ ਇਕ ਦੂਜੇ ਤੋਂ ਬਦਤਰ ਹੈ। ਇਸ ਲਈ ਦਿੱਲੀ ਵਿਚ ਰਹਿਣ ਵਾਲੇ ਮਲਿਆਲੀ ਦੇ ਰੂਪ 'ਚ ਜਦ ਮੈਂ ਕੇਰਲ ਆਉਂਦੀ ਹਾਂ – ਮੈਂ ਸੜਕ ਉਪਰ ਹਰ ਬੰਦੇ ਨੂੰ ਰੋਕ ਕੇ ਉਤਰੀ ਭਾਰਤ ਦੀ ਭਿਆਨਕਤਾ ਦਾ ਵਰਨਣ ਕਰਨਾ ਚਾਹੁੰਦੀ ਹਾਂ ਅਤੇ ਕਹਿਣਾ ਚਾਹੁੰਦੀ ਹਾਂ, "ਤੁਹਾਨੂੰ ਅਜਿਹਾ ਹੋਣ ਤੋਂ ਰੋਕਣ ਲਈ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ।"

# ਪੰਜਾਬ ਵਿਚ ਖੇਤੀ ਆਧਾਰਿਤ ਸਨਅਤਾਂ ਦੀ ਘਾਟ ਦੂਰ ਕਰਨ ਦੀ ਲੋੜ

ਲੇਖਕ : ਡਾ. ਸ. ਸ. ਛੀਨਾ

ਸੁਤੰਤਰਤਾ ਤੋਂ ਪਹਿਲਾਂ ਪੰਜਾਬ ਭਾਵੇਂ ਖੇਤੀ ਵਿਚ ਸਭ ਪ੍ਰਾਂਤਾਂ ਤੋਂ ਵਿਕਸਤ ਪ੍ਰਾਂਤ ਸੀ ਪਰ ਇੱਥੋਂ ਨਿਰਯਾਤ ਹੋਣ ਵਾਲੀਆਂ ਵਸਤਾਂ ਖੇਤੀ ਵਸਤਾਂ ਨਹੀਂ ਸਗੋਂ ਉਦਯੋਗਿਕ ਵਸਤੂਆਂ ਸਨ।

ਗਰਮ ਕੱਪੜਾ, ਰੇਸ਼ਮੀ ਕੱਪੜਾ, ਲੋਹੇ ਦੀਆਂ ਬਣੀਆਂ ਪ੍ਰਿੰਟਿੰਗ ਮਸ਼ੀਨਾਂ, ਮੋਟਰਾਂ ਦੇ ਪੁਰਜ਼ੇ, ਹੌਜਰੀ ਦਾ ਸਾਮਾਨ ਆਦਿ ਇੱਥੋਂ ਹੋਰ ਦੇਸ਼ਾਂ ਨੂੰ ਭੇਜਿਆ ਜਾਂਦਾ ਸੀ। ਪੰਜਾਬ ਤੋਂ ਅਫ਼ਗਾਨਿਸਤਾਨ ਅਤੇ ਇਸ ਤੋਂ ਅੱਗੇ ਈਰਾਨ ਅਤੇ ਕੇਂਦਰੀ ਏਸ਼ੀਆ ਦੇ ਦੇਸ਼ਾਂ ਨਾਲ ਪੰਜਾਬ ਦਾ ਅੰਤਰਰਾਸ਼ਟਰੀ ਵਪਾਰ ਸੀ। ਪਰ ਸੁਤੰਤਰਤਾ ਤੋਂ ਬਾਅਦ ਰਾਜਨੀਤਕ ਕਾਰਨਾਂ ਕਰਕੇ ਪੰਜਾਬ ਤੋਂ ਅਫ਼ਗਾਨਿਸਤਾਨ ਰਸਤੇ ਹੋਣ ਵਾਲਾ ਵਪਾਰ ਬੰਦ ਹੋ ਗਿਆ।

ਪੰਜਾਬ ਤੋਂ ਬੰਦਰਗਾਹਾਂ ਦੀ 1500 ਕਿੱਲੋਮੀਟਰ ਦੀ ਦੂਰੀ ਅਤੇ ਲੋਹੇ, ਕੋਲੇ ਦੇ ਕੱਚੇ ਮਾਲ ਤੋਂ 1200 ਕਿੱਲੋਮੀਟਰ ਦੀ ਦੂਰੀ ਨੇ ਪੰਜਾਬ ਤੋਂ ਬਣਨ ਵਾਲੀਆਂ ਵਸਤੂਆਂ ਨੂੰ ਆਧੁਨਿਕ ਸਮੇਂ ਵਿਚ ਮੁਕਾਬਲੇਯੋਗ ਨਾ ਰਹਿਣ ਦਿੱਤਾ ਜਿਸ ਦੇ ਸਿੱਟੇ ਵਜੋਂ ਪੰਜਾਬ ਵਿੱਚੋਂ ਉਦਯੋਗਿਕ ਵਸਤਾਂ ਦੀ ਨਿਰਯਾਤ ਘਟਦੀ ਚਲੀ ਗਈ ਅਤੇ ਉਹ ਕਾਰਖਾਨੇ ਜਿਹੜੇ ਇਨ੍ਹਾਂ ਵਸਤੂਆਂ ਦਾ ਉਦਪਾਦਨ ਕਰਦੇ ਸਨ, ਉਹ ਬੰਦ ਹੋਣ ਲੱਗ ਪਏ। ਇਨ੍ਹਾਂ ਕਾਰਨਾਂ ਕਰਕੇ ਕਾਰਖਾਨਿਆਂ ਵਿਚ ਲੱਗੇ ਕਿਰਤੀ ਬੇਰੁਜ਼ਗਾਰ ਹੋ ਗਏ ਅਤੇ ਨਵਾਂ ਰੁਜ਼ਗਾਰ ਪੈਦਾ ਨਾ ਹੋਇਆ। ਕਿਰਤੀ ਪੰਜਾਬ ਛੱਡ ਕੇ ਹੋਰ ਪ੍ਰਦੇਸ਼ਾਂ ਅਤੇ ਵਿਦੇਸ਼ਾਂ ਵਿਚ ਜਾਣ ਲੱਗ ਪਏ ਅਤੇ ਪੰਜਾਬ ਨੇ ਉਦਯੋਗਿਕ ਪ੍ਰਾਂਤ ਹੋਣ ਦਾ ਦਰਜਾ ਗੁਆ ਲਿਆ ਤੇ ਇਸ ਦੀ ਨਿਰਭਰਤਾ ਸਿਰਫ਼ ਖੇਤੀ 'ਤੇ ਹੀ ਰਹਿ ਗਈ।

ਭਾਵੇਂ ਪੰਜਾਬ ਖੇਤੀ ਵਿਚ ਸਿਰਫ਼ ਭਾਰਤ ਦਾ ਹੀ ਨਹੀਂ, ਦੁਨੀਆ ਭਰ 'ਚ ਵਿਕਸਤ ਪ੍ਰਾਂਤ ਹੈ। ਪੰਜਾਬ ਕੋਲ ਭਾਰਤ ਦਾ ਸਿਰਫ਼ 1.53 ਫ਼ੀਸਦੀ ਖੇਤਰ ਹੋਣ ਦੇ ਬਾਵਜੂਦ ਉਹ ਦੇਸ਼ ਦੇ ਅੰਨ ਭੰਡਾਰਾਂ ਵਿਚ 60 ਫ਼ੀਸਦੀ ਤੱਕ ਹਿੱਸਾ ਪਾਉਂਦਾ ਰਿਹਾ ਹੈ। ਦੇਸ਼ ਦੇ ਕੁੱਲ ਕਣਕ ਉਤਪਾਦਨ ਵਿਚ 19 ਫ਼ੀਸਦੀ, ਝੋਨੇ ਵਿਚ 11 ਅਤੇ ਕਪਾਹ ਵਿਚ 5% ਹਿੱਸਾ ਰਿਹਾ ਹੈ। ਇੱਥੋਂ ਤੱਕ ਕਿ ਦੁਨੀਆ ਭਰ ਵਿਚ ਪੈਦਾ ਹੋਣ ਵਾਲੀ ਕਣਕ ਵਿਚ ਪੰਜਾਬ ਦਾ ਯੋਗਦਾਨ 2.4%, ਝੋਨੇ ਵਿਚ 2.5% ਅਤੇ ਕਪਾਹ ਵਿਚ 1.2 ਫ਼ੀਸਦੀ ਹਿੱਸਾ ਹੈ। ਫਿਰ ਵੀ ਪੰਜਾਬ ਖੇਤੀ ਵਿਚ ਵੀ ਆਤਮ-ਨਿਰਭਰ ਨਹੀਂ ਸਗੋਂ ਬਹੁਤ ਸਾਰੀਆਂ ਵਸਤਾਂ ਹੋਰ ਪ੍ਰਦੇਸ਼ਾਂ ਤੋਂ ਅਤੇ ਵਿਦੇਸ਼ਾਂ ਤੋਂ ਮੰਗਵਾਉਂਦਾ ਹੈ ਜਿਸ ਲਈ ਉੱਚੀਆਂ ਕੀਮਤਾਂ ਦੇਣੀਆਂ ਪੈਂਦੀਆਂ ਹਨ ਭਾਵੇਂ ਉਹ ਵਸਤਾਂ ਪੰਜਾਬ ਵਿਚ ਆਸਾਨੀ ਨਾਲ ਪੈਦਾ ਕੀਤੀਆਂ ਜਾ ਸਕਦੀਆਂ ਹਨ।

ਸੰਨ 1960 ਤੋਂ ਪਹਿਲਾਂ ਪੰਜਾਬ ਉਹ ਵਸਤਾਂ ਹੋਰ ਪ੍ਰਦੇਸ਼ਾਂ ਨੂੰ ਭੇਜਦਾ ਸੀ ਪਰ 1970 ਤੋਂ ਬਾਅਦ ਜਦੋਂ ਤੋਂ ਝੋਨੇ ਤੇ ਕਣਕ ਨੂੰ ਸਰਕਾਰੀ ਤੌਰ 'ਤੇ ਖ਼ਰੀਦ ਕੇ ਯਕੀਨਨ ਮੰਡੀਕਰਨ ਦਾ ਭਰੋਸਾ ਦਿੱਤਾ ਗਿਆ ਤਾਂ ਫ਼ਸਲ ਚੱਕਰ ਬਦਲ ਕੇ ਇਨ੍ਹਾਂ ਦੋਵਾਂ ਫ਼ਸਲਾਂ ਦਾ ਵਧਦਾ ਗਿਆ ਅਤੇ ਹੋਰ ਫ਼ਸਲਾਂ ਜਿਵੇਂ ਦਾਲਾਂ ਅਤੇ ਤੇਲ ਦੇ ਬੀਜਾਂ ਅਧੀਨ ਲਗਾਤਾਰ ਖੇਤਰ ਘਟਦਾ ਗਿਆ। ਹੁਣ 32 ਲੱਖ ਹੈਕਟੇਅਰ ਜਾਂ 80 ਲੱਖ ਏਕੜ ਖੇਤਰ ਝੋਨੇ ਅਧੀਨ ਹੈ। ਹੁਣ ਸਰਕਾਰ ਦੀਆਂ ਕੋਸ਼ਿਸ਼ਾਂ ਹਨ ਕਿ ਝੋਨੇ ਅਧੀਨ ਖੇਤਰ ਨੂੰ ਘੱਟ ਕੀਤਾ ਜਾਵੇ ਪਰ ਨਹੀਂ ਹੋ ਰਿਹਾ। ਇਸ ਦਾ ਇਹ ਪ੍ਰਭਾਵ ਪਿਆ ਕਿ ਦਾਲਾਂ ਬਹੁਤ ਮਹਿੰਗੀਆਂ ਮਿਲਣ ਲੱਗੀਆਂ ਅਤੇ ਇਹੋ ਹਾਲ ਤੇਲ ਦੇ ਬੀਜਾਂ ਦਾ ਹੋਇਆ।



ਇੱਥੇ ਤੱਕ ਕਿ ਗੰਢੇ ਵੀ ਨਾਸਿਕ ਤੋਂ ਲਿਆ ਕੇ ਪੰਜਾਬ ਵਿਚ ਵਿਕਦੇ ਹਨ ਅਤੇ ਇਸ ਤਰ੍ਹਾਂ ਹੀ ਅਦਰਕ ਤੇ ਹੋਰ ਫ਼ਸਲਾਂ ਵੀ ਹੋਰ ਪ੍ਰਦੇਸ਼ਾਂ ਤੋਂ ਆਉਂਦੀਆਂ ਹਨ। ਹੁਣ ਪੰਜਾਬ ਨਿਰਯਾਤ ਵਿਚ ਪੰਦਰਵੇਂ ਸਥਾਨ 'ਤੇ ਹੈ ਅਤੇ ਪੰਜਾਬ ਤੋਂ ਇਕ ਹੀ ਵਸਤ ਬਾਸਮਤੀ ਚੌਲ ਹਨ ਜਿਹੜੇ ਸਾਲ ਵਿਚ ਤਕਰੀਬਨ 20 ਹਜ਼ਾਰ ਕਰੋੜ ਰੁਪਏ ਦੇ ਨਿਰਯਾਤ ਕੀਤੇ ਜਾਂਦੇ ਹਨ। ਬਾਸਮਤੀ ਅਮਰੀਕਾ, ਕੈਨੇਡਾ, ਫਰਾਂਸ, ਆਸਟ੍ਰੇਲੀਆ, ਜਰਮਨੀ ਆਦਿ ਦੇਸ਼ਾਂ ਵਿਚ ਵਿਕਦੀ ਹੈ। ਬਾਸਮਤੀ ਦੇ ਨਿਰਯਾਤ ਵਿਚ ਪੰਜਾਬ ਦਾ 80 ਫ਼ੀਸਦੀ ਹਿੱਸਾ ਹੈ। ਵੈਸੇ ਵੀ ਬਾਸਮਤੀ ਚੌਲ ਵਿਚ ਇਕ ਉਹ ਫ਼ਸਲ ਹੈ ਜਿਹੜੀ ਸਿਰਫ਼ ਪੰਜਾਬ (ਭਾਰਤ) ਵਿਚ ਅਤੇ ਪਾਕਿਸਤਾਨ ਵਿਚ ਹੀ ਪੈਦਾ ਕੀਤੀ ਜਾਂਦੀ ਹੈ।

ਬਾਹਰਲੇ ਦੇਸ਼ਾਂ ਵਿਚ ਬਾਸਮਤੀ ਦੀ ਇੰਨੀ ਮੰਗ ਹੈ ਕਿ ਉਹ ਕਈ ਵਾਰ ਪੂਰੀ ਵੀ ਨਹੀਂ ਹੁੰਦੀ ਪਰ ਪੰਜਾਬ ਵਿਚ ਬਾਸਮਤੀ ਦੀ ਫ਼ਸਲ ਲਈ ਖੇਤਰ ਵਿਚ ਵਾਧਾ ਨਹੀਂ ਹੋ ਰਿਹਾ। ਸੰਨ 2007 ਵਿਚ ਇਸ ਤਰ੍ਹਾਂ ਦੀ ਸਥਿਤੀ ਬਣੀ ਕਿ ਵਿਦੇਸ਼ਾਂ ਵਿਚ ਬਾਸਮਤੀ ਚੌਲਾਂ ਦੀ ਜਿੰਨੀ ਮੰਗ ਸੀ, ਉਹ ਪੂਰੀ ਨਹੀਂ ਸੀ ਹੋ ਰਹੀ ਅਤੇ ਅਖ਼ੀਰ ਵਿਦੇਸ਼ੀ ਆਯਾਤਕਾਰਾਂ ਨੇ ਭਾਰਤੀ ਨਿਰਯਾਤਕਾਰਾਂ ਨੂੰ ਕਿਹਾ ਕਿ ਉਹ ਸ਼ਰਬਤੀ ਅਤੇ ਪੂਸਾ ਚੌਲਾਂ ਨੂੰ ਭੇਜ ਦੇਣ।

ਉਹ ਬੇਸ਼ੱਕ ਬਾਸਮਤੀ ਵਰਗੇ ਤਾਂ ਨਹੀਂ ਪਰ ਉਹ ਵੀ ਬਾਹਰ ਵਿਕ ਸਕਦੇ ਹਨ। ਪਰ ਉਸ ਵਕਤ ਅਨਾਜ ਸੁਰੱਖਿਆ ਕਰਕੇ ਉਨ੍ਹਾਂ ਚੌਲਾਂ ਦੇ ਭੇਜਣ ਦੀ ਮਨਾਹੀ ਸੀ। ਇਸ ਲਈ ਭਾਰਤੀ ਨਿਰਯਾਤਕਾਰਾਂ ਨੇ ਵਪਾਰ ਵਜ਼ਾਰਤ ਨੂੰ ਇਸ ਗੱਲ ਲਈ ਸੰਤੁਸ਼ਟ ਕਰ ਲਿਆ ਕਿ ਬਾਹਰ ਇਹ ਚੌਲ ਉੱਚੀ ਕੀਮਤ 'ਤੇ ਵਿਕ ਸਕਦੇ ਹਨ। ਭਾਰਤ ਵਿਚ ਹੁਣ ਕੋਈ ਅਨਾਜ ਸਮੱਸਿਆ ਨਹੀਂ ਅਤੇ ਨਿਰਯਾਤਕਾਰਾਂ ਦੀਆਂ ਕੋਸ਼ਿਸ਼ਾਂ ਸਦਕਾ ਉਨ੍ਹਾਂ ਨੂੰ ਚੌਲਾਂ ਦੇ ਨਿਰਯਾਤ ਦੀ ਆਗਿਆ ਦੇ ਦਿੱਤੀ ਗਈ ਹੈ।

ਪੰਜਾਬ ਦਾ ਉਦਯੋਗੀਕਰਨ ਹੋਣਾ ਚਾਹੀਦਾ ਹੈ ਕਿਉਂ ਜੋ ਉਦਯੋਗੀਕਰਨ ਤੋਂ ਬਗੈਰ ਪੰਜਾਬ ਦੀ ਬੇਰੁਜ਼ਗਾਰੀ ਦੀ ਸਮੱਸਿਆ ਹੱਲ ਨਹੀਂ ਹੋ ਸਕਦੀ। ਪੰਜਾਬ ਤੋਂ ਉਦਯੋਗਿਕ ਵਸਤਾਂ ਦਾ ਨਿਰਯਾਤ ਵੀ ਹੋਣਾ ਚਾਹੀਦਾ ਹੈ। ਕਿਸੇ ਵੇਲੇ ਲੁਧਿਆਣੇ ਦੀ ਹੌਜਰੀ ਦਾ ਭਾਰਤ ਦੇ ਹੌਜਰੀ ਨਿਰਯਾਤ ਵਿਚ 95 ਫ਼ੀਸਦੀ ਹਿੱਸਾ ਸੀ।

ਆਸਟ੍ਰੇਲੀਆ, ਨਿਊਜ਼ੀਲੈਂਡ ਤੋਂ ਉੱਨ ਮੰਗਵਾ ਕੇ ਗਰਮ ਕੱਪੜੇ ਤਿਆਰ ਕਰ ਕੇ ਉਨ੍ਹਾਂ ਦਾ ਨਿਰਯਾਤ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿਚ ਹੁੰਦਾ ਸੀ। ਪਰ ਨਿਰਯਾਤ ਤੁਲਨਾਤਮਕ ਲਾਗਤ ਦੇ ਸਿਧਾਂਤ 'ਤੇ ਹੁੰਦਾ ਸੀ ਜਿਸ ਦਾ ਅਰਥ ਹੈ ਕਿ ਜਿਹੜੀ ਚੀਜ਼ ਬਾਹਰੋਂ ਤੁਲਨਾਤਮਕ ਤੌਰ 'ਤੇ ਸਸਤੀ ਮਿਲਦੀ ਹੈ, ਉਹ ਲੈ ਲਓ ਅਤੇ ਜਿਸ ਵਸਤੂ ਨੂੰ ਤੁਲਨਾਤਮਕ ਲਾਗਤ 'ਤੇ ਆਪਣੇ ਦੇਸ਼ ਵਿਚ ਸਸਤਾ ਬਣਾਇਆ ਜਾ ਸਕਦਾ ਹੈ, ਉਸ ਦਾ ਨਿਰਯਾਤ ਕਰੋ।

ਉਸ ਵਸਤ ਦਾ ਨਿਰਯਾਤ ਕਿਤੇ ਸਸਤਾ ਪੈਂਦਾ ਹੈ ਜਿਹੜੀ ਆਪਣੇ ਦੇਸ਼ ਵਿਚ ਪੈਦਾ ਹੁੰਦੀ ਹੈ। ਪੰਜਾਬ ਖੇਤੀ ਪ੍ਰਧਾਨ ਪ੍ਰਾਂਤ ਹੈ। ਇੱਥੋਂ ਖੇਤੀ ਵਸਤਾਂ ਦਾ ਨਿਰਯਾਤ ਜ਼ਿਆਦਾ ਲਾਭਕਾਰੀ ਹੋ ਸਕਦਾ ਹੈ। ਪਰ ਖੇਤੀ ਵਸਤਾਂ ਦੇ ਨਿਰਯਾਤ ਵਿਚ ਪੰਜਾਬ ਬਹੁਤ ਪਿੱਛੇ ਹੈ ਅਤੇ ਤਿਆਰ ਖੇਤੀ ਵਸਤਾਂ ਦੇ ਨਿਰਯਾਤ ਜਿਸ ਦੇ ਜ਼ਿਆਦਾ ਮੌਕੇ ਹਨ, ਬਿਲਕੁਲ ਨਹੀਂ ਹੋ ਰਿਹਾ। ਇੱਥੋਂ ਤੱਕ ਕਿ ਜੂਸ, ਜੈਮ, ਚਟਣੀਆਂ, ਮੁਰੱਬੇ ਆਦਿ ਵੀ ਹੋਰ ਪ੍ਰਦੇਸ਼ਾਂ ਤੋਂ ਆ ਕੇ ਇੱਥੇ ਵਿਕਦੇ ਹਨ।

ਕਣਕ ਤੋਂ ਬਣਿਆ ਆਟਾ ਵੀ ਹੋਰ ਪ੍ਰਦੇਸ਼ਾਂ ਤੋਂ ਮੰਗਵਾਇਆ ਜਾਂਦਾ ਹੈ। ਦੁਨੀਆ ਦੇ ਵਿਕਸਤ ਦੇਸ਼ਾਂ ਵਿਚ 86 ਫ਼ੀਸਦੀ ਖੇਤੀ ਵਸਤਾਂ ਨੂੰ ਤਿਆਰ ਕਰ ਕੇ ਵੇਚਿਆ ਜਾਂਦਾ ਹੈ ਪਰ ਪੰਜਾਬ ਵਿਚ ਸਿਰਫ਼ 12 ਫ਼ੀਸਦੀ ਵਸਤਾਂ ਤਿਆਰ ਕਰਕੇ ਵਿਕਦੀਆਂ ਹਨ। ਖੇਤੀ ਆਧਾਰਤ ਉਦਯੋਗ ਜਿਨ੍ਹਾਂ ਦੀ ਪੰਜਾਬ ਵਿਚ ਜ਼ਿਆਦਾ ਸਮਰੱਥਾ ਹੈ, ਉਨ੍ਹਾਂ ਦੀ ਅਣਹੋਂਦ ਹੈ।

ਮੈਨੂੰ ਕੁਝ ਸਾਲ ਪਹਿਲਾਂ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰਿਸਰਚ ਦਿੱਲੀ ਵੱਲੋਂ ਇਕ ਪ੍ਰਾਜੈਕਟ ਮਿਲਿਆ ਸੀ ਜਿਸ ਵਿਚ ਮੈਂ ਇਹ ਅਧਿਐਨ ਕਰਨਾ ਸੀ ਕਿ ਖੇਤੀ ਆਧਾਰਤ ਉਦਯੋਗਾਂ ਦੇ ਵਿਕਾਸ ਲਈ ਪੰਜਾਬ ਵਿਚ ਕੀ ਰੁਕਾਵਟਾਂ ਹਨ ਤਾਂ ਮੈਂ ਆਪਣੇ ਅਧਿਐਨ ਵਿਚ ਇਹ ਸਿੱਟਾ ਕੱਢਿਆ ਕਿ ਕੱਚੇ ਮਾਲ ਦੀ ਲਗਾਤਾਰ ਅਤੇ ਯੋਗ ਮਾਤਰਾ ਵਿਚ ਪੂਰਤੀ ਦਾ ਨਾ ਹੋਣਾ, ਖੇਤੀ ਆਧਾਰਤ ਉਦਯੋਗਾਂ ਲਈ ਪੰਜਾਬ ਵਿਚ ਇਕ ਵੱਡੀ ਰੁਕਾਵਟ ਹੈ।

ਹਰ ਉੱਦਮੀ ਇਸ ਗੱਲ ਲਈ ਸੁਚੇਤ ਹੈ ਕਿ ਉਸ ਵੱਲੋਂ ਲਾਈ ਪੂੰਜੀ ਸਾਲ ਦਾ ਜ਼ਿਆਦਾ ਸਮਾਂ ਆਪਣੇ ਕੰਮ ਵਿਚ ਲੱਗੀ ਰਹੇ ਅਤੇ ਇਹ ਤਾਂ ਹੀ ਸੰਭਵ ਹੈ ਜੇ ਉਸ ਲਈ ਜ਼ਿਆਦਾ ਤੋਂ ਜ਼ਿਆਦਾ ਸਮੇਂ ਲਈ ਉਹ ਫ਼ਸਲ ਜਾਂ ਕੱਚਾ ਮਾਲ ਮਿਲਦਾ ਹੈ। ਖੇਤੀ ਇਕ ਮੌਸਮੀ ਧੰਦਾ ਹੈ। ਹਰ ਫ਼ਸਲ ਹਰ ਵਕਤ ਤਿਆਰ ਨਹੀਂ ਹੋ ਸਕਦੀ। ਉਸ ਲਈ ਸਮਾਂ ਨਿਸ਼ਚਤ ਹੈ। ਪੰਜਾਬ ਵਿਚ ਸਿਵਾਏ ਖੰਡ ਮਿੱਲਾਂ ਦੇ ਹੋਰ ਕਿਸੇ ਵੀ ਵਸਤ ਦੇ ਮੁੱਲ ਵਾਧੇ ਲਈ ਉਦਯੋਗਿਕ ਇਕਾਈਆਂ ਨਹੀਂ ਲੱਗੀਆਂ ਹਾਲਾਂਕਿ ਪੰਜਾਬ ਦਾ ਜਲਵਾਯੂ ਹਰ ਫ਼ਸਲ ਦੇ ਅਨੁਕੂਲ ਹੈ।

ਪੰਜਾਬ ਵਿਚ ਫਲਾਂ, ਸਬਜ਼ੀਆਂ, ਦਾਲਾਂ ਅਤੇ ਤੇਲ ਦੇ ਬੀਜਾਂ ਦੇ ਉਤਪਾਦਨ ਦੀ ਵੱਡੀ ਸਮਰੱਥਾ ਹੈ। ਸੂਰਜਮੁਖੀ ਪੰਜਾਬ ਵਿਚ ਇੰਨੀ ਉਪਜ ਦਿੰਦਾ ਹੈ ਜਿੰਨੀ ਕਿਸੇ ਵੀ ਪ੍ਰਾਂਤ ਵਿਚ ਨਹੀਂ। ਇਸ ਤਰ੍ਹਾਂ ਹੋਰ ਫ਼ਸਲਾਂ ਦੀ ਹਾਲਤ ਹੈ ਪਰ ਉਹ ਬੀਜੀਆਂ ਹੀ ਨਹੀਂ ਜਾਂਦੀਆਂ ਜਦਕਿ ਕਿ ਵਿਦੇਸ਼ਾਂ ਤੋਂ ਬਹੁਤ ਮਹਿੰਗੀਆਂ ਖ਼ਰੀਦੀਆਂ ਜਾਂਦੀਆਂ ਹਨ। ਫ਼ਸਲਾਂ ਦੀ ਬਿਜਾਈ ਲਈ ਕੇਂਦਰ ਤੇ ਪ੍ਰਾਂਤ ਦੀ ਅਪਣਾਈ ਜਾਂਦੀ ਨੀਤੀ ਦੀ ਵੱਡੀ ਭੂਮਿਕਾ ਹੈ। ਜੇ ਇਨ੍ਹਾਂ ਫ਼ਸਲਾਂ ਨੂੰ ਵੀ ਸਰਕਾਰ ਵੱਲੋਂ ਅਪਣਾਈ ਕਣਕ ਅਤੇ ਝੋਨੇ ਵਾਂਗ ਯਕੀਨੀ ਮੰਡੀਕਰਨ ਦਾ ਭਰੋਸਾ ਮਿਲ ਜਾਵੇ ਤਾਂ ਇਨ੍ਹਾਂ ਵਿਚ ਵੀ ਉਹੋ ਜਿਹੇ ਹੈਰਾਨਕੁੰਨ ਸਿੱਟੇ ਪ੍ਰਾਪਤ ਕੀਤੇ ਜਾ ਸਕਦੇ ਹਨ ਜਿਹੜੇ ਕਣਕ, ਝੋਨੇ ਵਿਚ ਕੀਤੇ ਗਏ ਹਨ। ਇਨ੍ਹਾਂ ਫ਼ਸਲਾਂ ਬਾਰੇ ਖੋਜ ਹੀ ਨਹੀਂ ਕੀਤੀ ਗਈ।

ਅਨਾਜ ਸਮੱਸਿਆ ਹੋਣ ਕਰਕੇ ਜਿੰਨੀ ਦਿਲਚਸਪੀ ਕਣਕ ਅਤੇ ਝੋਨੇ ਦੇ ਬੀਜਾਂ ਲਈ ਵਿਖਾਈ ਗਈ ਸੀ, ਜੇ ਓਨੀ ਦਿਲਚਸਪੀ ਉਨ੍ਹਾਂ ਕੁਝ ਕੁ ਫ਼ਸਲਾਂ ਲਈ ਵੀ ਵਿਖਾਈ ਜਾਂਦੀ ਜਿਨ੍ਹਾਂ ਦਾ ਨਿਰਯਾਤ ਹੋ ਸਕਦਾ ਹੈ ਤਾਂ ਉਹ ਪੰਜਾਬ ਦੇ ਵੱਡੇ ਹਿੱਤ ਦੀ ਗੱਲ ਹੁੰਦੀ। ਪੰਜਾਬ ਵਿਚ ਹੋਰ ਪ੍ਰਾਂਤਾਂ ਦੀ ਤਰ੍ਹਾਂ ਐਗਰੀ ਐਕਸਪੋਰਟ ਕਾਰਪੋਰੇਸ਼ਨ ਹੈ ਜਿਸ ਦਾ ਮੁੱਖ ਕੰਮ ਹੈ ਖੇਤੀ ਵਸਤਾਂ ਦੇ ਨਿਰਯਾਤ ਲਈ ਵਿਦੇਸ਼ਾਂ ਤੋਂ ਆਰਡਰ ਪ੍ਰਾਪਤ ਕਰਨੇ ਪਰ ਪਿਛਲੇ ਕਈ ਦਹਾਕਿਆਂ ਤੋਂ ਉਸ ਕਾਰਪੋਰੇਸ਼ਨ ਦੀ ਕਾਰਗੁਜ਼ਾਰੀ ਕੁਝ ਵੀ ਨਹੀਂ ਰਹੀ। ਅਸਲ ਵਿਚ ਜੇ ਉਹ ਕੋਈ ਆਰਡਰ ਪ੍ਰਾਪਤ ਵੀ ਕਰ ਲੈਣ ਤਾਂ ਵੀ ਉਹ ਕਿਸ ਨੇ ਪੂਰਾ ਕਰਨਾ ਹੈ ਕਿਉਂ ਜੋ ਜਿਹੜੀਆਂ ਵਸਤਾਂ ਦੀ ਵਿਦੇਸ਼ਾਂ ਵਿਚ ਮੰਗ ਹੈ, ਉਹ ਤਾਂ ਪੈਦਾ ਹੀ ਨਹੀਂ ਹੋ ਰਹੀਆਂ।

ਪੰਜਾਬ ਵਿਚ ਫੈਲੀ ਵੱਡੀ ਬੇਰੁਜ਼ਗਾਰੀ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਪੰਜਾਬ ਦੇ ਉਦਯੋਗੀਕਰਨ ਵਿਚ ਖੇਤੀ ਆਧਾਰਤ ਉਦਯੋਗਾਂ ਨੂੰ ਪਹਿਲ ਦੇਣੀ ਚਾਹੀਦੀ ਹੈ ਅਤੇ ਇਸ ਵਿਚ ਸਰਕਾਰ ਦੀ ਵੱਡੀ ਭੂਮਿਕਾ ਹੈ। ਇਨ੍ਹਾਂ ਉਦਯੋਗਾਂ ਨੂੰ ਉਤਸ਼ਾਹਤ ਕਰਨ ਲਈ ਸਹੂਲਤਾਂ ਜਿਵੇਂ ਸਬਸਿਡੀ, ਸਸਤੀ ਬਿਜਲੀ, ਟੈਕਸ ਛੋਟ ਤੋਂ ਇਲਾਵਾ ਸਭ ਤੋਂ ਜ਼ਰੂਰੀ ਸਰਕਾਰੀ ਤੌਰ 'ਤੇ ਉਹ ਫ਼ਸਲਾਂ ਖ਼ਰੀਦਣ ਦਾ ਯਕੀਨੀਕਰਨ ਸਰਕਾਰ 'ਤੇ ਨਿਰਭਰ ਕਰਦਾ ਹੈ।

ਸਰਕਾਰ ਵੱਲੋਂ ਕੁਝ ਵਸਤਾਂ ਦੀ ਪਛਾਣ ਕਰਨੀ ਜਿਹੜੀਆਂ ਭਾਰਤ ਦੇ ਹੋਰ ਪ੍ਰਾਂਤਾਂ ਜਾਂ ਵਿਦੇਸ਼ਾਂ ਵਿਚ ਵਿਕ ਸਕਦੀਆਂ ਹਨ ਅਤੇ ਫਿਰ ਉਨ੍ਹਾਂ ਨੂੰ ਘੱਟੋ-ਘੱਟ ਸਮਰਥਨ ਕੀਮਤਾਂ 'ਤੇ ਖ਼ਰੀਦਣ ਦਾ ਯਕੀਨ ਦਿਵਾਉਣਾ ਸਰਕਾਰ ਹੀ ਕਰ ਸਕਦੀ ਹੈ। ਉੱਦਮੀ ਨੂੰ ਵੀ ਇਹ ਯਕੀਨ ਹੋਵੇ ਕਿ ਉਸ ਦੀ ਲੱਗੀ ਪੂੰਜੀ ਦੀ ਪੂਰੀ ਸਮਰੱਥਾ ਵਰਤੀ ਜਾਵੇਗੀ ਅਤੇ ਉਸ ਦੀ ਇਕਾਈ ਲੰਬਾ ਸਮਾਂ ਕੰਮ ਕਰੇਗੀ। ਉਕਤ ਨੂੰ ਕਰਨ ਨਾਲ ਜਿੱਥੇ ਰੁਜ਼ਗਾਰ ਵਿਚ ਵਾਧਾ ਹੋਵੇਗਾ ਉੱਥੇ ਖੇਤੀ ਵਿਚ ਵਿਭਿੰਨਤਾ ਆਵੇਗੀ ਜਿਸ ਦੀ ਇਸ ਸਮੇਂ ਵੱਡੀ ਲੋੜ ਹੈ।


ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ

ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012


ਦਲਜੀਤ ਸਿੰਘ ਰਾਏ

FAST COMPUTER REPAIR

New Web Designing
& Hosting Services



Onsite Service Available
Computer Repair & Upgrade
Spyware & Virus Removal

Same Day Service



Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444

# ਅਸੀਂ ਮੁਆਫ਼ੀ ਮੰਗਣ ਵਾਲ਼ੇ ਨਹੀਂ ਹਾਂ!

ਲੇਖਕ : ਪਰਮਿੰਦਰ ਸੋਢੀ

*"ਸ਼ਾਇਰ ਪਰਮਿੰਦਰ ਸੋਢੀ ਲੰਮੇ ਅਰਸੇ ਤੋਂ ਜਪਾਨ ਦੇ ਬਾਸ਼ਿੰਦੇ ਹਨ। ਉਨ੍ਹਾਂ ਨੇ ਆਪਣੇ ਇਸ ਲੇਖ ਵਿਚ ਜਪਾਨ ਦੇ ਲੋਕਾਂ ਦੀ ਸਾਦਗੀ ਦਾ ਜ਼ਿਕਰ ਬਾਖ਼ੂਬੀ ਕੀਤਾ ਹੈ। ਤੁਸੀਂ ਪੜ੍ਹੋਗੇ-'ਮੈਨੂੰ ਕਦੇ ਕੋਈ ਵੀ.ਆਈ.ਪੀ. ਦੇਖਣ ਨੂੰ ਨਹੀਂ ਮਿਲਿਆ। ਮੈਂ ਸੋਚਦਾ ਰਹਿੰਦਾ ਹਾਂ ਕਿ ਹਜ਼ਾਰਾਂ ਮੰਤਰੀ ਜਾਂ ਸਾਬਕਾ ਮੰਤਰੀ; ਓਲੰਪਿਕਸ ਦੇ ਹਜ਼ਾਰਾਂ ਸੋਨ ਤਮਗੇ ਜੇਤੂ ਖਿਡਾਰੀ; ਸੈਂਕੜੇ ਨੋਬਲ ਇਨਾਮ ਜੇਤੂ; ਮਹਾਨ ਇਤਿਹਾਸਕ ਮੰਦਰਾਂ ਦੇ ਪੁਜਾਰੀ ਅਤੇ ਹਜ਼ਾਰਾਂ ਵੱਡੀਆਂ ਕੰਪਨੀਆਂ ਦੇ ਅਧਿਕਾਰੀ ਪਤਾ ਨਹੀਂ ਕਿੱਥੇ ਰਹਿੰਦੇ ਹਨ? ਏਸ਼ੀਆ ਦਾ ਇਹ ਏਨਾ ਛੋਟਾ ਜਿਹਾ ਦੇਸ਼ ਯੂਰਪ ਦੇ ਸਾਰੇ ਵਿਕਸਤ ਮੁਲਕਾਂ ਦਾ ਮੁਕਾਬਲਾ ਕਰਦਾ ਹੈ। ਪਰ ਵੀ.ਆਈ.ਪੀ. ਇਕ ਵੀ ਪੈਦਾ ਨਹੀਂ ਕਰਦਾ। ਸਾਰੇ ਹੀ ਆਮ ਹਨ ਅਤੇ ਆਮ ਹੀ ਬੱਸਾਂ ਗੱਡੀਆਂ ਵਿਚ ਤੁਰੇ ਫਿਰਦੇ ਹਨ। ਸੱਚੀਂ ਕਈ ਵਾਰ ਮੈਨੂੰ ਲਗਣ ਲਗਦਾ ਹੈ ਕਿ ਇਥੇ ਜ਼ਰੂਰ ਕੋਈ ਗੜਬੜ ਹੈ!'"*

ਮੈਂ ਰੇਲਗੱਡੀ ਵਿਚ ਘਰ ਤੋਂ ਕੰਮ 'ਤੇ ਜਾ ਰਿਹਾ ਸੀ। ਸਾਹਮਣੇ ਵਾਲੀ ਸੀਟ 'ਤੇ ਇੱਕ ਮਾਂ ਆਪਣੇ ਦੋ ਬੱਚਿਆਂ ਨਾਲ ਬੈਠੀ ਸੀ। ਬੱਚਿਆਂ ਦੀ ਉਮਰ ਪੰਜ ਸੱਤ ਸਾਲ ਹੋਵੇਗੀ। ਬੱਚੇ ਆਪਸ ਵਿਚ ਲੜ ਪਏ। ਇੱਕ ਬੱਚੇ ਨੇ ਦੂਜੇ ਦੇ ਹੱਥ ਵਿਚੋਂ ਕੋਈ ਚੀਜ਼ ਖੋਹ ਕੇ ਪਰਾਂ ਵਗਾਹ ਮਾਰੀ। ਮਾਂ ਨੇ ਗਲਤੀ ਕਰਨ ਵਾਲੇ ਬੱਚੇ ਨੂੰ ਕਿਹਾ ਕਿ ਉਹ ਮੁਆਫ਼ੀ ਮੰਗੇ। ਬੱਚਾ ਮੰਨੇ ਨਾ। ਮਾਂ ਦੋ ਤਿੰਨ ਵਾਰੀ ਜ਼ੋਰ ਪਾ ਕੇ ਕਿਹਾ ਕਿ ਮੁਆਫ਼ੀ ਮੰਗ। ਬੱਚਾ ਮੰਨ ਗਿਆ ਅਤੇ ਦੂਜੇ ਬੱਚੇ ਨੂੰ ਕਹਿਣ ਲੱਗਾ, 'ਸੁਮੀਮਾਸੇਨ।' ਮੈਂ ਮੁਸਕਰਾ ਪਿਆ ਕਿ ਚਲੋ ਮਸਲਾ ਨਿਬੜ ਗਿਆ। ਸੁਮੀਮਾ ਸੇਨ ਦਾ ਸਿੱਧਾ ਮਤਲਬ ਹੁੰਦਾ ਹੈ ਕਿ ਸੌਰੀ! ਭਾਵ ਕਿ ਹੋਈ ਗਲਤੀ ਦੀ ਮੁਆਫ਼ੀ ਮੰਗਦਾ ਹਾਂ। ਪਰ ਮਾਂ ਦੀ ਤਸੱਲੀ ਨਾ ਹੋਈ। ਮਾਂ ਕਹਿਣ ਲੱਗੀ, 'ਤੂੰ ਸੁਮੀਮਾਸੇਨ ਦਿਲੋਂ ਨਹੀਂ ਕਿਹਾ। ਦਿਲੋਂ ਸੁਮੀਮਾਸੇਨ ਕਹਿ।' ਮੈਂ ਚੌਂਕ ਗਿਆ। ਪਰ ਮਾਂ ਨੇ ਬੱਚੇ ਨੂੰ ਬਾਰ-ਬਾਰ ਬੋਲ ਕੇ ਉਸ ਦੀ ਗਲਤੀ ਮਹਿਸੂਸ ਕਰਵਾਈ ਅਤੇ ਦੁਬਾਰਾ ਦਿਲੋਂ ਮੁਆਫ਼ੀ ਮੰਗਣ ਲਈ ਕਿਹਾ। ਆਖਰ ਬੱਚੇ ਨੇ ਕੁਝ ਮਹਿਸੂਸ ਕੀਤਾ ਅਤੇ ਦੁਬਾਰਾ 'ਸੁਮੀਮਾਸੇਨ' ਕਿਹਾ। ਮਾਂ ਨੂੰ ਤਸੱਲੀ ਹੋਈ। ਸਭ ਆਮ ਵਾਂਗ ਹੋ ਗਿਆ। ਜਪਾਨ ਦੀ ਆਮ ਬੋਲਚਾਲ ਵਿਚ ਦੋ ਸ਼ਬਦ ਏਨਾ ਜ਼ਿਆਦਾ ਵਰਤੇ ਜਾਂਦੇ ਹਨ ਕਿ ਕਿਸੇ ਵੀ ਵਿਦੇਸ਼ੀ ਨੂੰ ਪਹਿਲੇ ਦੂਜੇ ਦਿਨ ਹੀ ਯਾਦ ਹੋ ਜਾਂਦੇ ਹਨ। ਪਹਿਲਾ ਸ਼ਬਦ ਸੁਮੀਮਾਸੇਨ ਭਾਵ ਖਿਮਾ! ਹੈ ਅਤੇ ਦੂਜਾ ਸ਼ਬਦ ਆਰੀਗਾਤੋ ਭਾਵ ਧੰਨਵਾਦ ਹੈ। ਯੂਰਪੀ ਲੋਕ ਵੀ ਸਮਝ ਨਹੀਂ ਪਾਉਂਦੇ ਕਿ ਜਿਸ ਮੌਕੇ ਉਹ ਧੰਨਵਾਦ ਕਹਿੰਦੇ ਹਨ, ਜਪਾਨੀ ਉਸ ਮੌਕੇ ਵੀ ਸੌਰੀ ਹੀ ਕਿਉਂ ਕਹਿੰਦੇ ਹਨ। ਮਿਸਾਲ ਵਜੋਂ ਕਿਸੇ ਨੇ ਤੁਹਾਡੇ ਲਈ ਦਰਵਾਜ਼ਾ ਖੋਲ ਦਿੱਤਾ, ਕਿਸੇ ਨੇ ਤੁਹਾਨੂੰ ਸੀਟ ਦੇ ਦਿੱਤੀ ਜਾਂ ਕਿਸੇ ਨੇ ਤੁਹਾਡਾ ਫਸਿਆ ਕੰਮ ਹੱਲ ਕਰ ਦਿੱਤਾ। ਇਹੋ ਜਿਹੇ ਮੌਕਿਆਂ ਦਾ ਬਹੁਤੇ ਭਾਰਤੀ ਤਾਂ ਨੋਟਿਸ ਹੀ ਨਹੀਂ ਲੈਂਦੇ। ਯੂਰਪੀ 'ਧੰਨਵਾਦ' ਕਹਿ ਕੇ ਸਾਰ ਲੈਂਦੇ ਹਨ। ਪਰ ਜਪਾਨੀ ਉਸੇ ਵੇਲੇ ਸਿਰ ਝੁਕਾ ਕੇ, ਅਵਾਜ਼ ਵਿਚ ਆਜਿਜ਼ੀ ਜਾਂ ਲਾਚਾਰੀ ਜਿਹੀ ਭਰ ਕੇ ਕਹਿਣਗੇ, 'ਸੁਮੀਮਾਸੇਨ!' ਇਸ ਦਾ ਸਿੱਧਾ-ਸਿੱਧਾ ਮਤਲਬ ਇਹ ਹੁੰਦਾ ਹੈ ਕਿ ਮੇਰੇ ਕਰ ਕੇ ਤੈਨੂੰ ਇਹ ਜੋ ਤਕਲੀਫ਼ ਉਠਾਉਣੀ ਪਈ, ਉਸ ਲਈ ਮੈਂ ਮੁਆਫ਼ੀ ਮੰਗਦਾ ਹਾਂ।' ਬਿਨਾਂ ਸ਼ੱਕ ਇਨ੍ਹਾਂ ਸ਼ਬਦਾਂ ਵਿਚ ਧੰਨਵਾਦ ਸ਼ਾਮਲ ਹੁੰਦਾ ਹੈ। ਜਪਾਨੀ ਵਿਚ ਸੌਰੀ ਕਹਿਣ, ਮੁਆਫ਼ੀ ਮੰਗਣ, ਮਾਜ਼ਰਤ ਚਾਹੁੰਦਾਂ, ਖੇਦ ਪ੍ਰਗਟ ਕਰਦਾਂ ਜਾਂ ਦੁਖ ਦੇਣ ਲਈ ਅਫ਼ਸੋਸ ਹੈ-ਆਦਿ ਲਈ ਚਾਰ ਸ਼ਬਦ ਵਰਤੇ ਜਾਂਦੇ ਹਨ। ਪਹਿਲਾ ਸੁਮੀਮਾਸੇਨ ਹੈ। ਜੋ ਅਨਜਾਣ ਲੋਕਾਂ ਮੂਹਰੇ ਵਰਤਿਆ ਜਾਂਦਾ ਹੈ। ਦੂਜਾ ਗੋਮੇਨਾ ਸਾਈ ਹੈ। ਇਹ ਪਰਿਵਾਰ ਜਾਂ ਦੋਸਤਾਂ ਵਿਚਕਾਰ ਵਰਤਿਆ ਜਾਂਦਾ ਹੈ। ਤੀਜਾ ਸ਼ਿਤਤਸੁਰੇਈ ਇਤਾਸ਼ੀਮਾਸ਼ਿਤਾ ਹੁੰਦਾ ਹੈ। ਜੋ ਕਿ ਬਹੁਤ ਫਾਰਮਲ ਕਿਸਮ ਦੇ ਹਾਲਾਤ ਵਿਚ ਮੰਗੀ ਮੁਆਫ਼ੀ ਹੁੰਦੀ ਹੈ। ਇਹ ਆਪਣੇ ਰੁੱਖੇ ਵਿਵਹਾਰ ਲਈ ਮੁਆਫ਼ੀ ਮੰਗਣਾ ਵੀ ਹੋ ਸਕਦਾ ਹੈ। ਚੌਥਾ ਸ਼ਬਦ ਮੋਸ਼ੀਵਾਕੇ ਗੋਜ਼ਾਈਮਾਸੇਨ ਹੁੰਦਾ ਹੈ। ਇਹ ਸਭ ਤੋਂ ਵੱਧ ਰਸਮੀ ਸ਼ਬਦ ਹੈ, ਜੋ ਕਿਸੇ ਵੱਡੀ ਗਲਤੀ ਹੋਣ ਉੱਪਰ ਵਰਤਿਆ ਜਾਂਦਾ ਹੈ। ਮੈਨੂੰ ਲਗਦਾ ਹੈ ਕਿ 'ਸੁਮੀਮਾਸੇਨ' ਜਾਂ 'ਗੋਮੇਨਾਸਈ' ਬੜੇ ਜਾਦੂਈ ਸ਼ਬਦ ਹਨ। ਇਹ ਸਮਾਜ ਜਾਂ ਸਮਾਜਿਕ ਜੀਵਾਂ ਦੇ ਦਿਮਾਗੀ ਤਾਪਮਾਨ ਨੂੰ ਬੜੇ ਕੰਟਰੋਲ ਵਿਚ ਰੱਖਦੇ ਹਨ। ਨਾਲ ਹੀ ਇੱਕ ਦੂਜੇ ਦੀ ਪਰਵਾਹ ਕਰ ਰਹੇ ਲੋਕਾਂ ਦਾ ਸੋਹਜਮਈ ਮਹੌਲ ਪੈਦਾ ਕਰਦੇ ਹਨ। ਹਰ ਦਿਨ ਅਸੀਂ ਜਾਣੇ-ਅਨਜਾਣੇ ਹਜ਼ਾਰਾਂ ਬੰਦਿਆਂ ਨੂੰ ਤਕਲੀਫ਼ ਦਿੰਦੇ ਹਾਂ। ਸਮਾਜ ਦਾ ਮਤਲਬ ਹੀ ਇੱਕ ਦੂਜੇ 'ਤੇ ਨਿਰਭਰ ਕਰਨਾ ਹੈ, ਇੱਕ ਦੂਜੇ ਨੂੰ ਤਕਲੀਫ਼ ਦੇਣਾ ਹੈ। ਇਨ੍ਹਾਂ ਹਜ਼ਾਰਾਂ ਨਿੱਕੇ-ਨਿੱਕੇ ਮੌਕਿਆਂ ਉੱਪਰ ਇੱਕ ਦੂਜੇ ਨੂੰ 'ਧੰਨਵਾਦ'ਕਹਿਣਾ ਜਾਂ 'ਹੋਈ ਤਕਲੀਫ਼ ਜਾਂ ਬੇਆਰਾਮੀ ਲਈ ਮੁਆਫ਼ੀ ' ਕਹਿਣਾ ਸਾਡੇ ਮਹੌਲ ਨੂੰ ਸਹਿਜ ਸ਼ਾਂਤ ਬਨਾਉਣ ਲਈ ਮਦਦਗਾਰ ਹੁੰਦਾ ਹੈ। ਆਖਰ ਵਿਚ ਇੱਕ ਗੱਲ, ਇਸ ਪਹਿਲੂ ਨੂੰ ਲੈ ਕੇ, ਪੰਜਾਬੀ/ਭਾਰਤੀ ਅਤੇ ਜਾਪਾਨੀ ਮਾਨਸਿਕ ਪਿਛੋਕੜ ਬਾਰੇ। ਸਾਡੇ ਇੱਕ ਮੁਹਾਵਰਾ ਆਮ ਵਰਤ ਲਿਆ ਜਾਂਦਾ ਹੈ ਕਿ ਇਨਸਾਨ ਗਲਤੀਆਂ ਦਾ ਪੁਤਲਾ ਹੈ। ਪਰ ਇੱਕ ਭਾਰਤੀ ਜਾਂ ਪੰਜਾਬੀ ਵਜੋਂ ਮੈਨੂੰ ਨਹੀਂ ਯਾਦ ਕਿ ਮੈਨੂੰ ਮੇਰੇ ਮਾਪਿਆਂ ਨੇ ਜਾਂ ਕਿਸੇ ਅਧਿਆਪਕ ਨੇ ਕਦੇ ਗਲਤੀ ਕਰਨ 'ਤੇ ਮੁਆਫ਼ੀ ਮੰਗ ਲੈਣ ਜਾਂ ਪਛਤਾਵਾ ਕਰ ਲੈਣ ਦਾ ਕੋਈ ਢੰਗ ਸਿਖਾਇਆ ਹੋਵੇ। ਕੀ ਅਸੀਂ ਗਲਤੀ ਕਰ ਕੇ ਪਛਤਾਵਾ ਨਾ ਕਰਨ ਵਾਲੀ ਕੌਮ ਹਾਂ? ਮੈਂ ਭਾਰਤੀ ਸਮਾਜਿਕ ਜੀਵਨ ਵਿਚ ਗਲਤੀ ਕਰਕੇ ਮੰਨਣ ਦੀ ਥਾਂ ਬਹਿਸਾਂ ਕਰਦੇ ਜਾਂ ਧਮਕੀਆਂ ਦਿੰਦੇ ਜਾਂ ਮੁੱਕੇ-ਮੁੱਕੀ ਹੁੰਦੇ ਲੋਕਾਂ ਨੂੰ ਤਾਂ ਬਹੁਤ ਵਾਰ ਦੇਖਿਆ ਹੈ। ਗੱਲ ਕੋਰਟ ਕਚਿਹਰੀਆਂ ਤਕ ਪਹੁੰਚਦੀ ਵੀ ਦੇਖੀ ਹੈ। ਪਰ ਹੋ ਗਈ ਭੁੱਲ ਲਈ ਨਿਮਰਤਾ ਨਾਲ਼ ਪਛਤਾਵਾ ਕਰਕੇ, ਮਸਲੇ ਨੂੰ ਖਤਮ ਕਰਦੇ ਘੱਟ ਹੀ ਦੇਖਿਆ ਹੈ। ਸਾਡੇ ਰਿਸ਼ਤਿਆਂ ਅਤੇ ਅਦਾਰਿਆਂ ਵਿਚ ਵੀ ਜਿਹੜੀ ਉਮਰ ਭਰ ਦੀ ਖੁੰਦਕਬਾਜ਼ੀ ਚੱਲਦੀ ਹੈ, ਉਹ ਅਸਲ ਵਿਚ ਕਿਸੇ ਛੋਟੀ-ਮੋਟੀ ਗਲਤੀ ਬਦਲੇ ਖਿਮਾ ਦੇ ਦੋ ਸ਼ਬਦ ਨਾ ਬੋਲ ਸਕਣ ਕਰਕੇ ਹੀ ਚੱਲਦੀ ਹੈ। ਭਾਰਤੀ ਮਨੁੱਖ ਜਾਣੇ-ਅਨਜਾਣੇ ਆਪਣੇ ਆਪ ਨੂੰ ਸਮਾਜ ਦਾ ਕੇਂਦਰ ਮੰਨਦਾ ਹੈ। ਇਸ ਲਈ ਉਸ ਨੂੰ ਲੱਗਦਾ ਰਹਿੰਦਾ ਹੈ ਕਿ ਉਹ ਜੋ ਕੁਝ ਵੀ ਹਾਸਲ ਕਰ ਰਿਹਾ ਹੈ ਆਪਣੇ ਬਲਬੂਤੇ ਹਾਸਲ ਕਰ ਰਿਹਾ ਹੈ। ਆਪਣੀ ਲਿਆਕਤ ਅਤੇ ਮਿਹਨਤ ਨਾਲ ਹਾਸਲ ਕਰ ਰਿਹਾ ਹੈ। ਆਸਪਾਸ ਦੇ ਲੋਕਾਂ ਦਾ ਫ਼ਰਜ਼ ਬਣਦਾ ਹੈ ਕਿ ਮੇਰੀਆਂ ਪ੍ਰਾਪਤੀਆਂ ਨੂੰ ਸਵੀਕਾਰ ਕਰਨ ਅਤੇ ਮੈਨੂੰ ਨਾਇਕ ਵਰਗਾ ਰੁਤਬਾ ਜਾਂ ਆਦਰ ਸਨਮਾਨ ਦੇਣ। ਪਰ ਜਪਾਨੀ ਮਨੁੱਖ ਜਾਣੇ-ਅਨਜਾਣੇ ਸਮਾਜ ਨੂੰ ਕੇਂਦਰ ਵਿਚ ਰੱਖਦਾ ਹੈ ਅਤੇ ਆਪਣੇਆਪ ਨੂੰ ਇਸ ਸਮਾਜ ਦਾ ਇੱਕ ਨਿਗੂਣਾ ਅੰਗ ਮੰਨਦਾ ਹੈ। ਇਸ ਲਈ ਉਹ ਆਪਣੀ ਕਿਸੇ ਵੀ ਪ੍ਰਾਪਤੀ ਨੂੰ ਆਪਣੀ ਨਹੀਂ ਸਮੁੱਚੇ ਸਮਾਜ ਦੀ ਪ੍ਰਾਪਤੀ ਮੰਨਦਾ ਹੈ। ਜਪਾਨ ਵਿਚ ਕਿਸੇ ਸੋਨ ਤਮਗੇ ਓਲੰਪੀਅਨ, ਨੋਬਲ ਪੁਰਸਕਾਰ ਜੇਤੂ ਜਾਂ ਦੇਸ਼ ਪੱਧਰ ਦੇ ਕਲਾਕਾਰ ਨੂੰ ਸਮਾਜ ਮੂਹਰੇ 'ਸੁਮੀਮਾਸੇਨ ਜਾਂ ਮੋਸ਼ੀਵਾਕੇ ਗੋਜ਼ਾਈਮਾਸੇਨ' ਕਹਿੰਦੇ ਹੀ ਸੁਣੋਗੇ। ਇਸ ਦਾ ਮਤਲਬ ਸਿਰਫ਼ ਇੰਨਾ ਹੀ ਹੁੰਦਾ ਹੈ ਕਿ 'ਮੇਰੀ ਇਸ ਪ੍ਰਾਪਤੀ ਪਿੱਛੇ ਪਤਾ ਨਹੀਂ ਕਿੰਨੇ ਲੋਕਾਂ ਨੇ ਤਕਲੀਫ਼ ਉਠਾਈ ਹੈ। ਮੈਂ ਸਭ ਮੂਹਰੇ ਨਿਮਰਤਾ ਭਰਿਆ ਮੁਆਫ਼ੀ ਭਰਿਆ ਧੰਨਵਾਦੀ ਹੁੰਦਾ ਹਾਂ ਅਤੇ ਸਿਰ ਝੁਕਾਉਂਦਾ ਹਾਂ।' ਸੋਚਣ ਵਾਲੀ ਗੱਲ ਹੈ ਕਿ ਸਾਡੇ ਖਿਡਾਰੀ, ਅਫ਼ਸਰ, ਮੰਤਰੀ ਅਤੇ ਪ੍ਰਸਿੱਧ ਕਲਾਕਾਰ ਆਮ ਮਨੁੱਖ ਹੋਣ ਤੋਂ ਇੰਨਾ ਘਬਰਾਉਂਦੇ ਕਿਉਂ ਹਨ? ਮੈਂ ਇੱਕ ਲੰਬੇ ਅਰਸੇ ਤੋਂ ਜਪਾਨ ਵਿਚ ਹਾਂ। ਇਸ ਦੌਰਾਨ ਮੈਨੂੰ ਕਦੇ ਕੋਈ ਵੀ.ਆਈ.ਪੀ. ਦੇਖਣ ਨੂੰ ਨਹੀਂ ਮਿਲਿਆ। ਮੈਂ ਸੋਚਦਾ ਰਹਿੰਦਾ ਹਾਂ ਕਿ ਹਜ਼ਾਰਾਂ ਮੰਤਰੀ ਜਾਂ ਸਾਬਕਾ ਮੰਤਰੀ; ਓਲੰਪਿਕਸ ਦੇ ਹਜ਼ਾਰਾਂ ਸੋਨ ਤਮਗੇ ਜੇਤੂ ਖਿਡਾਰੀ; ਸੈਂਕੜੇ ਨੋਬਲ ਇਨਾਮ ਜੇਤੂ; ਮਹਾਨ ਇਤਿਹਾਸਕ ਮੰਦਰਾਂ ਦੇ ਪੁਜਾਰੀ ਅਤੇ ਹਜ਼ਾਰਾਂ ਵੱਡੀਆਂ ਕੰਪਨੀਆਂ ਦੇ ਅਧਿਕਾਰੀ ਪਤਾ ਨਹੀਂ ਕਿੱਥੇ ਰਹਿੰਦੇ ਹਨ? ਏਸ਼ੀਆ ਦਾ ਇਹ ਏਨਾ ਛੋਟਾ ਜਿਹਾ ਦੇਸ਼ ਯੂਰਪ ਦੇ ਸਾਰੇ ਵਿਕਸਤ ਮੁਲਕਾਂ ਦਾ ਮੁਕਾਬਲਾ ਕਰਦਾ ਹੈ। ਪਰ ਵੀ.ਆਈ.ਪੀ. ਇਕ ਵੀ ਪੈਦਾ ਨਹੀਂ ਕਰਦਾ। ਸਾਰੇ ਹੀ ਆਮ ਹਨ ਅਤੇ ਆਮ ਹੀ ਬੱਸਾਂ ਗੱਡੀਆਂ ਵਿਚ ਤੁਰੇ ਫਿਰਦੇ ਹਨ। ਸੱਚੀਂ ਕਈ ਵਾਰ ਮੈਨੂੰ ਲਗਣ ਲਗਦਾ ਹੈ ਕਿ ਇਥੇ ਜ਼ਰੂਰ ਕੋਈ ਗੜਬੜ ਹੈ!

# ਪੁਲਿਸ 'ਤੇ ਟੁੱਟਦਾ ਭਰੋਸਾ ਅਤੇ ਆਮ ਲੋਕਾਈ

ਲੇਖਕ : ਗੁਰਬਚਨ ਜਗਤ

ਕੁਝ ਕੁ ਹਫ਼ਤੇ ਪਹਿਲਾਂ ਸੁਪਰੀਮ ਕੋਰਟ ਨੇ ਕੋਲਕਾਤਾ ਹੱਤਿਆ ਅਤੇ ਬਲਾਤਕਾਰ ਕੇਸ ਦਾ ਆਪਣੇ ਤੌਰ 'ਤੇ ਨੋਟਿਸ ਲੈਂਦਿਆਂ ਇਸ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪੀ ਸੀ। ਹੱਤਿਆ ਅਤੇ ਬਲਾਤਕਾਰ ਦਾ ਇਹ ਬਹੁਤ ਹੀ ਘਿਨਾਉਣਾ ਮਾਮਲਾ ਸੀ ਜਿਸ ਨੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਦੇ ਖਿਲਾਫ਼ ਆਪ ਮੁਹਾਰੇ ਹਿੰਸਕ ਅਤੇ ਅਹਿੰਸਕ ਰੋਸ ਵਿਖਾਵੇ ਹੋਏ, ਖਾਸਕਰ ਦੇਸ਼ ਭਰ ਵਿਚ ਡਾਕਟਰਾਂ ਨੇ ਲੰਮਾ ਸਮਾਂ ਹੜਤਾਲ ਕੀਤੀ। ਝਟਪਟ ਨਤੀਜਿਆਂ ਦੀ ਸੀ.ਬੀ.ਆਈ. ਤੋਂ ਲਾਈ ਗਈ ਆਸ ਪੂਰੀ ਨਾ ਹੋ ਸਕੀ। ਇਸ ਦਖ਼ਲ ਤੋਂ ਬਾਅਦ ਵੀ ਦੇਸ਼ ਭਰ ਵਿਚ ਹੱਤਿਆ ਅਤੇ ਬਲਾਤਕਾਰ ਦੇ ਕਈ ਹੋਰ ਕੇਸ ਸਾਹਮਣੇ ਆਏ ਪਰ ਅਦਾਲਤਾਂ ਜਾਂ ਸਮਾਜਿਕ ਗਰੁੱਪਾਂ ਨੇ ਉਨ੍ਹਾਂ ਵੱਲ ਉਹੋ ਜਿਹੀ ਤਵੱਜੋ ਨਾ ਦਿੱਤੀ। ਪਹਿਲਾਂ ਵਾਪਰੇ ਕੇਸਾਂ ਵਿਚ ਸੁਪਰੀਮ ਕੋਰਟ ਦੇ ਦਖ਼ਲ ਨਾਲ ਇਹੋ ਜਿਹੇ ਕੇਸਾਂ ਦੇ ਵਾਰ-ਵਾਰ ਵਾਪਰਨ 'ਤੇ ਕੋਈ ਫ਼ਰਕ ਨਹੀਂ ਪਿਆ ਅਤੇ ਹੁਣ ਵਾਲੇ ਦਖ਼ਲ ਨਾਲ ਵੀ ਇਹ ਕੇਸ ਵਾਪਰਨੇ ਬੰਦ ਨਹੀਂ ਹੋਣਗੇ। ਹਾਲਾਂਕਿ ਸੀ.ਬੀ.ਆਈ. ਨੂੰ ਇਹ ਕੇਸ ਸੌਂਪਣਾ ਬਿਲਕੁਲ ਸਹੀ ਹੈ ਜਿਸ ਕਰ ਕੇ ਮੇਰੇ ਮਨ ਵਿਚ ਵੱਖਰੀ ਤਰ੍ਹਾਂ ਦੇ ਖ਼ਿਆਲ ਉੱਠਦੇ ਹਨ; ਮਸਲਨ, ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਨੂੰ ਸੂਬਾਈ ਪੁਲਿਸ ਬਲਾਂ ਅਤੇ ਪੁਲਿਸ ਸਟੇਸ਼ਨਾਂ ਦੀ ਪੇਸ਼ੇਵਰ ਮੁਹਾਰਤ ਅਤੇ ਦਿਆਨਤਦਾਰੀ 'ਤੇ ਭਰੋਸਾ ਕਿਉਂ ਨਹੀਂ ਰਿਹਾ? ਇਵੇਂ ਹੀ ਸੂਬਾਈ ਸਰਕਾਰਾਂ ਅਤੇ ਹੇਠਲੀ ਜੁਡੀਸ਼ਰੀ ਤੋਂ ਵੀ ਭਰੋਸਾ ਕਿਉਂ ਖ਼ਤਮ ਹੋ ਗਿਆ ਹੈ? ਕੀ ਇਹ ਰਾਤੋ-ਰਾਤ ਵਾਪਰਿਆ ਹੈ ਜਾਂ ਹੌਲੀ-ਹੌਲੀ ਅਜਿਹਾ ਹੋਇਆ ਹੈ ਪਰ ਇਸ ਕਰ ਕੇ ਜੋ ਸਥਿਤੀ ਬਣੀ ਹੈ, ਉਸ ਵਿਚ ਸਿਆਸਤਦਾਨ ਸਰਬ ਸ਼ਕਤੀਮਾਨ ਬਣ ਰਿਹਾ ਹੈ ਜੋ ਹੁਣ ਪੁਲਿਸ ਬਲ ਅਤੇ ਸਰਕਾਰ ਦੇ ਅੰਦਰ ਤੇ ਬਾਹਰ ਬੈਠੇ ਅਪਰਾਧੀ ਅਨਸਰਾਂ ਦੀ ਮਦਦ ਨਾਲ ਇਸ ਸ਼ੋਅ ਦਾ ਨਿਰਦੇਸ਼ਨ ਕਰ ਰਿਹਾ ਹੈ। ਪਿਛਾਂਹ ਮੁੜ ਕੇ ਦੇਖੀਏ ਤਾਂ ਪਹਿਲਾਂ ਅਦਾਲਤਾਂ ਜਾਂ ਸੂਬਾਈ ਅਤੇ ਕੇਂਦਰ ਸਰਕਾਰਾਂ ਵਲੋਂ ਭ੍ਰਿਸ਼ਟਾਚਾਰ ਦੇ ਬਹੁਤ ਹੀ ਮਹੱਤਵਪੂਰਨ ਮਾਮਲੇ ਸੀ.ਬੀ.ਆਈ. ਨੂੰ ਸੌਂਪੇ ਜਾਂਦੇ ਸਨ। ਸੂਬੇ ਦੇ ਅਧਿਕਾਰੀ ਅਜਿਹੇ ਮਾਮਲਿਆਂ ਦੇ ਤਬਾਦਲੇ 'ਤੇ ਉਜ਼ਰ ਕਰਦੇ ਸਨ ਕਿਉਂਕਿ ਉਹ ਸੋਚਦੇ ਸਨ ਕਿ ਇਸ ਨਾਲ ਉਨ੍ਹਾਂ ਦਾ ਅਕਸ ਖ਼ਰਾਬ ਹੁੰਦਾ ਹੈ। ਸੀ.ਬੀ.ਆਈ. ਦੇ ਚੰਗੇ ਨਤੀਜੇ ਵੀ ਮਿਲੇ ਕਿਉਂਕਿ ਉਸ 'ਤੇ ਬਹੁਤਾ ਦਬਾਓ ਨਹੀਂ ਪਾਇਆ ਗਿਆ ਸੀ ਕਿਉਂਕਿ ਉਸ ਨੇ ਉਤਲੇ ਪੱਧਰ 'ਤੇ ਭ੍ਰਿਸ਼ਟਾਚਾਰ ਨਾਲ ਨਜਿੱਠਣ ਲਈ ਵਿਸ਼ੇਸ਼ ਏਜੰਸੀ ਵਜੋਂ ਸ਼ੁਰੂਆਤ ਕੀਤੀ ਸੀ। ਸਿਆਸੀ ਜਮਾਤ ਦੇ ਲਗਾਤਾਰ ਮਜ਼ਬੂਤ ਹੋਣ ਅਤੇ ਇਸ ਦੇ ਨਾਲ ਨੈਤਿਕ ਗਿਰਾਵਟ ਅਤੇ ਦਿਆਨਤਦਾਰੀ ਦੀ ਘਾਟ ਕਾਰਨ ਲੋਕ ਕੇਸ ਤਬਦੀਲ ਕਰਾਉਣ ਲਈ ਸਿੱਧੇ ਅਦਾਲਤਾਂ ਤੱਕ ਪਹੁੰਚ ਕਰਨ ਲੱਗੇ। ਸੂਬਾਈ ਅਤੇ ਕੇਂਦਰ ਸਰਕਾਰਾਂ ਨੇ ਵੀ ਇੱਛਤ ਨਤੀਜੇ ਹਾਸਲ ਕਰਨ ਲਈ ਇਹ ਰਾਹ ਅਪਣਾਇਆ ਕਿਉਂਕਿ ਰਾਜ ਪ੍ਰਣਾਲੀ ਵਿਚ ਸਮੁੱਚੇ ਤੌਰ 'ਤੇ ਨਿਘਾਰ ਆਉਣ ਕਰ ਕੇ ਸੀ.ਬੀ.ਆਈ. ਦਾ ਕੰਮਕਾਰ ਵੀ ਪ੍ਰਭਾਵਿਤ ਹੋਇਆ। ਜ਼ਿਆਦਾ ਫਰਮਾਬਰਦਾਰੀ ਵਾਲਾ ਢਾਂਚਾ ਕਾਇਮ ਕਰਨ ਲਈ ਉਚੇਚੇ ਤੌਰ 'ਤੇ ਅਫ਼ਸਰਾਂ ਨੂੰ ਲਿਆਂਦਾ ਗਿਆ। ਸੀ.ਬੀ.ਆਈ. ਦਾ ਵਿਸਤਾਰ ਹੋਇਆ ਅਤੇ ਜ਼ਿਆਦਾਤਰ ਸੂਬਿਆਂ ਅੰਦਰ ਇਸ ਦੇ ਦਫ਼ਤਰ ਖੋਲ੍ਹ ਦਿੱਤੇ ਗਏ। ਉਂਝ, ਇਸ ਨਾਲ ਕੇਂਦਰ ਸਰਕਾਰ ਦੀ ਤਮ੍ਹਾਂ ਹੋਰ ਵਧ ਗਈ ਅਤੇ ਇਕ ਹੋਰ ਨਵੀਂ ਜਾਂਚ ਏਜੰਸੀ ਐੱਨ.ਆਈ.ਏ. ਦਾ ਜਨਮ ਹੋਇਆ ਜਿਸ ਦਾ ਜ਼ਿਆਦਾ ਜ਼ੋਰ ਅੰਤਰਰਾਜੀ ਪ੍ਰਭਾਵ ਵਾਲੇ ਅਤਿਵਾਦੀ ਅਪਰਾਧਾਂ 'ਤੇ ਹੈ। ਇੱਥੇ ਵੀ ਕੇਂਦਰ ਸਰਕਾਰ ਦੀ ਮਰਜ਼ੀ ਹੈ ਕਿ ਉਹ ਕਿਸ ਕੇਸ ਨੂੰ ਲਵੇ ਜਾਂ ਨਾ ਲਵੇ। ਗ੍ਰਹਿ ਮੰਤਰਾਲੇ ਵਲੋਂ ਵਾਰ-ਵਾਰ ਬਿਆਨ ਆਉਂਦੇ ਰਹਿੰਦੇ ਹਨ ਕਿ ਸਾਰੇ ਸੂਬਿਆਂ ਅੰਦਰ ਐੱਨ.ਆਈ.ਏ. ਦੇ ਦਫ਼ਤਰ ਖੋਲ੍ਹੇ ਜਾਣਗੇ। ਸਾਡੇ ਕੋਲ ਪਹਿਲਾਂ ਹੀ ਨਾਰਕੋਟਿਕਸ ਕੰਟਰੋਲ ਬਿਊਰੋ ਅਤੇ ਦੇਸ਼ ਵਿਆਪੀ ਤਾਕਤਾਂ ਨਾਲ ਲੈਸ ਕੀਤੀ ਐਨਫੋਰਸਮੈਂਟ ਡਾਇਰੈਕਟੋਰੇਟ ਤੇ ਨਾਲ ਹੀ ਆਈ.ਬੀ. ਅਤੇ ਰਾਅ ਵਰਗੀਆਂ ਏਜੰਸੀਆਂ ਮੌਜੂਦ ਹਨ। ਇਨ੍ਹਾਂ ਤੋਂ ਇਲਾਵਾ ਸਾਡੇ ਕੋਲ ਨੀਮ ਫ਼ੌਜੀ ਬਲ ਮੌਜੂਦ ਹਨ ਜਿਨ੍ਹਾਂ ਕੋਲ ਰਾਸ਼ਟਰੀ ਅਖ਼ਤਿਆਰ ਹਨ। ਨੀਮ ਫ਼ੌਜੀ ਦਸਤਿਆਂ ਨੂੰ ਅਮਨ ਕਾਨੂੰਨ ਦੀਆਂ ਅਜਿਹੀਆਂ ਹਾਲਤਾਂ ਨਾਲ ਸਿੱਝਣ ਲਈ ਭੇਜਿਆ ਜਾਂਦਾ ਹੈ ਜੋ ਸੂਬਾਈ ਪੁਲਿਸ ਬਲਾਂ ਤੋਂ ਨਾ ਸੰਭਾਲੀਆਂ ਜਾ ਰਹੀਆਂ ਹੋਣ। ਸੂਬੇ ਵੀ ਇਹ ਦਸਤੇ ਮੰਗਵਾ ਸਕਦੇ ਹਨ ਜਾਂ ਕੇਂਦਰੀ ਗ੍ਰਹਿ ਮੰਤਰਾਲਾ ਆਪਣੇ ਤੌਰ 'ਤੇ ਨਾਮਾਤਰ ਪ੍ਰਵਾਨਗੀ ਨਾਲ ਹੀ ਸੂਬਿਆਂ ਵਿਚ ਇਹ ਦਸਤੇ ਭੇਜ ਸਕਦਾ ਹੈ। ਕਈ ਸੂਬਿਆਂ ਵਿਚ ਲਗਾਤਾਰ ਕਈ-ਕਈ ਦਹਾਕਿਆਂ ਤੋਂ ਸੀ.ਆਰ.ਪੀ.ਐੱਫ., ਸੀ.ਆਈ.ਐੱਸ.ਐੱਫ., ਬੀ.ਐੱਸ.ਐੱਫ., ਐੱਸ.ਐੱਸ.ਬੀ., ਆਈ.ਟੀ.ਬੀ.ਪੀ. ਦੇ ਬਲ ਤਾਇਨਾਤ ਕੀਤੇ ਹੋਏ ਹਨ। ਕਾਗਜ਼ੀ ਤੌਰ 'ਤੇ ਉਹ ਸੂਬਾਈ ਪੁਲਿਸ ਦੀ ਕਮਾਂਡ ਹੇਠ ਕੰਮ ਕਰਦੇ ਹਨ ਪਰ ਆਪਣੇ ਰੋਜ਼ਮੱਰਾ ਕੰਮਕਾਜ ਵਿਚ ਉਹ ਸੁਤੰਤਰ ਹੁੰਦੇ ਹਨ। ਜਦੋਂ ਸੰਵਿਧਾਨ ਮੁਤਾਬਕ ਅਮਨ ਕਾਨੂੰਨ ਸੂਬਾਈ ਵਿਸ਼ਾ ਹੈ ਤਾਂ ਸੂਬਾ ਸਰਕਾਰਾਂ ਦੀ ਕੀ ਸਥਿਤੀ ਬਚਦੀ ਹੈ? ਪੁਲਿਸ ਸਟੇਸ਼ਨ ਅਤੇ ਜ਼ਿਲ੍ਹਾ ਐੱਸ.ਪੀ. ਪੁਲਿਸ ਵਿਭਾਗ ਦਾ ਮੂੰਹ ਮੁਹਾਂਦਰਾ ਮੰਨੇ ਜਾਂਦੇ ਹਨ। ਬਾਹਰੀ ਦਖ਼ਲਅੰਦਾਜ਼ੀ ਕਰ ਕੇ ਇਨ੍ਹਾਂ ਨੂੰ ਸੱਤਾਧਾਰੀ ਪਾਰਟੀ ਦੇ ਸਹਾਇਕਾਂ ਦਾ ਰੂਪ ਬਣਾ ਕੇ ਰੱਖ ਦਿੱਤਾ ਜਾਂਦਾ ਹੈ। ਸੂਬਾਈ ਪੁਲਿਸ ਦੀ ਪੇਸ਼ੇਵਰਾਨਾ ਪਹੁੰਚ ਦੇ ਰੂਪ ਵਿਚ ਇਸ ਦੀ ਕੀਮਤ ਤਾਰਨੀ ਪੈਂਦੀ ਹੈ ਜਿਸ ਕਰ ਕੇ ਪੁਲਿਸ ਸਟੇਸ਼ਨ ਅਤੇ ਜ਼ਿਲ੍ਹਾ ਐੱਸ.ਪੀ. ਦੀ ਧਾਰ ਖੁੰਢੀ ਹੁੰਦੀ ਹੈ। ਇਹ ਪੁਲਿਸ ਅਤੇ ਲੋਕਾਂ ਵਿਚਕਾਰ ਰਾਬਤੇ ਦੇ ਮੁਕਾਮ ਹੁੰਦੇ ਹਨ ਪਰ ਇਸ ਅੰਤਰ-ਕਿਰਿਆ ਵਿਚ ਬਹੁਤ ਜ਼ਿਆਦਾ ਸੁਧਾਰ ਦੀ ਤਵੱਕੋ ਕੀਤੀ ਜਾਂਦੀ ਹੈ। ਇਹ ਇਹੋ ਜਿਹੀਆਂ ਥਾਵਾਂ ਨਹੀਂ ਰਹਿ ਗਈਆਂ ਜਿੱਥੇ ਨਾਗਰਿਕ ਇਸ ਭਰੋਸੇ ਨਾਲ ਜਾਂਦਾ ਹੋਵੇ ਕਿ ਉਸ ਨੂੰ ਇਨਸਾਫ਼ ਮਿਲੇਗਾ ਤੇ ਉਸ ਨੂੰ ਕੋਈ ਜੁਗਾੜ ਲਾਉਣ ਦੀ ਕੋਈ ਲੋੜ ਨਹੀਂ ਹੈ। ਚੰਗੀ ਨਫ਼ਰੀ ਅਤੇ ਚੰਗੇ ਅਫ਼ਸਰਾਂ ਵਾਲੇ ਪੁਲਿਸ ਸਟੇਸ਼ਨ ਕੋਲ ਬਿਹਤਰੀਨ ਮੁਖ਼ਬਰ ਹੁੰਦੇ ਹਨ ਅਤੇ ਇਸ ਸੂਚਨਾ ਦੇ ਨਾਲ ਚੰਗੇ ਸਫਲ ਅਪਰੇਸ਼ਨ ਵੀ ਹੁੰਦੇ ਹਨ। ਅਸੀਂ ਦੇਖਿਆ ਹੈ ਕਿ ਜੰਮੂ ਕਸ਼ਮੀਰ, ਪੰਜਾਬ, ਉੱਤਰ ਪੂਰਬ ਵਿਚ ਉਗਰ ਵਿਦਰੋਹਾਂ ਅਤੇ ਮੱਧ ਭਾਰਤ, ਉੜੀਸਾ, ਆਂਧਰਾ ਪ੍ਰਦੇਸ਼ ਵਿਚ ਮਾਓਵਾਦੀ ਲਹਿਰਾਂ ਵੇਲੇ ਉਹੀ ਅਪਰੇਸ਼ਨਲ ਸੂਹ ਸਭ ਤੋਂ ਵਧੀਆ ਹੁੰਦੀ ਸੀ ਜੋ ਪੁਲਿਸ ਸਟੇਸ਼ਨ ਤੋਂ ਆਉਂਦੀ ਸੀ ਤੇ ਇਸੇ ਕਰ ਕੇ ਫ਼ੌਜ ਸਣੇ ਸਾਰੇ ਅਪਰੇਸ਼ਨ ਗਰੁੱਪਾਂ ਦਾ ਅਹਿਮ ਹਿੱਸਾ ਮੁਕਾਮੀ ਪੁਲਿਸ ਸਟੇਸ਼ਨ ਨਾਲ ਜੁੜਿਆ ਹੁੰਦਾ ਹੈ। ਆਮ ਅਪਰਾਧ ਜਾਂ ਬਗਾਵਤਾਂ ਜਿਹੇ ਜਟਿਲ ਅਪਰਾਧਾਂ ਵਿਚ ਵੀ ਸਫਲਤਾ ਤਾਂ ਹੀ ਮਿਲਦੀ ਹੈ ਜੇ ਪੁਲਿਸ ਦਾ ਮੋਹਰੀ ਢਾਂਚਾ ਭਾਵ ਪੁਲਿਸ ਸਟੇਸ਼ਨ ਪੂਰੀ ਤਰ੍ਹਾਂ ਸ਼ਾਮਲ ਹੋ ਕੇ ਕੰਮ ਕਰਦਾ ਹੈ। ਜੇ ਇਹ ਗੱਲ ਸਹੀ ਹੈ ਤਾਂ ਇਸ ਨੂੰ ਕਮਜ਼ੋਰ ਕਿਉਂ ਕੀਤਾ ਜਾਵੇ? ਇਸ ਦਾ ਕਾਰਨ ਇਹ ਹੈ ਕਿ ਸਮੇਂ ਦੇ ਹਾਕਮ ਅਜਿਹੀ ਵਫ਼ਾਦਾਰ ਪੁਲਿਸ ਚਾਹੁੰਦੇ ਹਨ ਜੋ ਦੇਸ਼ ਦੇ ਕਾਨੂੰਨ ਦੀ ਬਜਾਇ ਚੁੱਪ-ਚਾਪ ਉਨ੍ਹਾਂ ਦੀ ਫਰਮਾਬਰਦਾਰੀ ਕਰਦੀ ਹੋਵੇ। ਕੇਂਦਰ ਸਰਕਾਰ ਨੇ ਢੇਰ ਸਾਰੀਆਂ ਜਾਂਚ ਏਜੰਸੀਆਂ ਦਾ ਗਠਨ ਕਰ ਕੇ ਅਤੇ ਆਪਣੇ ਪਸੰਦੀਦਾ ਕੇਸਾਂ ਦੀ ਪੁਣਛਾਣ ਕਰਵਾਉਣ ਦੀ ਨੀਤੀ ਰਾਹੀਂ ਸੂਬਾਈ ਜਾਂਚ ਏਜੰਸੀਆਂ ਨੂੰ ਕਮਜ਼ੋਰ ਕੀਤਾ ਹੈ। ਸੂਬਾਈ ਸਰਕਾਰਾਂ ਨੇ ਵੀ ਪੁਲਿਸ ਦੇ ਅੰਦਰੂਨੀ ਪ੍ਰਸ਼ਾਸਨ ਵਿਚ ਸਿੱਧੀ ਦਖ਼ਲਅੰਦਾਜ਼ੀ ਕਰ ਕੇ ਅਤੇ ਨਕਾਰਾ ਅਫ਼ਸਰਾਂ ਨੂੰ ਪ੍ਰਮੁੱਖ ਅਹੁਦਿਆਂ 'ਤੇ ਬਿਠਾ ਕੇ ਇਸ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚਾਇਆ ਹੈ। ਪੁਲਿਸ ਸਟੇਸ਼ਨਾਂ ਵਿਚ ਅਜਿਹੀਆਂ ਤਾਕਤਾਂ ਦੀ ਹੀ ਤੂਤੀ ਬੋਲਦੀ ਹੈ। ਕਹਿਣ ਦੀ ਲੋੜ ਨਹੀਂ ਹੈ ਕਿ ਆਜ਼ਾਦੀ ਦੇ ਸਮੇਂ ਦੇ ਮੁਕਾਬਲੇ ਕਿਤੇ ਵੱਧ ਆਬਾਦੀ ਹੋਣ ਕਰ ਕੇ ਆਧੁਨਿਕ ਭਾਰਤ ਦੀਆਂ ਵਧਦੀਆਂ ਲੋੜਾਂ ਦੇ ਮੱਦੇਨਜ਼ਰ ਬਿਹਤਰ ਅਤੇ ਵਧੇਰੇ ਪੇਸ਼ੇਵਰ ਤੇ ਵਿਸ਼ੇਸ਼ੀਕ੍ਰਿਤ ਬਲਾਂ ਦੀ ਲੋੜ ਹੈ, ਮਿਸਾਲ ਦੇ ਤੌਰ 'ਤੇ ਸਾਇਬਰ ਅਪਰਾਧ ਪਰ ਇਸ ਦੀ ਕੁੰਜੀ ਪੇਸ਼ੇਵਰ ਏਜੰਸੀਆਂ ਵਿਚ ਪਈ ਹੈ ਜਿੱਥੇ ਸਿਆਸੀ ਨਿਗਰਾਨੀ ਘੱਟ ਹੁੰਦੀ ਹੈ ਅਤੇ ਸੂਬਾਈ ਅਤੇ ਕੇਂਦਰੀ ਸਹਿਯੋਗ ਦੇ ਉੱਚ ਮਿਆਰ ਸਥਾਪਤ ਕੀਤੇ ਜਾਂਦੇ ਹਨ। ਪੁਲਿਸ ਸੁਧਾਰਾਂ ਜਾਂ ਅਪਰਾਧ ਜਾਂ ਅਮਨ ਕਾਨੂੰਨ ਨਾਲ ਸਬੰਧਿਤ ਸਾਰੇ ਪਹਿਲੂਆਂ ਨੂੰ ਜੋੜਨ ਵਾਲੀ ਸਾਂਝੀ ਤੰਦ ਹੈ ਸਿਆਸੀ ਨਿਜ਼ਾਮ। ਜਦੋਂ ਤੱਕ ਇਨ੍ਹਾਂ ਨੂੰ ਸੁਧਾਰਨ ਲਈ ਅਤੇ ਪੁਲਿਸ ਦੇ ਕੰਮਕਾਜ ਵਿਚ ਅੰਦਰੂਨੀ ਦਖ਼ਲਅੰਦਾਜ਼ੀ ਖ਼ਤਮ ਕਰਨ ਲਈ ਸਿਆਸੀ ਇੱਛਾ ਸ਼ਕਤੀ ਨਹੀਂ ਹੋਵੇਗੀ ਉਦੋਂ ਤੱਕ ਹਾਲਾਤ ਬਦਤਰ ਹੀ ਹੁੰਦੇ ਜਾਣਗੇ; ਇੱਥੋਂ ਤੱਕ ਕਿ ਪੁਲਿਸ ਸੁਧਾਰਾਂ ਲਈ ਉਚੇਰੀ ਨਿਆਂਪਾਲਿਕਾ ਦੇ ਆਦੇਸ਼ ਵੀ ਨੌਕਰਸ਼ਾਹੀ ਦੀਆਂ ਨੁੱਕਰਾਂ ਵਿਚ ਗੁਆਚ ਕੇ ਰਹਿ ਜਾਂਦੇ ਹਨ। ਸਾਡੀ ਸ਼ਾਸਨ ਪ੍ਰਣਾਲੀ ਵਿਚ ਸਿਰਮੌਰ ਸ਼ਕਤੀ ਚੁਣੀ ਹੋਈ ਸਿਆਸੀ ਪਾਰਟੀ ਦੇ ਹੱਥਾਂ ਵਿਚ ਹੁੰਦੀ ਹੈ। ਇਹ ਕਹਿਣ ਦੀ ਲੋੜ ਨਹੀਂ ਕਿ ਇਹ ਤਾਕਤ ਬੇਲਗਾਮ ਨਹੀਂ ਹੁੰਦੀ ਕਿਉਂਕਿ ਸੰਵਿਧਾਨ ਅਤੇ ਦੇਸ਼ ਦੇ ਕਾਨੂੰਨਾਂ ਵਿਚ ਸ਼ਾਸਨ ਲਈ ਵਿਸ਼ੇਸ਼ ਦਿਸ਼ਾ-ਨਿਰਦੇਸ਼ ਤੈਅ ਕੀਤੇ ਗਏ ਹਨ। ਸਭ ਤੋਂ ਵਧ ਕੇ ਇਹ ਕਿ ਸੱਤਾਧਾਰੀ ਪਾਰਟੀਆਂ ਦੀ ਚੋਣ ਲੋਕਾਂ ਵਲੋਂ ਕੀਤੀ ਜਾਂਦੀ ਹੈ ਅਤੇ ਲੋਕ ਸ਼ਾਂਤੀ ਤੇ ਨਿਆਂਪੂਰਨ ਪ੍ਰਸ਼ਾਸਨ ਚਾਹੁੰਦੇ ਹਨ। ਕੀ ਲੋਕਾਂ ਨੂੰ ਸੁਧਾਰਾਂ ਅਤੇ ਨਿਆਂ ਲਈ ਸੜਕਾਂ 'ਤੇ ਨਿਕਲਣਾ ਪਵੇਗਾ? ਆਸ ਹੈ ਕਿ ਚੁਣੀਆਂ ਹੋਈਆਂ ਸਰਕਾਰਾਂ ਸੜਕ ਦੇ ਇਸ ਸੰਦੇਸ਼ ਨੂੰ ਸਮਝਣਗੀਆਂ।

# ਰਿਸ਼ਤਿਆਂ ਦਾ ਨਿੱਘ

ਲੇਖਕ : ਮਾਸਟਰ ਨਿਰਮਲ ਸਿੰਘ ਲਾਲੀ ਯੂਬਾ ਸਿਟੀ



ਰਿਸ਼ਤੇ ਤੋਂ ਭਾਵ ਸੰਬੰਧ ਹੈ। ਸੰਬੰਧ ਤੁਹਾਡਾ ਕਿਸੇ ਨਾਲ ਵੀ ਹੋ ਸਕਦਾ ਹੈ ਤੇ ਰਿਸ਼ਤੇ ਤੋਂ ਭਾਵ ਪਿਆਰ ਵੀ ਹੁੰਦਾ ਹੈ, ਪਰ ਕੁਝ ਲੋਕ ਪਿਆਰ ਨੂੰ ਸਿਰਫ ਜ਼ਿਆਦਾ ਕਰਕੇ ਔਰਤ-ਮਰਦ ਦੇ ਰਿਸ਼ਤੇ ਤੋਂ ਹੀ ਸਮਝਦੇ ਹਨ। ਔਰਤ ਅਤੇ ਮਰਦ ਦਾ ਪਿਆਰ ਵੀ ਦੋ ਪ੍ਰਕਾਰ ਦਾ ਹੁੰਦਾ ਹੈ, ਇਕ ਸਰੀਰਕ ਪਿਆਰ, ਜਿਸ ਨੂੰ ਅੰਗਰੇਜ਼ੀ ਵਿਚ ਸੈਕਸ ਅਤੇ ਪੰਜਾਬੀ ਵਿਚ ਕਾਮ ਕਹਿੰਦੇ ਹਨ ਤੇ ਦੂਜਾ ਪ੍ਰੇਮ ਹੁੰਦਾ ਹੈ ਨਾ ਕਿ ਪਿਆਰ, ਜਿਸ ਨੂੰ ਅੰਗਰੇਜ਼ੀ ਵਿਚ 'ਲਵ' ਆਖਦੇ ਹਾਂ, ਜਿਸ ਦਾ ਸੰਬੰਧ ਸੁੰਦਰਤਾ ਨਾਲ ਹੁੰਦਾ ਹੈ। ਔਰਤ ਤੇ ਮਰਦ ਦੇ ਪ੍ਰੇਮ ਤੋਂ ਬਿਨਾਂ ਹੋਰ ਵੀ ਅਨੇਕਾਂ ਰਿਸ਼ਤੇ ਹਨ, ਜਿਨ੍ਹਾਂ ਦੇ ਪਿਆਰ ਦਾ ਨਿੱਘ ਨਿਵੇਕਲਾ ਹੀ ਹੁੰਦਾ ਹੈ ਤੇ ਮਨ ਨੂੰ ਸਕੂਨ ਦੇਣ ਵਾਲਾ ਹੁੰਦਾ ਹੈ। ਇਸ ਪਿਆਰ ਵਿਚੋਂ ਸਭ ਤੋਂ ਪਹਿਲਾਂ ਭੈਣ-ਭਰਾ ਦੇ ਪਿਆਰ ਦੀ ਗੱਲ ਕਰਦੇ ਹਾਂ, ਜਿਸ ਨੂੰ ਪੰਜਾਬੀ ਵਿਚ ਖੂਨ ਦੇ ਰਿਸ਼ਤੇ ਅਤੇ ਪਿਆਰ ਆਖਦੇ ਹਨ। ਇਸ ਪਿਆਰ ਦੀ ਆਪਣੀ ਹੀ ਨਿਵੇਕਲੀ ਥਾਂ ਹੁੰਦੀ ਹੈ, ਭਾਵ ਇਸ ਰਿਸ਼ਤੇ ਦਾ ਆਪਣਾ ਹੀ ਨਿੱਘ ਹੁੰਦਾ ਹੈ। ਜਿਵੇਂ ਕਿਹਾ ਜਾਂਦਾ ਹੈ ਕਿ ਨਹੀਂ ਲੱਭਦੇ ਅੰਮੀ ਦੇ ਜਾਏ, ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜਕੱਲ੍ਹ ਇਹ ਰਿਸ਼ਤਾ ਵੀ ਪਹਿਲਾਂ ਵਾਲਾ ਨਹੀਂ ਰਿਹਾ ਤੇ ਰਿਸ਼ਤੇਦਾਰਾਂ ਤੇ ਭੈਣ-ਭਰਾਵਾਂ ਦਾ ਵੀ ਪਹਿਲਾਂ ਵਾਲਾ ਮੋਹ ਨਹੀਂ ਰਿਹਾ। ਕਿਉਂਕਿ ਅੱਜ ਦਾ ਮਨੁੱਖ ਇੰਨਾ ਪਦਾਰਥਵਾਦੀ ਹੋ ਗਿਆ ਹੈ ਕਿ ਉਸ ਨੂੰ ਪੈਸੇ ਤੋਂ ਬਿਨਾਂ ਹੋਰ ਕੁਝ ਵੀ ਨਜ਼ਰ ਨਹੀਂ ਆਉਂਦਾ। ਅੱਜ ਦਾ ਮਨੁੱਖ ਰਿਸ਼ਤੇਦਾਰੀ ਨਾਲੋਂ ਪੈਸੇ ਨੂੰ ਪਹਿਲ ਦਿੰਦਾ ਹੈ ਤੇ ਪੁਰਾਣੀਆਂ ਮਨੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਖੰਭ ਲਾ ਕੇ ਉੱਡ ਰਹੀਆਂ ਹਨ ਤੇ ਮਨੁੱਖ ਵਿਅਕਤੀਗਤ ਜੀਵਨ ਜੀਊਣਾ ਪਸੰਦ ਕਰਦਾ ਹੈ। ਸੰਯੁਕਤ ਪਰਿਵਾਰ ਟੁੱਟ ਰਹੇ ਹਨ ਅਤੇ ਪਰਿਵਾਰਕ ਕਦਰਾਂ-ਕੀਮਤਾਂ ਵੀ ਬਦਲ ਰਹੀਆਂ ਹਨ। ਚਾਚਾ-ਚਾਚੀ, ਤਾਇਆ- ਤਾਈ, ਬਾਬਾਦਾਦੀ, ਮਾਂ-ਪਿਤਾ ਆਦਿ ਸ਼ਬਦ ਮਨ ਨੂੰ ਕਿੰਨਾ ਸਕੂਨ ਦਿੰਦੇ ਸਨ ਤੇ ਹੁਣ ਸਭ ਲਈ ਇਕੋ ਹੀ ਸ਼ਬਦ ਪ੍ਰਚਲਿਤ ਹੋ ਗਿਆ, ਭਾਵ ਆਂਟੀ ਤੇ ਅੰਕਲ। ਇਸ ਦਾ ਅਰਥ ਇਹ ਹੈ ਕਿ ਅੱਜ ਪੂਰਬੀ ਸੱਭਿਆਚਾਰ ਵੀ ਪੱਛਮੀ ਸੱਭਿਆਚਾਰ ਦੀ ਨਕਲ ਕਰਨ ਲੱਗ ਪਿਆ ਹੈ। ਪੰਜਾਬੀ ਭਾਈਚਾਰੇ ਵਿਚ ਤਲਾਕ ਹੋ ਰਹੇ ਹਨ ਅਤੇ ਮੁੰਡੇ-ਕੁੜੀਆਂ ਮਾਤਾ-ਪਿਤਾ ਦੀ ਆਗਿਆ ਤੋਂ ਬਿਨਾਂ ਹੀ ਵਿਆਹ ਕਰਾ ਰਹੇ ਹਨ। ਇਕ ਰਿਸ਼ਤਾ ਹੁੰਦਾ ਹੈ ਇਮੋਸ਼ਨਲ, ਜਿਸ ਨੂੰ ਪੰਜਾਬੀ ਵਿਚ ਜਜ਼ਬਾਤੀ ਸਾਂਝ ਆਖਦੇ ਹਨ। ਇਸ ਰਿਸ਼ਤੇ ਵਿਚ ਅਧਿਆਪਕ, ਵਿਦਿਆਰਥੀ, ਮਿੱਤਰ ਤੇ ਸਹਿਪਾਠੀ ਤੇ ਸਹਿਕਰਮੀ ਆ ਜਾਂਦੇ ਹਨ। ਇਨ੍ਹਾਂ ਜਜ਼ਬਾਤੀ ਰਿਸ਼ਤਿਆਂ ਦਾ ਵੀ ਆਪਣਾ ਹੀ ਨਿੱਘ ਹੁੰਦਾ ਹੈ ਅਤੇ ਇਨ੍ਹਾਂ ਰਿਸ਼ਤਿਆਂ ਨਾਲ ਪੁਰਾਣੀਆਂ ਯਾਦਾਂ ਨੂੰ ਨਾਲ ਵੀ ਜੋੜਿਆ ਜਾ ਸਕਦਾ ਹੈ। ਮਨੁੱਖ ਕਿੰਨਾ ਵੀ ਉੱਚਾ ਹੋ ਜਾਵੇ ਅਤੇ ਕਿਤੇ ਵੀ ਚਲਾ ਜਾਵੇ, ਪਰ ਉਸ ਦੀਆਂ ਇਹ ਯਾਦਾਂ ਮਨੁੱਖ ਦਾ ਪਿੱਛਾ ਨਹੀਂ ਛੱਡਦੀਆਂ ਤੇ ਪੁਰਾਣੇ ਮਿੱਤਰ, ਸਹਿਪਾਠੀ, ਵਿਦਿਆਰਥੀ, ਅਧਿਆਪਕ ਤੇ ਸਹਿਕਰਮੀ ਕਦੇ ਵੀ ਨਹੀਂ ਭੁੱਲਦੇ। ਜਿਵੇਂ ਭੀਸ਼ਮ ਪਿਤਾਮਾ ਅਤੇ ਕ੍ਰਿਸ਼ਨ ਭਗਵਾਨ ਦੇ ਸਹਿਪਾਠੀਆਂ ਦੀ ਕਹਾਣੀ। ਅੱਜ ਇਨ੍ਹਾਂ ਰਿਸ਼ਤਿਆਂ ਵਿਚ ਵੀ ਪਹਿਲਾਂ ਵਰਗਾ ਨਿੱਘ ਨਹੀਂ ਮਿਲਦਾ। ਅੱਜਕੱਲ੍ਹ ਇਹ ਜਜ਼ਬਾਤੀ ਸਾਂਝ ਵੀ ਮੁੱਕਦੀ ਜਾ ਰਹੀ ਹੈ। ਪੁਰਾਣੇ ਸਮੇਂ ਵਿਚ ਅਧਿਆਪਕ ਤੇ ਵਿਦਿਆਰਥੀ ਦਾ ਸੰਬੰਧ ਗੁਰੂ ਚੇਲੇ ਵਾਲਾ ਹੁੰਦਾ ਸੀ ਤੇ ਵਿਦਿਆਰਥੀ ਵੀ ਅਧਿਆਪਕਾਂ ਨੂੰ ਗੁਰੂ ਵਾਂਗ ਪੂਜਦੇ ਸਨ ਪਰ ਅੱਜ ਇਹ ਸੰਬੰਧ ਵੀ ਨਹੀਂ ਰਹੇ, ਜਿਸ ਕਰਕੇ ਵਿੱਦਿਆ ਦੇ ਖੇਤਰ ਵਿਚ ਵੀ ਨਿਘਾਰ ਆ ਚੁੱਕਾ ਹੈ ਤੇ ਸਕੂਲਾਂ ਵਿਚ ਵੀ ਨਿੱਤ ਲੜਾਈਆਂ ਝਗੜੇ ਹੁੰਦੇ ਹਨ। ਦੂਜਾ ਕਾਰਨ ਅੱਜ ਦਾ ਮਨੁੱਖ ਈਰਖਾ ਤੇ ਅਹੰਕਾਰ ਦੀ ਅੱਗ ਵਿਚ ਸੜ ਰਿਹਾ ਹੈ ਤੇ ਨਿਮਰਤਾ ਹੈ ਸਹਿਣਸ਼ੀਲਤਾ ਤੋਂ ਸੱਖਣਾ ਹੈ, ਇਸ ਕਰਕੇ ਸਮੁੱਚੇ ਸਮਾਜ ਵਿਚ ਵੀ ਪਹਿਲਾਂ ਵਾਲਾ ਪਿਆਰ ਤੇ ਸ਼ਾਂਤੀ ਨਹੀਂ ਰਹੀ। ਇਕ ਹੁੰਦਾ ਮਨੁੱਖੀ ਪਿਆਰ ਭਾਵ ਹਮਦਰਦੀ ਦਾ। ਇਹ ਉਹ ਲੋਕ ਹੁੰਦੇ ਹਨ, ਜਿਨ੍ਹਾਂ ਦੇ ਦਿਲ ਵਿਚ ਮਨੁੱਖੀ ਪੀੜਾ ਦੇ ਦਰਦ ਦਾ ਅਹਿਸਾਸ ਹੁੰਦਾ ਹੈ। ਇਸ ਪਿਆਰ ਨੂੰ ਇਨਸਾਨੀ ਫਰਜ਼ ਵੀ ਆਖਦੇ ਹਨ। ਦੂਜੇ ਨਾਲ ਪਿਆਰ ਜਾਂ ਹਮਦਰਦੀ ਕਰਨ ਵਾਲੇ ਨੇ ਦੂਜੇ ਪਾਸੋਂ ਕੁਝ ਵੀ ਨਹੀਂ ਲੈਣਾ ਹੁੰਦਾ, ਸਗੋਂ ਉਸ ਨੂੰ ਦੇਣਾ ਹੀ ਹੁੰਦਾ ਹੈ। ਇਸ ਪਿਆਰ ਵਿਚ ਕਿਸੇ ਦੁਖੀ ਲੋੜਵੰਦ, ਨਿਰਧਨ, ਕਮਜ਼ੋਰ ਤੇ ਨਿਰਦੋਸ਼ ਦੀ ਸਹਾਇਤਾ ਕਰਨਾ ਹੁੰਦਾ ਹੈ। ਪਿਆਰ ਸਾਨੂੰ ਕਿਸੇ ਥਾਂ 'ਤੇ ਕਿਸੇ ਚੀਜ਼ ਨਾਲ ਵੀ ਹੋ ਜਾਂਦਾ ਹੈ। ਤੁਸੀਂ ਬਹੁਤ ਦੇਰ ਇਕ ਥਾਂ ਰਹਿੰਦੇ ਹੋ, ਤੁਸੀਂ ਉਹ ਥਾਂ ਛੱਡ ਛੱਡ ਕੇ ਹੋਰ ਥਾਂ ਚਲੇ ਜਾਂਦੇ ਹੋ, ਤਾਂ ਉਸ ਥਾਂ ਦੀ ਤੁਹਾਨੂੰ ਯਾਦ ਆਉਂਦੀ ਹੈ। ਪ੍ਰੇਮ ਦੋ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ, ਇਸ਼ਕ ਹਕੀਕੀ ਤੇ ਇਸ਼ਕ ਮਜਾਜੀ। ਇਸ਼ਕ ਮਜਾਜੀ ਦਾ ਸੰਬੰਧ ਦੁਨਿਆਵੀ ਪ੍ਰੇਮ ਪਿਆਰ ਨਾਲ ਹੁੰਦਾ ਹੈ। ਇਸ਼ਕ ਹਕੀਕੀ ਸੂਫ਼ੀ ਕਵੀਆਂ ਤੇ ਗੁਰੂਆਂ ਨੇ ਕੀਤਾ। ਗੁਰੂਆਂ ਨੇ ਇਸ ਪਿਆਰ ਨੂੰ ਅਨੰਦਮਈ ਪਿਆਰ ਕਿਹਾ, ਭਾਵ ਇਹ ਪਿਆਰ ਸਭ ਪਿਆਰਾਂ ਤੋਂ ਉੱਚਾ ਤੇ ਸੁੱਚਾ ਹੈ। ਬਾਕੀ ਪਿਆਰ ਰੱਬੀ ਪਿਆਰ ਦੇ ਮੁਕਾਬਲੇ ਵਿਚ ਬਹੁਤ ਦੂਰ ਹੁੰਦਾ ਜਾ ਰਿਹਾ ਹੈ ਪਰ ਮਨੁੱਖੀ ਜੀਵਨ ਦਾ ਭਲਾ ਗੁਰਬਾਣੀ ਦੇ ਆਸ਼ੇ ਅਨੁਸਾਰ ਚੱਲ ਕੇ ਹੀ ਹੋ ਸਕਦਾ ਹੈ।

# ਨਵੀਂ ਪੀੜ੍ਹੀ ਦੇ ਮਸਲੇ

ਲੇਖਕ : ਡਾ. ਰਣਜੀਤ ਸਿੰਘ



ਪੰਜਾਬੀ ਮਿਹਨਤੀ, ਹਿੰਮਤੀ ਅਤੇ ਖ਼ਤਰੇ ਸਹੇੜਨ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਜਦੋਂ ਵੀ ਇਨ੍ਹਾਂ ਨੂੰ ਕਿਸੇ ਨਵੀਂ ਥਾਂ ਜਾਣ ਦਾ ਮੌਕਾ ਮਿਲਦਾ ਹੈ ਤਾਂ ਉਹ ਉੱਥੇ ਜਾਣ ਲਈ ਸਭ ਤੋਂ ਅੱਗੇ ਹੁੰਦੇ ਹਨ। ਦੇਸ਼ ਦੀ ਆਜ਼ਾਦੀ ਸਮੇਂ ਪੰਜਾਬ ਦੀ ਵੰਡ ਹੋਈ ਤੇ ਪੰਜਾਬੀਆਂ ਨੇ ਭਿਆਨਕ ਸੰਤਾਪ ਭੋਗਿਆ। ਪਾਕਿਸਤਾਨ ਵਾਲੇ ਪੰਜਾਬ ਵਿਚ ਕਿਸੇ ਹਿੰਦੂ ਜਾਂ ਸਿੱਖ ਦਾ ਰਹਿਣਾ ਮੁਸ਼ਕਿਲ ਹੋ ਗਿਆ ਤੇ ਇਸ ਪਾਸੇ ਮੁਸਲਮਾਨਾਂ ਨੂੰ ਘਰ ਬਾਰ ਛੱਡ ਕੇ ਜਾਣਾ ਪਿਆ। ਲੱਖਾਂ ਲੋਕ ਮਾਰੇ ਗਏ। ਔਰਤਾਂ ਦੀ ਇੱਜ਼ਤ ਰੋਲੀ ਗਈ ਤੇ ਸਭ ਕੁਝ ਲੁਟਾ ਕੇ ਖਾਲੀ ਹੱਥ ਆਉਣਾ ਪਿਆ। ਉਧਰੋਂ ਆਏ ਪੰਜਾਬੀਆਂ ਨੇ ਇਸ ਪਾਸੇ ਪੈਰ ਲਗਦਿਆਂ ਹੀ ਅੱਗੇ ਵਧਣਾ ਸ਼ੁਰੂ ਕੀਤਾ। ਖੇਤੀ ਦੇ ਨਵੇਂ ਢੰਗ ਤਰੀਕੇ, ਨਵੇਂ ਬੀਜ ਅਤੇ ਮਸ਼ੀਨਾਂ ਦੀ ਵਰਤੋਂ ਕਰਨ ਵਿਚ ਪੰਜਾਬੀਆਂ ਨੇ ਦੇਸ਼ ਦੀ ਅਗਵਾਈ ਕੀਤੀ। ਜਿੱਥੇ ਉਹ ਲੋੜ ਪੈਣ ਉਤੇ ਸਰਹੱਦਾਂ ਦੀ ਰਾਖੀ ਕਰਦੇ ਸਨ, ਉੱਥੇ ਭੁੱਖਮਰੀ ਨਾਲ ਜੂਝ ਰਹੇ ਦੇਸ਼ ਵਿਚ ਅਨਾਜ ਦੇ ਢੇਰ ਲਗਾ ਦਿੱਤੇ ਜਿਸ ਨੂੰ ਹਰਾ ਇਨਕਲਾਬ ਆਖਿਆ ਗਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰੇ ਇਨਕਲਾਬ ਨਾਲ ਦੇਸ਼ ਨੂੰ ਭੁੱਖਮਰੀ ਤੋਂ ਬਚਾਇਆ ਗਿਆ ਅਤੇ ਪੰਜਾਬ ਵਿਚ ਖ਼ੁਸ਼ਹਾਲੀ ਆਈ ਪਰ ਖ਼ੁਸ਼ਹਾਲੀ ਲਈ ਵੀ ਪੰਜਾਬੀਆਂ ਨੂੰ ਵੱਡੀਆਂ ਕੁਰਬਾਨੀਆਂ ਦੇਣੀਆਂ ਪਈਆਂ।

ਇਸ ਖ਼ੁਸ਼ਹਾਲੀ ਨੇ ਵਿਉਪਾਰੀਆਂ ਨੂੰ ਆਪਣੇ ਵੱਲ ਖਿੱਚਿਆ। ਟਰੈਕਟਰ ਤੇ ਦੂਜੀਆਂ ਮਸ਼ੀਨਾਂ ਦੇ ਪ੍ਰਦਰਸ਼ਨ ਕਰਕੇ ਕਿਸਾਨਾਂ ਨੂੰ ਇਨ੍ਹਾਂ ਦੀ ਖਰੀਦ ਲਈ ਉਤਸ਼ਾਹਿਤ ਕੀਤਾ ਜਿਸ ਨਾਲ ਪੰਜਾਬ ਦੀ ਖੇਤੀ ਦਾ ਮੁਕੰਮਲ ਮਸ਼ੀਨੀਕਰਨ ਹੋ ਗਿਆ। ਸਿੰਜਾਈ ਸਹੂਲਤਾਂ ਦੇ ਵਾਧੇ ਨਾਲ ਸਾਰੀ ਧਰਤੀ ਦੋ ਫ਼ਸਲੀ ਹੋ ਗਈ ਜਿਸ ਨਾਲ ਕਾਮਿਆਂ ਦੀ ਮੰਗ ਵਧੀ ਤੇ ਦੂਜੇ ਸੂਬਿਆਂ ਤੋਂ ਕਾਮੇ ਆਉਣ ਲੱਗੇ। ਪਹਿਲਾਂ ਉਹ ਫ਼ਸਲ ਦੀ ਲੁਆਈ ਅਤੇ ਵਾਢੀ ਸਮੇਂ ਹੀ ਆਉਂਦੇ ਸਨ, ਫਿਰ ਉਹ ਟੱਬਰਾਂ ਸਮੇਤ ਆ ਕੇ ਇੱਥੇ ਹੀ ਰਹਿਣ ਲੱਗ ਪਏ। ਉਨ੍ਹਾਂ ਦੇ ਬੱਚਿਆਂ ਨੇ ਦੁਕਾਨਾਂ ਅਤੇ ਦਫਤਰਾਂ ਵਿਚ ਕੰਮ ਕਰਨਾ ਸ਼ੁਰੂ ਕੀਤਾ ਤੇ ਔਰਤਾਂ ਨੇ ਘਰਾਂ ਦਾ ਕੰਮ ਸੰਭਾਲ ਲਿਆ। ਹੁਣ ਘਰਾਂ ਅਤੇ ਖੇਤਾਂ ਦਾ ਬਹੁਤਾ ਕੰਮ ਇਹ ਲੋਕ ਹੀ ਕਰਦੇ ਹਨ। ਸ਼ਹਿਰਾਂ ਦੇ ਬਹੁਤੇ ਘਰਾਂ ਵਿਚ ਰੋਟੀ ਵੀ ਇਹ ਲੋਕ ਹੀ ਪਕਾਉਣ ਲੱਗ ਪਏ ਹਨ। ਇੰਝ ਪੰਜਾਬੀ ਹੌਲੀ-ਹੌਲੀ ਕਿਰਤ ਤੋਂ ਦੂਰ ਹੋ ਰਹੇ ਹਨ। ਤਕਨੀਕੀ ਕੰਮ ਜਿਵੇਂ ਲੁਹਾਰਾ, ਤਰਖਾਣ, ਪਲੰਬਰ, ਰਾਜ ਮਿਸਤਰੀ ਆਦਿ ਕੰਮ ਵੀ ਹੌਲੀ-ਹੌਲੀ ਇਨ੍ਹਾਂ ਹੀ ਸੰਭਾਲ ਲਏ ਹਨ। ਪੰਜਾਬ ਦੇ ਇਨ੍ਹਾਂ ਕਿੱਤਿਆਂ ਦੇ ਆਪਣੇ ਤੌਰ ਤਰੀਕੇ ਅਤੇ ਦਸਤਕਾਰੀ ਲੋਪ ਹੋ ਗਏ ਹਨ। ਵਿਦਿਆ ਦੇ ਵਪਾਰੀਆਂ ਨੇ ਥਾਂ-ਥਾਂ ਅੰਗਰੇਜ਼ੀ ਸਕੂਲ ਖੋਲ੍ਹ ਲਏ। ਇਨ੍ਹਾਂ ਸਕੂਲਾਂ ਵਿਚ ਬੱਚੇ ਭੇਜਣਾ ਪੰਜਾਬੀ ਆਪਣੀ ਸ਼ਾਨ ਸਮਝਣ ਲੱਗ ਪਏ ਹਨ। ਇਨ੍ਹਾਂ ਸਕੂਲਾਂ ਵਿਚ ਪੰਜਾਬੀ ਪੜ੍ਹਨੀ ਤੇ ਬੋਲਣੀ ਸਖ਼ਤ ਮਨ੍ਹਾ ਹੈ। ਇੰਝ ਪੰਜਾਬੀ ਬੱਚੇ ਆਪਣੀ ਮਾਂ ਬੋਲੀ, ਆਪਣੇ ਇਤਿਹਾਸ, ਆਪਣੇ ਸੱਭਿਆਚਾਰ ਅਤੇ ਆਪਣੇ ਰਸਮੋ-ਰਿਵਾਜਾਂ ਤੋਂ ਦੂਰ ਹੋ ਗਏ ਹਨ। ਬਾਜ਼ਾਰ ਕੱਪੜਿਆਂ, ਬਿਜਲੀ ਉਪਕਰਨਾਂ, ਫਰਨੀਚਰ ਆਦਿ ਨਾਲ ਭਰੇ ਗਏ। ਪਿੰਡਾਂ ਵਿਚ ਸਾਰੇ ਘਰ ਪੱਕੇ ਹੋ ਗਏ, ਬਿਜਲੀ ਆ ਗਈ, ਪਾਣੀ ਦੀਆਂ ਟੂਟੀਆਂ ਲੱਗ ਗਈਆਂ। ਆਪਸੀ ਭਾਈਚਾਰਾ, ਰਹਿਣ-ਸਹਿਣ, ਰਸਮੋ-ਰਿਵਾਜ ਸਭ ਕੁਝ ਬਦਲ ਗਿਆ। ਜਿਸ ਤੇਜ਼ੀ ਨਾਲ ਪੰਜਾਬੀ ਜੀਵਨ ਬਦਲਿਆ ਇਸ ਤੇਜ਼ੀ ਨਾਲ ਤਬਦੀਲੀ ਸ਼ਾਇਦ ਸੰਸਾਰ ਵਿਚ ਕਿਤੇ ਵੀ ਨਹੀਂ ਸੀ ਆਈ। ਨਵੀਂ ਪੀੜ੍ਹੀ ਨੂੰ ਜਦੋਂ ਅਸੀਂ ਬਚਪਨ ਦੀਆਂ ਕਹਾਣੀਆਂ ਸੁਣਾਉਂਦੇ ਹਾਂ ਤਾਂ ਉਨ੍ਹਾਂ ਲਈ ਯਕੀਨ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਅਜਿਹਾ ਹੁੰਦਾ ਸੀ। ਅਫ਼ਸੋਸ ਇਸ ਗੱਲ ਦਾ ਹੈ ਕਿ ਕਿਸੇ ਵੀ ਸਰਕਾਰ, ਸੰਸਥਾ ਜਾਂ ਧਾਰਮਿਕ ਆਗੂ ਨੇ ਆਪਣੇ ਵਿਰਸੇ ਦੀ ਸਾਂਭ-ਸੰਭਾਲ ਵੱਲ ਬਿਲਕੁਲ ਧਿਆਨ ਨਹੀਂ ਦਿੱਤਾ। ਇੰਝ ਪੰਜਾਬੀ ਜੀਵਨ ਸਮਾਜਿਕ ਕਦਰਾਂ ਕੀਮਤਾਂ ਨੂੰ ਭੁੱਲ ਆਪਮੁਹਾਰਾ ਹੋ ਗਿਆ। ਇਸੇ ਕਰਕੇ ਮਿਹਨਤ, ਸੰਤੋਖ, ਭਾਈਚਾਰਾ, ਇਮਾਨਦਾਰੀ ਆਦਿ ਪੰਜਾਬੀਆਂ ਦੇ ਮੁੱਖ ਗੁਣ ਲੋਪ ਹੋ ਰਹੇ ਹਨ। ਪੰਜਾਬ ਨੂੰ ਪ੍ਰਤਾਪ ਸਿੰਘ ਕੈਰੋਂ ਪਿੱਛੋਂ ਕੋਈ ਦੂਰਅੰਦੇਸ਼ ਨੇਤਾ ਨਹੀਂ ਮਿਲ ਸਕਿਆ। ਉਨ੍ਹਾਂ ਨੇ ਪੰਜਾਬ ਵਿਚ ਖੇਤੀ, ਸਨਅਤ ਅਤੇ ਵਿਦਿਅਕ ਵਿਕਾਸ ਵੱਲ ਸਭ ਤੋਂ ਵੱਧ ਧਿਆਨ ਦਿੱਤਾ ਤੇ ਪੰਜਾਬ ਦੇਸ਼ ਦਾ ਸਭ ਤੋਂ ਵੱਧ ਵਿਕਸਤ ਸੂਬਾ ਬਣ ਗਿਆ। ਮੁੜ ਕੁਰਬਾਨੀਆਂ ਦੇ ਕੇ ਬੋਲੀ ਦੇ ਆਧਾਰ ਉਤੇ ਪੰਜਾਬੀ ਸੂਬਾ ਪ੍ਰਾਪਤ ਕੀਤਾ। ਇਸ ਪ੍ਰਾਪਤੀ ਲਈ ਆਪਣੀ ਰਾਜਧਾਨੀ, ਬਹੁਤ ਸਾਰਾ ਇਲਾਕਾ ਅਤੇ ਪਾਣੀ ਦੇ ਵਸੀਲਿਆਂ ਦੀ ਕੁਰਬਾਨੀ ਦੇਣੀ ਪਈ। ਜਾਪਦਾ ਸੀ, ਹੁਣ ਪਹਿਲਾਂ ਤੋਂ ਵੱਧ ਮਿਹਨਤ ਕਰਕੇ ਪੰਜਾਬ, ਦੇਸ਼ ਦਾ ਹੀ ਨਹੀਂ ਸਗੋਂ ਸਾਰੇ ਸੰਸਾਰ ਦਾ ਵਿਕਸਤ ਸੂਬਾ ਬਣ ਜਾਵੇਗਾ ਪਰ ਬਦਕਿਸਮਤੀ ਸਾਡੇ ਆਗੂਆਂ ਜਿਨ੍ਹਾਂ ਵਿਚ ਧਾਰਮਿਕ ਆਗੂ ਵੀ ਸ਼ਾਮਿਲ ਹਨ, ਨੇ ਨਵੀਂ ਪੀੜ੍ਹੀ ਨੂੰ ਆਪਣੀ ਬੋਲੀ ਅਤੇ ਵਿਰਸੇ ਨਾਲ ਜੋੜਨ ਦੀ ਥਾਂ ਤੋੜਨ ਦਾ ਕੰਮ ਕੀਤਾ। ਪੰਜਾਬੀਆਂ ਨੂੰ ਸੇਧ ਦੇਣ ਦੀ ਥਾਂ ਆਪੋਆਪਣੇ ਮਿਸ਼ਨ ਲਈ ਵਰਤਿਆ ਗਿਆ। ਨਕਸਲਬਾੜੀ ਲਹਿਰ ਚੱਲੀ। ਆਪਣਿਆਂ ਹੱਥੋਂ ਹੀ ਸੈਂਕੜੇ ਨੌਜਵਾਨ ਮਾਰੇ ਗਏ। ਇਹ ਨਹੀਂ ਸੋਚਿਆ ਗਿਆ ਕਿ ਸੰਸਾਰ ਦਾ ਤਖ਼ਤਾ, ਤਾਕਤ ਨਾਲ ਨਹੀਂ ਸਗੋਂ ਦਿਮਾਗ਼ ਤੇ ਉੱਚੀ ਸੋਚ ਨਾਲ ਬਦਲਿਆ ਜਾਂਦਾ ਹੈ। ਅਤਿਵਾਦ ਦੇ ਦਿਨਾਂ ਵਿਚ ਤਾਂ ਸ਼ਹੀਦ ਹੋਣ ਵਾਲਿਆਂ ਦੀ ਗਿਣਤੀ ਹਜ਼ਾਰਾਂ ਨੂੰ ਟੱਪ ਗਈ। ਕਿਸੇ ਠੀਕ ਹੀ ਆਖਿਆ ਸੀ ਕਿ ਦੇਖੋ ਕਿਵੇਂ ਆਪਣੇ ਹੀ ਆਪਣਿਆਂ ਨੂੰ ਮਾਰ ਰਹੇ ਹਨ। ਪੰਜਾਬ ਦਾ ਵਿਕਾਸ ਰੁਕ ਗਿਆ ਸਗੋਂ ਪਿੱਛੇ ਵੱਲ ਮੁੜਨ ਲੱਗਿਆ। ਪਹਿਲਾਂ ਵਪਾਰੀਆਂ ਨੇ ਲੁੱਟਿਆ, ਮੁੜ ਆਪਣਿਆਂ ਨੇ ਲੁੱਟਣਾ ਸ਼ੁਰੂ ਕਰ ਦਿੱਤਾ। ਜਿਹੜੇ ਨੌਜਵਾਨ ਜਿਊਂਦੇ ਰਹਿ ਗਏ ਉਨ੍ਹਾਂ ਦੇ ਪੱਲੇ ਨਸ਼ੇ ਪਾ ਦਿੱਤੇ ਗਏ। ਕਿਸੇ ਸੂਬੇ ਵਿਚ ਨਸ਼ਿਆਂ ਦੀ ਵਿਕਰੀ ਸਿਆਸੀ ਸ਼ਹਿ ਤੋਂ ਬਗੈਰ ਨਹੀਂ ਹੁੰਦੀ।

ਲੀਡਰਾਂ ਦੇ ਰਾਤੋ-ਰਾਤ ਅਮੀਰ ਬਣਨ ਦੇ ਸੁਪਨਿਆਂ ਨੇ ਬੇਈਮਾਨੀ ਅਤੇ ਰਿਸ਼ਵਤਖੋਰੀ ਨੂੰ ਜਨਮ ਦਿੱਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸੇ ਸਮੇਂ ਧਾਰਮਿਕ ਸਥਾਨਾਂ ਅਤੇ ਧਾਰਮਿਕ ਆਗੂਆਂ ਦੀ ਗਿਣਤੀ ਵਿਚ ਵੀ ਤੇਜ਼ੀ ਨਾਲ ਵਾਧਾ ਹੋਇਆ ਪਰ ਉਸੇ ਤੇਜ਼ੀ ਨਾਲ ਲੋਕ ਗੁਰੂ ਨਾਨਕ ਜੀ ਵੱਲੋਂ ਬਖ਼ਸ਼ਿਸ਼ ਅਸੂਲਾਂ- ਕਿਰਤ ਕਰੋ, ਨਾਮ ਜਪੋ, ਵੰਡ ਛਕੋ ਤੋਂ ਦੂਰ ਹੋਏ ਹਨ। ਕਿਸੇ ਵੀ ਸਰਕਾਰ ਜਾਂ ਸੰਸਥਾ ਨੇ ਬੱਚਿਆਂ ਦੀ ਵਿਦਿਆ ਵੱਲ ਧਿਆਨ ਨਹੀਂ ਦਿੱਤਾ ਸਗੋਂ ਸਰਕਾਰੀ ਸਕੂਲਾਂ ਅਤੇ ਸਨਅਤੀ ਸਿਖਲਾਈ ਕੇਂਦਰਾਂ ਦੀ ਹਾਲਤ ਮਾੜੀ ਹੋਈ। ਚਾਹੀਦਾ ਸੀ ਕਿ ਅਸੀਂ ਆਪਣੇ ਬੱਚਿਆਂ ਨੂੰ ਵੱਡੇ ਅਫਸਰ ਬਣਨ, ਸਰਕਾਰੀ ਨੌਕਰੀਆਂ ਦੇ ਮੁਕਾਬਲੇ ਲਈ ਤਿਆਰ ਕਰਦੇ, ਉਨ੍ਹਾਂ ਨੂੰ ਡਾਕਟਰ, ਇੰਜਨੀਅਰ ਬਣਾਉਣ ਵੱਲ ਧਿਆਨ ਦਿੰਦੇ ਪਰ ਇਸ ਦੇ ਉਲਟ ਵਿਦਿਆ ਵਿਉਪਾਰ ਬਣ ਗਈ ਤੇ ਡਿਗਰੀਆਂ ਦੀ ਵਿਕਰੀ ਹੋਣ ਲੱਗੀ। ਦੂਜੇ ਸੂਬਿਆਂ ਵਿਚ ਜਿੱਥੇ ਬੱਚਿਆਂ ਨੂੰ ਸਰਕਾਰੀ ਨੌਕਰੀਆਂ ਦੇ ਇਮਤਿਹਾਨਾਂ ਲਈ ਤਿਆਰੀ ਕਰਵਾਉਣ ਲਈ ਕੋਚਿੰਗ ਕੇਂਦਰ ਖੋਲ੍ਹੇ ਗਏ ਹਨ ਉੱਥੇ ਪੰਜਾਬ ਵਿਚ ਹਰੇਕ ਗਲੀ ਮੁਹੱਲੇ 'ਚ ਆਈਲੈਟਸ (ਆਇਲਸ) ਕਰਵਾ ਕੇ ਬਾਹਰ ਭੇਜਣ ਦੀਆਂ ਦੁਕਾਨਾਂ ਅਤੇ ਸ਼ਰਾਬ ਦੇ ਠੇਕੇ ਖੁੱਲ੍ਹ ਗਏ ਹਨ। ਪੰਜਾਬੀ ਆਪਣੀਆਂ ਜ਼ਮੀਨਾਂ ਵੇਚ ਬੱਚੇ ਪਰਦੇਸਾਂ ਨੂੰ ਭੇਜ ਰਹੇ ਹਨ। ਪਿੰਡਾਂ ਦੀ ਗਲੀਆਂ ਸੁੰਨੀਆਂ ਹੋ ਗਈਆਂ ਹਨ। ਪਿੱਛੇ ਕੇਵਲ ਬਜ਼ੁਰਗ ਹੀ ਰਹਿ ਗਏ ਹਨ ਜਿਨ੍ਹਾਂ ਦੀ ਦੇਖਭਾਲ ਦੂਜੇ ਸੂਬਿਆਂ ਤੋਂ ਆਏ ਕਾਮੇ ਕਰ ਰਹੇ ਹਨ। ਪੰਜਾਬੀ ਜਿੱਥੇ ਹਰੇਕ ਘਰ ਵਿਚ ਦੁੱਧ ਤੇ ਪੁੱਤ ਦਾ ਹੋਣਾ ਜ਼ਰੂਰੀ ਸਮਝਦੇ ਸਨ ਪਰ ਹੁਣ ਦੋਵੇਂ ਲੋਪ ਹੋ ਰਹੇ ਹਨ। ਪੁੱਤ ਪਰਦੇਸਾਂ ਨੂੰ ਜਾ ਰਹੇ ਹਨ ਅਤੇ ਲਵੇਰੀਆਂ ਨੂੰ ਵੇਚ ਦਿੱਤਾ ਗਿਆ ਹੈ। ਹੁਣ ਸਵੇਰੇ ਉੱਠ ਲੱਸੀ ਪੀਣ ਤੇ ਮੱਖਣ ਨਾਲ ਰੋਟੀ ਖਾਣ ਦੀ ਥਾਂ ਚਾਹ ਪ੍ਰਧਾਨ ਹੋਈ ਹੈ ਅਤੇ ਸੌਣ ਵੇਲੇ ਦੁੱਧ ਦੀ ਥਾਂ ਦਾਰੂ ਦੀ ਝਾਕ ਰੱਖੀ ਜਾਂਦੀ ਹੈ। ਕੰਪਨੀਆਂ ਨੇ ਕੂੜ ਪ੍ਰਚਾਰ ਕਰਕੇ ਸਾਨੂੰ ਦੁੱਧ, ਮੱਖਣ ਤੇ ਘਿਓ ਤੋਂ ਦੂਰ ਕਰ ਦਿੱਤਾ। ਪੰਜਾਬੀ ਜਿਹੜੇ ਸਾਰੇ ਸੰਸਾਰ ਵਿਚ ਵਧੀਆ ਕਿਸਾਨ ਅਤੇ ਜੁਆਨ ਮੰਨੇ ਜਾਂਦੇ ਸਨ ਹੁਣ ਉਹ ਜਿਸਮਾਨੀ ਤੌਰ ਉੱਤੇ ਕਮਜ਼ੋਰ ਹੋ ਕਿਰਤ ਤੋਂ ਦੂਰ ਹੋ ਰਹੇ ਹਨ। ਕੁਝ ਨੌਜਵਾਨ ਬਿਨਾ ਮਿਹਨਤ ਕੀਤਿਆਂ ਅਮੀਰ ਬਣ ਲਈ ਸਾਈਬਰ ਜੁਰਮ ਕਰਨ ਲੱਗ ਪਏ ਹਨ।






# ਲਾਲਚ ਲੈ ਡੁੱਬਾ

ਜਪਾਨ ਦੇ ਪਿੰਡ ਯਮਾਮੋਤੋਮਰਾ ਵਿੱਚ ਇੱਕ ਅਮੀਰ ਅਤੇ ਲਾਲਚੀ ਕਿਸਾਨ ਰਹਿੰਦਾ ਸੀ। ਉਸ ਦੀਆਂ ਹਰੀਆਂ ਭਰੀਆਂ ਭਰਪੂਰ ਫ਼ਸਲਾਂ ਦੀ ਆਸੇ-ਪਾਸੇ ਦੇ ਪਿੰਡਾਂ ਦੇ ਕਿਸਾਨ ਚਰਚਾ ਕਰਦੇ ਸਨ। ਉਸ ਦੀ ਵਿਸ਼ਾਲ ਹਵੇਲੀ ਅਤੇ ਮਹਿਲ ਦੇ ਪਿਛਵਾੜੇ ਝੁੱਗੀ ਵਿੱਚ ਇੱਕ ਗ਼ਰੀਬ ਕਿਸਾਨ ਰਹਿੰਦਾ ਸੀ ਜਿਹੜਾ ਮਿਹਨਤ ਮਜ਼ਦੂਰੀ ਕਰਕੇ ਪਰਿਵਾਰ ਪਾਲ ਰਿਹਾ ਸੀ। ਇੱਕ ਦਿਨ ਪਰਮਾਤਮਾ ਭਿਖਾਰੀ ਦਾ ਰੂਪ ਧਾਰਨ ਕਰ ਕੇ ਅਮੀਰ ਕਿਸਾਨ ਦੇ ਮਹਿਲ ਅੱਗੇ ਪੁੱਜਾ ਅਤੇ ਭੀਖ ਮੰਗੀ ਪਰ ਅਮੀਰ ਕਿਸਾਨ ਨੇ ਉਸ ਨੂੰ ਦੁਰਕਾਰ ਕੇ ਮੋੜ ਦਿੱਤਾ। ਫਿਰ ਭਿਖਾਰੀ ਗ਼ਰੀਬ ਕਿਸਾਨ ਦੀ ਝੁੱਗੀ ਅੱਗੇ ਪੁੱਜਾ। ਕਿਸਾਨ ਨੇ ਘਰ ਆਏ ਮਹਿਮਾਨ ਦਾ ਸੁਆਗਤ ਕੀਤਾ ਅਤੇ ਜੋ ਰਸੋਈ ਵਿੱਚ ਰੁੱਖਾ-ਮਿੱਸਾ ਸੀ, ਬੜੇ ਸਤਿਕਾਰ ਨਾਲ ਪਰੋਸਿਆ। ਸੁਆਦੀ ਭੋਜਨ ਕਰਕੇ ਭਿਖਾਰੀ ਨੇ ਦਿਆਲੂ ਕਿਸਾਨ ਨੂੰ ਕਿਹਾ, "ਕੁਝ ਦਿਨਾਂ ਬਾਅਦ ਤੇਰੀ ਇਸ ਝੁੱਗੀ ਅੱਗੇ ਇੱਕ ਪੌਦਾ ਉੱਗੇਗਾ, ਜਿਹੜਾ ਛੇਤੀ ਪੂਰਾ ਦਰੱਖਤ ਬਣ ਜਾਵੇਗਾ। ਉਸ ਦੀ ਲੱਕੜ ਨਾਲ ਉੱਖਲੀ ਬਣਾਈਂ ਜਿਹੜੀ ਤੇਰੇ ਦੁੱਖ ਦੂਰ ਕਰ ਦੇਵੇਗੀ।" ਇੰਨਾ ਆਖ ਭਿਖਾਰੀ ਲੋਪ ਹੋ ਗਿਆ।

ਤਿੰਨ-ਚਾਰ ਦਿਨ ਬਾਅਦ ਗ਼ਰੀਬ ਕਿਸਾਨ ਦੀ ਝੁੱਗੀ ਅੱਗੇ ਇੱਕ ਛੋਟਾ ਜਿਹਾ ਪੌਦਾ ਉੱਗਿਆ ਜਿਹੜਾ ਦਿਨਾਂ 'ਚ ਵੱਡਾ ਰੁੱਖ ਬਣ ਗਿਆ। ਕਿਸਾਨ ਨੇ ਰੁੱਖ ਦੀ ਲੱਕੜ ਕਟਵਾ ਮਿਸਤਰੀ ਤੋਂ ਉੱਖਲੀ ਬਣਵਾ ਲਈ। ਇਸ ਉੱਖਲੀ ਵਿੱਚ ਜਦੋਂ ਕਿਸਾਨ ਝੋਨਾ ਸੁੱਟਦਾ ਤਾਂ ਉਸ ਵਿੱਚੋਂ ਕਈ ਗੁਣਾ ਜ਼ਿਆਦਾ ਚੌਲ ਨਿਕਲਦੇ। ਉੱਖਲੀ ਅਨਾਜ ਨਾਲ ਭਰੀ ਰਹਿੰਦੀ। ਕਿਸੇ ਤਰ੍ਹਾਂ ਇਸ ਗੱਲ ਦਾ ਪਤਾ ਲਾਲਚੀ ਅਮੀਰ ਕਿਸਾਨ ਨੂੰ ਲੱਗ ਗਿਆ। ਇਸ ਲਈ ਇੱਕ ਦਿਨ ਉਸ ਨੇ ਗ਼ਰੀਬ ਕਿਸਾਨ ਤੋਂ ਉਸ ਦੀ ਉੱਖਲੀ ਮੰਗ ਲਈ। ਆਪਣੇ ਘਰ ਪਹੁੰਚ ਜਦੋਂ ਅਮੀਰ ਕਿਸਾਨ ਨੇ ਉੱਖਲੀ ਵਿੱਚ ਝੋਨਾ ਪਾਇਆ ਤਾਂ ਉਹ ਖਾਲੀ ਸੀ। ਗੁੱਸੇ 'ਚ ਆ ਲਾਲਚੀ ਅਮੀਰ ਕਿਸਾਨ ਨੇ ਉੱਖਲੀ ਦੇ ਟੁਕੜੇ-ਟੁਕੜੇ ਕਰ ਦਿੱਤੇ। ਇਸ ਦਾ ਦੁੱਖ ਮਨਾਉਂਦਿਆਂ ਗ਼ਰੀਬ ਕਿਸਾਨ ਨੇ ਟੁਕੜੇ ਇਕੱਠੇ ਕਰ ਲਿਆਂਦੇ ਅਤੇ ਆਪਣੀ ਝੁੱਗੀ ਵਿੱਚ ਆ, ਉਨ੍ਹਾਂ ਨੂੰ ਜੋੜ ਕੇ ਸੰਦੂਕ ਬਣਾ ਲਿਆ। ਹੁਣ ਜਦੋਂ ਉਸ ਨੇ ਸੰਦੂਕ ਵਿੱਚੋਂ ਭਿਖਾਰੀ ਦੀ ਆਵਾਜ਼ ਸੁਣੀ ਤਾਂ ਉਸ 'ਤੇ ਅਮਲ ਕਰਦਿਆਂ ਆਪਣੀ ਜੋੜੀ ਸਾਰੀ ਪੂੰਜੀ ਉਸ ਵਿੱਚ ਰੱਖੀ ਤਾਂ ਉਸ ਦੇ ਸੰਦੂਕ ਵਿੱਚ ਰੱਖੇ ਪੈਸੇ ਸੋਨੇ-ਚਾਂਦੀ ਦੇ ਸਿੱਕੇ ਬਣ ਗਏ।

ਫਿਰ ਅਮੀਰ ਲਾਲਚੀ ਕਿਸਾਨ ਉਸ ਦਾ ਸੰਦੂਕ ਹਥਿਆਉਣ ਬਾਰੇ ਸੋਚਣ ਲੱਗਿਆ। ਉਸ ਨੇ ਗ਼ਰੀਬ ਕਿਸਾਨ ਨੂੰ ਡਰਾ-ਧਮਕਾ ਕੇ ਉਸ ਦਾ ਸੰਦੂਕ ਚੁਕਵਾ ਲਿਆਂਦਾ ਅਤੇ ਆਪਣੇ ਸਾਰੇ ਸੋਨੇ-ਚਾਂਦੀ ਦੇ ਸਿੱਕੇ ਸੰਦੂਕ ਵਿੱਚ ਰਖਵਾ, ਉਸ ਦਾ ਢੱਕਣ ਬੰਦ ਕਰਵਾ ਦਿੱਤਾ। ਕੁਝ ਦੇਰ ਬਾਅਦ ਢੱਕਣ ਆਪਣੇ-ਆਪ ਖੁੱਲ੍ਹ ਗਿਆ ਅਤੇ ਸਿੱਕੇ ਪਾਣੀ ਬਣ ਵਹਿ ਤੁਰੇ। ਗੁੱਸੇ 'ਚ ਆ ਕੇ ਕਿਸਾਨ ਨੇ ਬਾਕੀ ਸਿੱਕੇ ਵੀ ਸੰਦੂਕ ਵਿੱਚ ਸੁੱਟ ਦਿੱਤੇ ਅਤੇ ਉਹ ਵੀ ਪਾਣੀ ਬਣ ਵਹਿ ਗਏ। ਪਿੰਡ ਵਿੱਚ ਪਾਣੀ ਦਾ ਤਲਾਬ ਬਣ ਗਿਆ। ਪਾਣੀ ਅਜੇ ਵੀ ਆ ਰਿਹਾ ਸੀ। ਸਾਰਾ ਪਿੰਡ ਉਸ ਦੇ ਆਲੀਸ਼ਾਨ ਮਹਿਲ ਸਮੇਤ ਡੁੱਬ ਗਿਆ ਪਰ ਗ਼ਰੀਬ ਕਿਸਾਨ ਦੀ ਝੌਂਪੜੀ ਸ਼ਾਨ ਨਾਲ ਖੜ੍ਹੀ ਸੀ। ਕਹਿੰਦੇ ਹਨ ਭਾਵੇਂ ਅਮੀਰ ਲਾਲਚੀ ਕਿਸਾਨ ਨੂੰ 'ਲਾਲਚ ਲੈ ਡੁੱਬਾ' ਪਰ ਅੱਜ ਵੀ ਜਪਾਨ ਦੇ ਯਮਾਮੋਤੋਮਰਾ ਪਿੰਡ ਵਿੱਚ ਸੰਦੂਕ ਵਾਲੀ ਨਦੀ ਅਤੇ ਤਲਾਬ ਹਨ।

– ਮੁਖਤਾਰ ਗਿੱਲ

## ਬੱਚਿਓ ਰੁੱਖ ਲਗਾਓ

ਆਪਣੇ ਜਨਮ ਦਿਨ 'ਤੇ ਬੱਚਿਓ,
ਇਕ-ਇਕ ਰੁੱਖ ਲਗਾਓ ।
ਵਧ ਰਹੇ ਪ੍ਰਦੂਸ਼ਣ 'ਤੇ,
ਰਲ-ਮਿਲ ਕੇ ਰੋਕ ਲਗਾਓ ।
ਜਨਮ ਦਿਨਾਂ 'ਤੇ ਲਾਏ ਰੁੱਖ,
ਬਣਨਗੇ ਤੁਹਾਡੇ ਹਾਣੀ ।
ਨਾਲ ਪਿਆਰ ਦੇ ਪਾਲੋ ਇਨ੍ਹਾਂ ਨੂੰ ,
ਰੋਜ਼ਾਨਾ ਪਾ ਕੇ ਪਾਣੀ ।
ਇਨ੍ਹਾਂ ਨਾਲ ਫਿਰ ਜੁੜ ਜਾਣੀਆਂ,
ਜ਼ਿੰਦਗੀ ਭਰ ਦੀਆਂ ਯਾਦਾਂ ।
ਧਰਤੀ ਹਰੀ-ਭਰੀ ਫਿਰ ਹੋ ਜਾਊ,
ਜੋ ਸਾਡੀ ਪਾ-ਪਾ ਖਾਦਾਂ ।
ਚਾਰੇ ਪਾਸੇ ਹੋਊ ਹਰਿਆਲੀ,
ਸ਼ੁੱਧ ਹੋ ਜਾਊ ਚਾਰ-ਚੁਫੇਰਾ ।
ਪੰਛੀ ਇਨ੍ਹਾਂ 'ਤੇ ਘਰ ਪਾਉਣਗੇ,
ਰਹਿਣਗੇ ਲਾ ਕੇ ਡੇਰਾ ।
ਤੁਹਾਡਾ ਇਕ ਇਹ ਚੁੱਕਿਆ ਕਦਮ,
ਬਣੂ ਸਭ ਲਈ ਚਾਨਣ ਮੁਨਾਰਾ ।
ਇਕ-ਇਕ ਦੇ ਨਾਲ 'ਬਸਰੇ',
ਲੱਗ ਜਾਣਗੇ ਰੁੱਖ ਹਜ਼ਾਰਾਂ ।

**- ਨੇਹਾ ਬਸਰਾ -**

## ਸ਼ਬਦ ਲੱਭੋ

ਕੀ ਤੁਸੀਂ ਹੇਠਾਂ ਦਿੱਤੇ ਗਏ ਚਿੱਤਰ 'ਚ ਦਿੱਤੇ ਗਏ ਸ਼ਬਦਾਂ ਦਾ ਪਤਾ ਲੱਗਾ ਸਕਦੇ ਹੋ... ?

| | | | | | | | | | |
|---|---|---|---|---|---|---|---|---|---|
| B | R | I | G | H | T | S | T | I | R |
| U | E | L | O | I | D | A | R | S | E |
| M | P | D | R | S | P | E | E | D | L |
| H | E | A | O | N | E | D | O | O | E |
| R | E | P | O | G | I | N | O | M | E |
| T | W | I | F | I | W | E | R | E | H |
| R | U | N | K | N | D | O | W | T | W |
| L | I | C | E | N | S | E | P | E | G |
| S | E | A | T | E | T | A | L | R | N |
| T | L | E | B | S | T | E | E | R | I |

Find all the words from the word list (ignore spaces and dashes):

| | |
|---|---|
| BUMPER | SEAT BELT |
| DOOR | SPEEDOMETER |
| ENGINE | STEERING WHEEL |
| HEADLIGHTS | TIRES |
| LICENSE PLATE | TRUNK |
| RADIO | WINDOW |
| ROOF | WIPER |





## ਇਹ ਹਨ ਪੇਰੂ 'ਚ ਸਥਿਤ ਦੁਨੀਆਂ ਦੀਆਂ ਸਤਰੰਗੀ ਪਹਾੜੀਆਂ

ਇਹ ਫੋਟੋ ਪੇਰੂ ਦੇ ਕੁਸਕੋ ਵਿੱਚ ਸਥਿਤ ਰੇਨਬੋ ਮਾਉਂਟੇਨ ਦੀ ਹੈ। ਸਮੁੰਦਰ ਤਲ ਤੋਂ 5200 ਮੀਟਰ ਦੀ ਉਚਾਈ ਉੱਤੇ ਸਥਿਤ ਇਨ੍ਹਾਂ ਸਤਰੰਗੀ ਪਹਾੜਾਂ 'ਤੇ ਜਾਣ ਲਈ ਕਰੀਬ ਪੰਜ ਕਿਲੋਮੀਟਰ ਪੈਦਲ ਚੱਲਣਾ ਪੈਂਦਾ ਹੈ। ਇਨ੍ਹਾਂ ਪਹਾੜਾਂ ਵਿੱਚ ਉਭਰੇ ਇਨ੍ਹਾਂ ਰੰਗਾਂ ਦੀ ਕਾਰਣ ਇੱਥੋਂ ਦੀਆਂ ਚਟਾਨਾਂ ਵਿੱਚ ਮੌਜੂਦ ਮਿਨਰਲਜ਼ ਹਨ। ਜਿਸ 'ਚ ਵੱਖ ਵੱਖ ਗੁਲਾਬੀ ਮਿੱਟੀ, ਲਾਲ ਮਿੱਟੀ , ਸਧਾਰਣ ਮਿੱਟੀ ਅਤੇ ਰੇਤ ਦੀ ਆਦਿ ਰੰਗ ਹਨ। ਸਫੇਦ ਰੰਗ ਦੀ ਵਜ੍ਹਾ ਕਵਾਰਟਜੋਸ, ਚੂਨਾ ਅਤੇ ਰੇਤਲਾ ਪੱਥਰ ਹੈ। ਲਾਲ ਰੰਗ ਆਇਰਨ ਦੀ ਬਹੁਤਾਤ ਵਾਲੇ ਕਲੇਸਟੋਨ ਦੀ ਕਾਰਣ ਹੈ। ਹਰਾ ਰੰਗ ਫਾਇਲਾਇਟ ਅਤੇ ਫੇਰੋ ਮੈਗਨੀਸ਼ਿਅਮ ਦੀ ਬਹੁਤਾਤ ਨਾਲ ਉਭਰਦਾ ਹੈ।

## ਦਿਮਾਗ਼ੀ ਕਸਰਤ




## ਬਿੰਦੂ ਮਿਲਾਓ



## ਰਸਤਾ ਲੱਭੋ



# ਵਿੱਦਿਅਕ ਢਾਂਚੇ ਵਿੱਚ ਕੀ ਬਦਲਾਵ ਹੋਣਾ ਜਰੂਰੀ ?

ਲੇਖਕ : ਡਾ.ਦਵਿੰਦਰ ਕੌਰ ਖੁਸ਼ ਧਾਲੀਵਾਲ

*ਜਦੋਂ ਅਸੀਂ ਮੌਜੂਦਾ ਵਿੱਦਿਅਕ ਢਾਂਚੇ ਦੀ ਅਲੋਚਨਾ ਪੇਸ਼ ਕਰਦੇ ਹਾਂ ਤਾਂ ਅਕਸਰ ਇਹ ਸਵਾਲ ਸਾਡੇ ਸਾਹਮਣੇ ਖੜ੍ਹਾ ਹੁੰਦਾ ਹੈ ਕਿ ਫਿਰ ਇਸਦਾ ਬਦਲ ਕੀ ਹੋਵੇ? ਇਸਦੇ ਜੁਆਬ ਵਿੱਚ ਬਦਲਵੇਂ ਵਿੱਦਿਅਕ ਢਾਂਚੇ ਦੀ ਸੰਖੇਪ ਰੂਪ ਜੋ ਇੱਕ ਨਰੋਏ, ਖੁਸ਼ਹਾਲ ਤੇ ਉੱਨਤ ਸਮਾਜ ਲਈ ਜ਼ਰੂਰੀ ਹੈ।*

*ਬਦਲਵੀਂ ਵਿੱਦਿਅਕ ਪ੍ਰਣਾਲੀ ਦੇ ਦੋ ਪੱਖ ਹਨ। ਪਹਿਲਾ ਇਹ ਕਿ ਸਿੱਖਿਆ ਕਿਵੇਂ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ, ਭਾਵ ਪੂਰੇ ਵਿੱਦਿਅਕ ਢਾਂਚੇ ਦਾ ਰੂਪ ਕੀ ਹੋਣਾ ਚਾਹੀਦਾ ਹੈ। ਦੂਜਾ ਪੱਖ ਹੈ ਦਿੱਤੀ ਜਾਣ ਵਾਲੀ ਸਿੱਖਿਆ ਦਾ ਤੱਤ- ਭਾਵ ਦਿੱਤੀ ਜਾਣ ਵਾਲੀ ਸਿੱਖਿਆ ਕਿਹੋ ਜਿਹੀ ਹੋਵੇ, ਉਸਦਾ ਮਕਸਦ, ਟੀਚੇ ਕੀ ਹੋਣ।*



## ਵਿੱਦਿਅਕ ਢਾਂਚੇ ਦਾ ਰੂਪ

1.) ਮੁਫਤ ਤੇ ਲਾਜ਼ਮੀ ਸਿੱਖਿਆ: ਰੋਟੀ, ਕੱਪੜਾ, ਮਕਾਨ ਤੋਂ ਬਾਅਦ ਅੱਜ ਸਿੱਖਿਆ ਹਰ ਨਾਗਰਿਕ ਦਾ ਬੁਨਿਆਦੀ ਹੱਕ ਹੈ। ਸਿੱਖਿਆ ਸਮਾਜ ਲਈ ਨੀਂਹ ਦਾ ਕੰਮ ਕਰਦੀ ਹੈ ਤੇ ਇਸ ਨੀਂਹ ਦੀ ਸੁਚੱਜੀ ਉਸਾਰੀ ਸਰਕਾਰ ਦੇ ਮੁੱਢਲੇ ਫਰਜ਼ਾਂ ਵਿੱਚੋਂ ਇੱਕ ਹੈ। ਇਸ ਫਰਜ਼ ਦੀ ਪੂਰਤੀ ਲਈ ਸਰਕਾਰ ਸਮਾਜ ਤੋਂ ਟੈਕਸ ਇਕੱਠਾ ਕਰਦੀ ਹੈ ਜਿਸ ਨਾਲ ਇਹ ਸਭ ਨੂੰ ਸਿੱਖਿਆ ਦੇਣ ਦਾ ਖਰਚਾ ਚੱਕ ਸਕਦੀ ਹੈ। ਇਸ ਲਈ ਸਭ ਨੂੰ ਸਰਕਾਰ ਵੱਲੋਂ ਮੁਫ਼ਤ ਤੇ ਲਾਜ਼ਮੀ ਸਿੱਖਿਆ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ ਤਾਂ ਜੋ ਕੋਈ ਵੀ ਇਸ ਹੱਕ ਤੋਂ ਵਾਂਝਾ ਨਾ ਰਹੇ ਤੇ ਨਾ ਹੀ ਕਿਸੇ ਤਰ੍ਹਾਂ ਦੇ ਰਾਖਵੇਂਕਰਨ ਜਾਂ ਵਿਸ਼ੇਸ਼ ਹੱਕਾਂ ਦੀ ਕੋਈ ਜ਼ਰੂਰਤ ਪਵੇ।

2.) **ਦੂਹਰੀ ਵਿੱਦਿਅਕ ਪ੍ਰਣਾਲੀ ਦੀ ਥਾਂ ਇੱਕਸਾਰ ਸਿੱਖਿਆ:** ਦੂਹਰੀ ਵਿੱਦਿਅਕ ਪ੍ਰਣਾਲੀ ਤੋਂ ਭਾਵ ਹੈ ਜ਼ਮੀਨ-ਅਸਮਾਨ ਦੇ ਫਰਕ ਵਾਲੀਆਂ ਵਿੱਦਿਅਕ ਸੰਸਥਾਵਾਂ ਤੇ ਸਹੂਲਤਾਂ ਵਾਲੀ ਸਿੱਖਿਆ। ਇੱਕ ਪਾਸੇ ਗਰੀਬਾਂ ਲਈ ਮਾੜੇ, ਘੱਟ ਸਹੂਲਤਾਂ ਵਾਲੇ ਸਕੂਲ, ਕਾਲਜ ਹਨ ਜਿੱਥੇ ਅਧਿਆਪਕਾਂ, ਕਮਰਿਆਂ, ਬੈਂਚ, ਸਾਫ਼ ਪਾਣੀ ਤੇ ਪਖਾਨੇ ਵਰਗੀਆਂ ਸਹੂਲਤਾਂ ਵੀ ਢੰਗ ਨਾਲ ਉਪਲਬਧ ਨਹੀਂ ਹਨ ਤੇ ਦੂਜੇ ਪਾਸੇ ਅਮੀਰਾਂ ਲਈ ਅਜਿਹੇ ਸਕੂਲ ਹਨ ਜਿੱਥੇ ਵਿਦਿਆਰਥੀ ਆਧੁਨਿਕ ਸਮਾਜ ਦੀਆਂ ਸਭ ਸਹੂਲਤਾਂ ਮਾਣਦੇ ਹਨ। ਭਾਰਤ ਵਿੱਚ ਇੱਕ ਪਾਸੇ ਅਜਿਹੇ ਸਕੂਲ ਵੀ ਹਨ ਜਿੱਥੇ ਵਿਦਿਆਰਥੀਆਂ ਲਈ ਪੂਰੇ ਕਮਰੇ ਵੀ ਨਹੀਂ ਹਨ ਤੇ ਦੂਜੇ ਪਾਸੇ ਅਜਿਹੇ ਸਕੂਲ ਵੀ ਹਨ ਜਿਹੜੇ ਵਿਦਿਆਰਥੀਆਂ ਨੂੰ ਵਿਦੇਸ਼ਾਂ ਵਿੱਚ ਘੁੰਮਾਉਣ ਲਿਜਾਂਦੇ ਹਨ। ਇਹ ਦੂਹਰੇ ਮਿਆਰ ਵਾਲੀ ਸਿੱਖਿਆ ਖਤਮ ਹੋਣੀ ਚਾਹੀਦੀ ਹੈ ਤੇ ਸਭ ਨੂੰ ਇੱਕਸਾਰ, ਮਿਆਰੀ ਤੇ ਚੰਗੀਆਂ ਸਹੂਲਤਾਂ ਵਾਲੀ ਸਿੱਖਿਆ ਮਿਲਣੀ ਚਾਹੀਦੀ ਹੈ।

3.) **ਸਿੱਖਿਆ ਦਾ ਨਿੱਜੀਕਰਨ, ਵਪਾਰੀਕਰਨ ਬੰਦ ਹੋਵੇ:** ਸਿੱਖਿਆ ਨੂੰ ਇੱਕ ਜਿਣਸ ਵਾਂਗ ਵੇਚਣਾ, ਖ਼ਰੀਦਣਾ ਤੇ ਇਸ ਰਾਹੀਂ ਮੁਨਾਫ਼ਾ ਕਮਾਉਣਾ ਬੰਦ ਹੋਣਾ ਚਾਹੀਦਾ ਹੈ ਤੇ ਸਰਕਾਰ ਨੂੰ ਸਿੱਖਿਆ ਦਾ ਪੂਰਾ ਖਰਚਾ ਚੁੱਕਣਾ ਚਾਹੀਦਾ ਹੈ। ਪੂਰਾ ਵਿੱਦਿਅਕ ਢਾਂਚਾ ਸਰਕਾਰੀ ਹੋਣਾ ਚਾਹੀਦਾ ਹੈ ਤੇ ਕੋਈ ਵੀ ਪ੍ਰਾਈਵੇਟ ਸਕੂਲ, ਕਾਲਜ, ਯੂਨੀਵਰਸਿਟੀ ਆਦਿ ਨਹੀਂ ਹੋਣੀ ਚਾਹੀਦੀ। ਸਿੱਖਿਆ ਦਾ ਨਿੱਜੀਕਰਨ ਦੂਹਰੇ ਮਿਆਰ ਵਾਲੀ ਵਿੱਦਿਅਕ ਪ੍ਰਣਾਲੀ ਨੂੰ ਜਨਮ ਦਿੰਦਾ ਹੈ ਤੇ ਸਮਾਜ ਦੇ ਇੱਕ ਹਿੱਸੇ ਤੋਂ ਸਿੱਖਿਆ ਦਾ ਹੱਕ ਖੋਹ ਲੈਂਦਾ ਹੈ। ਇਹ ਸਮਾਜ ਵਿਚਲੀ ਗੈਰ-ਬਰਾਬਰੀ ਨੂੰ ਖਤਮ ਕਰਨ ਦੀ ਥਾਂ ਇਸ ਗੈਰ-ਬਰਾਬਰੀ ਆਸਰੇ ਪਲਦਾ ਤੇ ਉਸਨੂੰ ਵਧਾਉਂਦਾ ਹੈ।

4.) **ਸਿੱਖਿਆ ਸੰਸਥਾਵਾਂ ਦਾ ਜਮਹੂਰੀਕਰਨ:** ਮੌਜੂਦਾ ਵਿੱਦਿਅਕ ਢਾਂਚੇ ਵਿੱਚ ਸਿੱਖਿਆ ਸਬੰਧੀ ਫ਼ੈਸਲੇ ਵਿਦਿਆਰਥੀਆਂ ਉੱਪਰ ਬਿਨ੍ਹਾਂ ਉਹਨਾਂ ਦੀ ਸਲਾਹ ਲਏ ਥੋਪੇ ਜਾਂਦੇ ਹਨ। ਹੋਣਾ ਇਹ ਚਾਹੀਦਾ ਹੈ ਕਿ ਵਿੱਦਿਅਕ ਸੰਸਥਾਵਾਂ ਤੇ ਸਿੱਖਿਆ ਨੀਤੀ ਵਿੱਚ ਵਿਦਿਆਰਥੀਆਂ ਦੀ ਨਾ ਸਿਰਫ਼ ਰਾਇ ਲਈ ਜਾਵੇ ਸਗੋਂ ਉਹਨਾਂ ਨੂੰ ਫ਼ੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਵੀ ਹਿੱਸਾ ਦਿੱਤਾ ਜਾਵੇ। ਇਸ ਤੋਂ ਇਲਾਵਾ ਵਿੱਦਿਅਕ ਸੰਸਥਾਵਾਂ ਵਿੱਚ ਵਿਦਿਆਰਥੀਆਂ ਨੂੰ ਆਪਣੀ ਸਿਆਸੀ, ਸਮਾਜਿਕ, ਸੱਭਿਆਚਾਰਕ ਸਰਗਰਮੀਆਂ ਕਰਨ ਦਾ ਜਮਹੂਰੀ ਹੱਕ ਹੋਣਾ ਚਾਹੀਦਾ ਹੈ।

## ਸਿੱਖਿਆ ਦਾ ਤੱਤ

1) **ਸਿੱਖਿਆ ਦਾ ਮਾਧਿਅਮ ਮਾਂ-ਬੋਲੀ ਹੋਵੇ:** ਵਿਗਿਆਨਕ ਤੇ ਪ੍ਰਮਾਣਿਤ ਸਿਧਾਂਤਾਂ ਮੁਤਾਬਕ ਸਿੱਖਿਆ ਦਾ ਮਾਧਿਅਮ ਸਿਰਫ ਵਿਦਿਆਰਥੀ ਦੀ ਮਾਂ-ਬੋਲੀ ਹੀ ਹੋਣਾ ਚਾਹੀਦਾ ਹੈ ਕਿਉਂਕਿ ਮਾਂ-ਬੋਲੀ ਹੀ ਸਮਝਣ, ਸਿੱਖਣ, ਸੋਚਣ, ਕਲਪਨਾ ਕਰਨ ਤੇ ਕੁੱਝ ਨਵਾਂ ਖੋਜਣ ਦਾ ਸਭ ਤੋਂ ਵਧੀਆ ਸਾਧਨ ਹੈ। ਦੂਜੀਆਂ ਜਾਂ ਵਿਦੇਸ਼ੀ ਭਾਸ਼ਾਵਾਂ ਨੂੰ ਇੱਕ ਖਾਸ ਉਮਰ ਤੋਂ ਬਾਅਦ ਸਿਰਫ ਇੱਕ ਚੋਣਵੇਂ ਵਿਸ਼ੇ ਵਜੋਂ ਹੀ ਪੜ੍ਹਾਇਆ ਜਾਣਾ ਚਾਹੀਦਾ ਹੈ। ਚੋਣਵੇਂ ਵਿਸ਼ੇ ਤੋਂ ਭਾਵ ਹੈ ਕਿ ਹੋਰ ਕਿਹੜੀ ਭਾਸ਼ਾ ਸਿੱਖਣੀ ਹੈ, ਜਾਂ ਕੋਈ ਹੋਰ ਭਾਸ਼ਾ ਨਹੀਂ ਵੀ ਸਿੱਖਣੀ, ਇਹ ਫੈਸਲਾ ਪੂਰੀ ਤਰ੍ਹਾਂ ਵਿਦਿਆਰਥੀਆਂ ਦਾ ਹੋਣਾ ਚਾਹੀਦਾ ਹੈ।

2) **ਵਿਗਿਆਨਕ, ਜਮਹੂਰੀ ਤੇ ਸਮਾਜਵਾਦੀ ਕਦਰਾਂ ਵਾਲੀ ਸਿੱਖਿਆ:** ਸਿੱਖਿਆ ਵਿਦਿਆਰਥੀਆਂ ਦੇ ਮਨਾਂ ਵਿੱਚੋਂ ਹਰ ਤਰ੍ਹਾਂ ਦੀਆਂ ਗੈਰ-ਵਿਗਿਆਨਕ, ਗੈਰ-ਜਮਹੂਰੀ, ਰੂੜੀਵਾਦੀ ਧਾਰਨਾਵਾਂ ਨੂੰ ਖਤਮ ਕਰਕੇ ਵਿਗਿਆਨਕ, ਜਮਹੂਰੀ ਤੇ ਸਮਾਜਵਾਦੀ ਕਦਰਾਂ ਸਥਾਪਿਤ ਕਰੇ। ਇਹ ਵਿਦਿਆਰਥੀਆਂ 'ਚੋਂ ਜਾਤ-ਪਾਤ, ਔਰਤਾਂ ਵਿਰੋਧੀ ਮਾਨਸਿਕਤਾ ਖਤਮ ਕਰੇ; ਉਹਨਾਂ ਨੂੰ ਹਰ ਤਰ੍ਹਾਂ ਦੇ ਜਮਾਤੀ, ਧਾਰਮਿਕ, ਕੌਮੀ, ਨਸਲੀ, ਖੇਤਰੀ ਤੇ ਭਾਸ਼ਾਈ ਆਦਿ ਲੁੱਟ, ਜਬਰ ਤੇ ਬੇਇਨਸਾਫੀ ਖਿਲਾਫ ਜੂਝਣ ਲਈ ਪ੍ਰੇਰਿਤ ਕਰੇ; ਉਹਨਾਂ ਵਿੱਚ ਖੁਦਗਰਜ਼ੀ, ਮੁਨਾਫੇਖੋਰੀ, ਸੰਵੇਦਨਹੀਣਤਾ ਦੀਆਂ ਸਰਮਾਏਦਾਰਾ ਕਦਰਾਂ ਦੀ ਥਾਂ ਬਰਾਬਰੀ, ਭਾਈਚਾਰੇ ਤੇ ਸੰਵੇਦਨਸ਼ੀਲਤਾ ਜਿਹੀਆਂ ਸਮਾਜਵਾਦੀ ਕਦਰਾਂ ਭਰੇ।

3) **ਸਿੱਖਿਆ ਧਰਮ-ਨਿਰਲੇਪ ਹੋਵੇ:** ਧਰਮ ਹਰ ਨਾਗਰਿਕ ਦਾ ਨਿੱਜੀ ਮਸਲਾ ਹੈ ਤੇ ਹਰ ਨਾਗਰਿਕ ਨੂੰ ਕਿਸੇ ਵੀ ਧਰਮ ਨੂੰ ਮੰਨਣ ਜਾਂ ਨਾ ਮੰਨਣ ਦਾ ਹੱਕ ਹੋਣਾ ਚਾਹੀਦਾ ਹੈ। ਪਰ ਸਿੱਖਿਆ ਇੱਕ ਸਮਾਜਿਕ ਮਸਲਾ ਹੈ ਤੇ ਇਸਨੂੰ ਧਰਮ ਨਾਲੋਂ ਅਲੱਗ ਰੱਖਣਾ ਚਾਹੀਦਾ ਹੈ। ਮਨੁੱਖੀ ਸੱਭਿਅਤਾ ਦੇ ਇਤਿਹਾਸ ਵਿੱਚ ਧਰਮ ਦੇ ਹੋਂਦ 'ਚ ਆਉਣ, ਇਸਦੇ ਪੈਦਾ ਹੋਣ ਦੇ ਸਮਾਜਿਕ ਕਾਰਨਾਂ ਨੂੰ ਸਮਝਣਾ, ਧਰਮ ਦੀ ਇਤਿਹਾਸਕ ਭੂਮਿਕਾ ਅਤੇ ਸੰਭਾਵੀ ਭਵਿੱਖ ਆਦਿ ਨੂੰ ਵਿਗਿਆਨਕ ਨਜ਼ਰੀਏ ਨਾਲ ਸਮਝਣਾ ਤਾਂ ਸਿੱਖਿਆ ਦਾ ਹਿੱਸਾ ਬਣ ਸਕਦਾ ਹੈ। ਪਰ ਕਿਸੇ ਵੀ ਵਿਸ਼ੇਸ਼ ਧਰਮ ਦੀਆਂ ਮਾਨਤਾਵਾਂ, ਨਜ਼ਰੀਏ ਨੂੰ ਸਿੱਖਿਆ ਦਾ ਹਿੱਸਾ ਨਹੀਂ ਹੋਣਾ ਚਾਹੀਦਾ ਤੇ ਧਾਰਮਿਕ ਰਸਮਾਂ ਨੂੰ ਵੀ ਵਿੱਦਿਅਕ ਅਦਾਰਿਆ ਤੋਂ ਪਾਸੇ ਰੱਖਣਾ ਚਾਹੀਦਾ ਹੈ। ਇਸ ਨਾਲ ਸਿੱਖਿਆ ਦੇ ਭਗਵੇਂਕਰਨ ਆਦਿ ਦਾ ਰਾਹ ਖੁੱਲ੍ਹਦਾ ਹੈ। ਕਿਸੇ ਵਿਸ਼ੇਸ਼ ਧਰਮ ਨੂੰ ਸਿੱਖਿਆ ਦਾ ਹਿੱਸਾ ਬਣਾਉਣਾ ਹੋਰ ਧਰਮਾਂ ਨੂੰ ਮੰਨਣ ਵਾਲਿਆਂ ਜਾਂ ਕਿਸੇ ਵੀ ਧਰਮ ਨੂੰ ਨਾ ਮੰਨਣ ਵਾਲਿਆਂ ਨਾਲ ਬੇਇਨਸਾਫੀ ਹੈ। ਇੱਛਤ ਵਿਅਕਤੀ ਨੂੰ ਆਪਣੇ ਧਰਮ ਦੀ ਸਿੱਖਿਆ ਧਰਮ ਨਾਲ ਸਬੰਧਤ ਸੰਸਥਾਵਾਂ ਵਿੱਚ ਹੀ ਮਿਲਣੀ ਚਾਹੀਦੀ ਹੈ।

4) **ਬੱਚੇ ਦਾ ਸਰਵਪੱਖੀ ਵਿਕਾਸ ਸਿੱਖਿਆ ਦਾ ਕੇਂਦਰ ਹੋਵੇ:** ਸਿੱਖਿਆ ਦਾ ਮਕਸਦ ਬੱਚਿਆਂ ਦਾ ਸਰਵਪੱਖੀ ਵਿਕਾਸ ਕਰਨਾ ਹੋਣਾ ਚਾਹੀਦਾ ਹੈ। ਸਰਵਪੱਖੀ ਵਿਕਾਸ ਤੋਂ ਭਾਵ ਹੈ ਕਿ ਹਰ ਬੱਚੇ ਨੂੰ ਗਿਆਨ ਦੇਣ ਦੇ ਨਾਲ ਉਸ ਅੰਦਰਲੀਆਂ ਸੰਭਾਵਨਾਵਾਂ, ਸਮਰੱਥਾਵਾਂ ਨੂੰ ਵਿਕਸਤ ਕਰਨਾ ਤੇ ਉਸਦੀ ਸਖਸ਼ੀਅਤ ਨੂੰ ਪੂਰੀ ਤਰ੍ਹਾਂ ਪ੍ਰਫੁੱਲਿਤ ਕਰਨਾ। ਸਿੱਖਿਆ ਨਾ ਸਿਰਫ ਬੱਚਿਆਂ ਨੂੰ ਗਿਆਨਵਾਨ, ਚਿੰਤਨਸ਼ੀਲ ਬਣਾਵੇ ਸਗੋਂ ਉਹਨਾਂ ਅੰਦਰ ਹਮਦਰਦੀ, ਸੰਵੇਦਨਸ਼ੀਲਤਾ ਤੇ ਭਾਈਚਾਰੇ ਵਰਗੇ ਗੁਣਾਂ ਦਾ ਵਿਕਾਸ ਕਰੇ ਤੇ ਉਹਨਾਂ ਦੀਆਂ ਵਿਸ਼ੇਸ਼ ਰੁਚੀਆਂ, ਸਮਰੱਥਾਵਾਂ ਨੂੰ ਉਜਾਗਰ ਕਰੇ। ਇਹ ਉਹਨਾਂ ਨੂੰ ਸਮਾਜ ਵਿਚਲੀ ਆਪਣੀ ਭੂਮਿਕਾ ਤੇ ਸਮਾਜ ਪ੍ਰਤੀ ਉਹਨਾਂ ਦੀਆਂ ਜ਼ਿੰਮੇਵਾਰੀਆਂ ਤੋਂ ਵੀ ਜਾਣੂ ਕਰਵਾਏ।

5) **ਮੁਕਾਬਲੇਬਾਜ਼ੀ ਤੇ ਘੋਟਾ ਲਾਊ ਪ੍ਰਣਾਲੀ ਨੂੰ ਖ਼ਤਮ ਕਰਨਾ:** ਮੌਜੂਦਾ ਸਿੱਖਿਆ ਸਿਰਫ ਰੁਜ਼ਗਾਰ ਹਾਸਲ ਕਰਨ ਦਾ ਵਸੀਲਾ ਹੈ। ਰੁਜ਼ਗਾਰ ਸੀਮਤ ਹੋਣ ਕਾਰਨ ਸ਼ੁਰੂ ਤੋਂ ਹੀ ਵਿਦਿਆਰਥੀ ਵੱਧ ਨੰਬਰਾਂ ਦੀ ਮੁਕਾਬਲੇਬਾਜ਼ੀ ਵਿੱਚ ਪੈਣ ਲਈ ਮਜ਼ਬੂਰ ਹੋ ਜਾਂਦੇ ਹਨ। ਇਸ ਕਰਕੇ ਮੌਜੂਦਾ ਸਿੱਖਿਆ ਪ੍ਰਣਾਲੀ ਵਿਦਿਆਰਥੀਆਂ ਨੂੰ ਸੰਵੇਦਨਸ਼ੀਲ, ਸੂਝਵਾਨ, ਚਿੰਤਨਸ਼ੀਲ ਬਣਾਉਣ, ਉਹਨਾਂ ਦੀਆਂ ਸਮਰੱਥਾਵਾਂ ਨੂੰ ਉਘਾੜਨ, ਉਹਨਾਂ ਦੀ ਸਖਸ਼ੀਅਤ ਦਾ ਵਿਕਾਸ ਕਰਨ ਅਤੇ ਉਹਨਾਂ ਨੂੰ ਸਮਾਜ ਨਾਲ ਜੋੜਨ ਦੀ ਥਾਂ ਘੋਟਾ ਲਾਊ ਪੜ੍ਹਾਈ ਉੱਪਰ ਜੋਰ ਦਿੰਦੀ ਹੈ। ਇੰਝ ਸਿੱਖਿਆ ਸਰਵਪੱਖੀ ਵਿਕਾਸ ਕਰਨ ਦੀ ਥਾਂ ਬੱਚਿਆਂ ਦੀ ਮਾਨਸਿਕਤਾ ਦਾ ਨਾਸ ਮਾਰਨ ਦਾ ਕੰਮ ਕਰਦੀ ਹੈ। ਇਸ ਲਈ ਸਭ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਹਰ ਵਿਅਕਤੀ ਲਈ ਢੁਕਵੇਂ ਰੁਜ਼ਗਾਰ ਦੀ ਗਰੰਟੀ ਕੀਤੀ ਜਾਵੇ ਤਾਂ ਵੰਨ-ਸੁਵੰਨੇ ਕੰਮਾਂ ਵਿਚਲਾ ਆਰਥਿਕ-ਸਮਾਜਿਕ ਪਾੜਾ ਵੀ ਖਤਮ ਕੀਤਾ ਜਾਵੇ। ਇਸ ਨਾਲ ਹੀ ਸਿੱਖਿਆ ਸਰਵਪੱਖੀ ਵਿਕਾਸ ਦੇ ਆਪਣੇ ਅਸਲ ਉਦੇਸ਼ ਵੱਲ ਵਧ ਸਕਦੀ ਹੈ। ਅਜਿਹੀ ਸਿੱਖਿਆ ਮੁਕਾਬਲੇਬਾਜ਼ੀ ਦੀ ਥਾਂ ਸਹਿਯੋਗ ਨੂੰ ਤੇ ਘੋਟਾ ਲਾਉਣ ਦੀ ਥਾਂ ਅਲੋਚਨਾਤਮਕ ਚਿੰਤਨ ਨੂੰ ਵਿਕਸਤ ਕਰੇਗੀ। ਅਜਿਹੀ ਸਿੱਖਿਆ ਹੀ ਬੱਚਿਆਂ ਉੱਪਰ ਬੋਝ ਬਣਨ ਦੀ ਥਾਂ ਉਹਨਾਂ ਦੀ ਦਿਲਚਸਪੀ ਦਾ ਕੇਂਦਰ ਬਣ ਸਕਦੀ ਹੈ।

6) **ਸਿੱਖਿਆ ਨੂੰ ਪੈਦਾਵਾਰੀ ਕਿਰਤ ਨਾਲ ਜੋੜਿਆ ਜਾਣਾ ਚਾਹੀਦਾ ਹੈ:** ਅੱਜ ਦੀ ਸਿੱਖਿਆ ਪ੍ਰਣਾਲੀ, ਵਿਦਿਆਰਥੀਆਂ ਵਿੱਚ ਬੌਧਿਕਤਾ ਦਾ ਨਕਲੀ ਹੰਕਾਰ ਭਰਦੀ ਹੈ। ਇਹ ਸਰੀਰਕ ਕਿਰਤ ਪ੍ਰਤੀ ਹੀਣਤਾ ਤੇ ਨਫ਼ਰਤ ਪੈਦਾ ਕਰਦੀ ਹੈ ਤੇ ਆਪਣੇ ਆਲੇ-ਦੁਆਲੇ ਦੇ ਸੰਸਾਰ ਨਾਲੋਂ ਤੋੜਦੀ ਹੈ। ਇੰਝ ਇਹ ਸਰੀਰਕ ਕਿਰਤ ਕਰਨ ਵਾਲੇ ਨੂੰ ਮਾਨਸਿਕ ਕਿਰਤ ਕਰਨ ਵਾਲੇ ਤੋਂ ਹੀਣਾ ਦੱਸਦੀ ਹੈ ਸਰੀਰਕ ਕਿਰਤ ਕਰਨ ਵਾਲਿਆਂ ਪ੍ਰਤੀ ਨਫ਼ਰਤ ਭਰਦੀ ਹੈ। ਕਿਰਤ ਮਨੁੱਖ ਦੇ ਸਮਾਜਿਕ ਜੀਵਨ ਦਾ ਅਧਾਰ ਹੈ ਤੇ ਇਸ ਕਰਕੇ ਕਿਰਤੀ ਲੋਕ ਸਮਾਜ ਦਾ ਧੁਰਾ ਬਣਦੇ ਹਨ। ਵਿਦਿਆਰਥੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਰੋਜ਼ਾਨਾ ਜ਼ਿੰਦਗੀ ਨੂੰ ਲੀਹ ਉੱਤੇ ਤੋਰਨ ਲਈ ਜ਼ਰੂਰੀ ਚੀਜ਼ਾਂ ਜਿਵੇਂ ਆਟਾ, ਸਬਜ਼ੀਆਂ, ਫ਼ਲ, ਦੁੱਧ, ਕੱਪੜੇ ਤੇ ਕਿਤਾਬਾਂ ਆਦਿ ਕਿਵੇਂ ਬਣਕੇ ਉਹਨਾਂ ਦੇ ਹੱਥਾਂ ਤੱਕ ਪਹੁੰਚਦੀਆਂ ਹਨ। ਇਹਦੇ ਲਈ ਉਹਨਾਂ ਨੂੰ ਅਜਿਹੀ ਪੈਦਾਵਾਰੀ ਕਿਰਤ ਨਾਲ ਵੀ ਜੋੜਨਾ ਚਾਹੀਦਾ ਹੈ। ਕਿਰਤ ਨਾਲ ਜੁੜਕੇ ਉਹਨਾਂ ਦਾ ਚਿੰਤਨ ਵਧੇਰੇ ਠੋਸ ਹੁੰਦਾ ਹੈ, ਸਮਝ ਵਿਸ਼ਾਲ ਹੁੰਦੀ ਹੈ, ਸੰਵੇਦਨਾ ਡੂੰਘੀ ਹੁੰਦੀ ਹੈ ਅਤੇ ਉਹ ਕਿਰਤ ਤੇ ਕਿਰਤੀਆਂ ਦਾ ਮਹੱਤਵ ਪਛਾਨਣਾ ਸਿੱਖਦੇ ਹਨ ਤੇ ਸਮਾਜ ਵਿੱਚ ਉਪਯੋਗੀ ਭੂਮਿਕਾ ਨਿਭਾਉਂਦੇ ਹਨ।

ਇਹ ਬਦਲਵੇਂ ਵਿੱਦਿਅਕ ਢਾਂਚੇ ਦੀ ਇੱਕ ਸੰਖੇਪ ਰੂਪ-ਰੇਖਾ ਹੈ। ਇਹ ਵਿੱਦਿਅਕ ਢਾਂਚਾ ਕੋਈ ਹਕੀਕਤ ਤੋਂ ਟੁੱਟੀ ਕਲਪਨਾ ਨਹੀਂ ਹੈ ਸਗੋਂ ਅਜਿਹਾ ਵਿੱਦਿਅਕ ਢਾਂਚਾ ਪੂਰੀ ਤਰ੍ਹਾਂ ਸੰਭਵ ਹੈ। ਜਿਸ ਸਮਾਜਿਕ-ਰਾਜਨੀਤਕ ਪ੍ਰਬੰਧ ਦੇ ਕੇਂਦਰ ਵਿੱਚ ਮੁੱਠੀ ਭਰ ਸਰਮਾਏਦਾਰਾਂ ਦੇ ਹਿੱਤਾਂ ਦੀ ਥਾਂ ਬਹੁਗਿਣਤੀ ਕਿਰਤੀ ਲੋਕ ਹੋਣ ਉਸ ਦਾ ਵਿੱਦਿਅਕ ਢਾਂਚਾ ਅਜਿਹਾ ਹੀ ਹੋਵੇਗਾ।

ਸਾਬਕਾ ਸਮਾਜਵਾਦੀ ਮੁਲਕਾਂ ਦਾ ਵਿੱਦਿਅਕ ਢਾਂਚਾ ਅਜਿਹਾ ਹੀ ਰਿਹਾ ਹੈ ਜਿਸਨੇ ਨਾ ਸਿਰਫ ਵੱਡੇ ਤੇ ਪਛੜੇ ਮੁਲਕਾਂ ਵਿੱਚ ਅਨਪੜ੍ਹਤਾ ਨੂੰ ਖਤਮ ਕੀਤਾ ਸਗੋਂ ਸਮੁੱਚੀ ਵਸੋਂ ਨੂੰ ਮੁਫ਼ਤ, ਲਾਜ਼ਮੀ ਤੇ ਇੱਕਸਾਰ ਸਿੱਖਿਆ ਦਾ ਹੱਕ ਵੀ ਦਿੱਤਾ। ਉਸ ਵਿੱਦਿਅਕ ਢਾਂਚੇ ਨੇ ਚੰਗੀਆਂ ਮਨੁੱਖੀ ਕਦਰਾਂ-ਕੀਮਤਾਂ ਵਾਲੇ ਇਨਸਾਨ ਤਿਆਰ ਕੀਤੇ ਤੇ ਨਾਲ ਹੀ ਸਮਾਜ ਦੇ ਵੱਖ-ਵੱਖ ਖੇਤਰਾਂ ਵਿੱਚ ਕਾਰਨਾਮੇ ਕਰਨ ਵਾਲੇ ਵਿਗਿਆਨੀ, ਇੰਜੀਨੀਅਰ, ਡਾਕਟਰ, ਕਲਾਕਾਰ ਤੇ ਸਾਹਿਤਕਾਰ ਆਦਿ ਵੀ ਪੈਦਾ ਕੀਤੇ ਹਨ।

ਮੌਜੂਦਾ ਵਿੱਦਿਅਕ ਢਾਂਚੇ ਦੀਆਂ ਕਮੀਆਂ ਬਾਰੇ ਗੱਲ ਕਰਦਿਆਂ ਸਾਨੂੰ ਅਜਿਹੇ ਬਦਲਵੇਂ ਵਿੱਦਿਅਕ ਢਾਂਚੇ ਦੀ ਸਥਾਪਨਾ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

---

# ਸੁੱਚੇ ਹੱਥ

ਲਿਖਤ : ਸੁਖਮੰਦਰ ਪੁੰਨੀ, ਸੰਪਰਕ: 98157-88001

ਮੱਘਰ ਸਿੰਘ ਨੂੰ ਸਵੇਰ ਦੀ ਬਹੁਤ ਭੁੱਖ ਲੱਗੀ ਹੋਈ ਸੀ। ਜ਼ਿਆਦਾਤਰ ਹਰ ਰੋਜ਼ ਕੰਮ 'ਤੇ ਜਾਣ ਲੱਗਾ ਉਹ ਨਾਲ ਲੱਗਦੇ ਡੇਰੇ ਤੋਂ ਹੀ ਲੰਗਰ ਛਕ ਕੇ ਜਾਂਦਾ ਸੀ ਕਿਉਂਕਿ ਉਸ ਦਾ ਕੋਈ ਨਹੀਂ ਸੀ। ਇਕੱਲਾ ਹੀ ਘਰ ਵਿਚ ਰਹਿੰਦਾ ਸੀ। ਡੇਰੇ ਦੇ ਲੰਗਰ ਹਾਲ ਵਿਚ ਆ ਕੇ ਮੱਘਰ ਨੇ ਦੇਖਿਆ ਕਿ ਸੇਵਾਦਾਰ ਦੇ ਹੱਥ 'ਚ ਮੋਬਾਈਲ ਫੋਨ ਸੀ ਅਤੇ ਉਹ ਆਪਣੇ ਫੋਨ ਵਿਚ ਗੁਆਚਿਆ ਸੀ। ਮੱਘਰ ਨੇ ਪਹਿਲਾਂ ਤਾਂ ਸੋਚਿਆ ਕਿ ਆਪੇ ਭਾਂਡੇ ਚੁੱਕ ਕੇ ਲੰਗਰ ਖਾਣ ਲਈ ਬੈਠ ਜਾਵੇ, ਪਰ ਫਿਰ ਸੇਵਾਦਾਰ ਨੂੰ ਹੀ ਆਵਾਜ਼ ਦਿੱਤੀ, "ਲੰਗਰ ਛਕਾ ਦਿਉ ਸੇਵਾਦਾਰ ਜੀ।" ਸੇਵਾਦਾਰ ਦਾ ਕੋਈ ਵੀ ਜਵਾਬ ਨਾ ਆਉਣ 'ਤੇ ਮੱਘਰ ਨੇ ਡਰਦਿਆਂ ਡਰਦਿਆਂ ਸੇਵਾਦਾਰ ਕੋਲ ਪਏ ਭਾਂਡੇ ਚੁੱਕਣੇ ਚਾਹੇ। ਹਾਲੇ ਭਾਂਡਿਆਂ ਨੂੰ ਹੱਥ ਹੀ ਲਗਾਇਆ ਸੀ ਕਿ ਸੇਵਾਦਾਰ ਨੂੰ ਗੁੱਸਾ ਆ ਗਿਆ। ਉਹ ਪੂਰੇ ਤੈਸ਼ ਵਿਚ ਆ ਕੇ ਬੋਲਿਆ, "ਮੈਨੂੰ ਦੱਸ ਦੇ ਮੈਂ ਦੇ ਦਿੰਦਾ ਤੈਨੂੰ ਭਾਂਡੇ। ਭਾਂਡਿਆਂ ਨੂੰ ਹੱਥ ਲਗਾ ਕੇ ਤੂੰ ਸਾਰੇ ਭਾਂਡੇ ਜੂਠੇ ਕਰ ਦਿੱਤੇ, ਆ ਜਾਂਦੇ ਰੋਜ਼ ਸਵੇਰੇ ਸਵੇਰੇ ਮੂੰਹ ਚੱਕ ਕੇ।"

ਸੇਵਾਦਾਰ ਆਪਣਾ ਹੱਥ ਚੁੱਕ ਕੇ ਮੱਘਰ ਦੇ ਮਾਰਨ ਹੀ ਲੱਗਾ ਸੀ ਕਿ ਮੱਘਰ ਨੇ ਕਿਹਾ, "ਨਹੀਂ ਜੀ, ਮੈਂ ਆ ਕੇ ਤੁਹਾਨੂੰ ਆਵਾਜ ਦਿੱਤੀ ਸੀ, ਪਰ ਥੋਨੂੰ ਸੁਣਿਆ ਨਹੀਂ। ਮੇਰੇ ਗ਼ਰੀਬ ਦੇ ਹੱਥ ਭਾਂਡਿਆਂ ਨੂੰ ਲਗਾਉਣ ਨਾਲ ਸਾਰੇ ਜੂਠੇ ਕਿਵੇਂ ਹੋ ਗਏ? ਮੈਂ ਡੇਰੇ ਵਿਚ ਆ ਕੇ ਸਭ ਤੋਂ ਪਹਿਲਾਂ ਥੋਡੇ ਸਾਹਮਣੇ ਹੱਥ ਹੀ ਧੋਤੇ ਆ। ਸਾਡੇ ਮਜ਼ਦੂਰਾਂ ਦੇ ਹੱਥ ਦੇਖਣ ਨੂੰ ਹੀ ਕਾਲੇ ਲੱਗਦੇ ਨੇ ਪਰ ਹੈਨ ਬਿਲਕੁਲ ਸਾਫ਼ ਤੇ ਸੁੱਚੇ।"

ਇਹ ਸੁਣ ਕੇ ਸੇਵਾਦਾਰ ਨੇ ਮੱਘਰ ਵੱਲ ਵਧਾਇਆ ਹੱਥ ਥੱਲੇ ਕਰ ਲਿਆ ਅਤੇ ਉਸ ਨੂੰ ਲੰਗਰ ਛਕਾਉਣ ਲੱਗਾ।

# ਸਿਹਤ ਸੰਸਾਰ



## ਤੰਦਰੁਸਤੀ ਜ਼ਰੂਰੀ ਹੈ ਜ਼ਹਿਰੀਲੇ ਤੱਤਾਂ ਦੀ ਨਿਕਾਸੀ

ਲੇਖਕ : ਡਾ. ਨੀਤੂ ਨਵਾਨੀ

ਸਰੀਰ ਦੀ ਸਫ਼ਾਈ ਅਸੀਂ ਦੋ ਤਰ੍ਹਾਂ ਨਾਲ ਕਰ ਸਕਦੇ ਹਾਂ-ਇਕ ਅੰਦਰੂਨੀ ਅਤੇ ਦੂਜੀ ਬਾਹਰੀ। ਸਰੀਰ ਦੀ ਬਾਹਰੀ ਸਫ਼ਾਈ ਦੇ ਨਾਲ-ਨਾਲ ਅੰਦਰੂਨੀ ਸਫ਼ਾਈ ਵੀ ਬਹੁਤ ਜ਼ਰੂਰੀ ਹੈ। ਕੁਦਰਤ ਨੇ ਸਾਡੇ ਸਰੀਰ ਦੀ ਰਚਨਾ ਇਸ ਤਰ੍ਹਾਂ ਕੀਤੀ ਹੈ ਕਿ ਸਾਡੇ ਸਰੀਰ ਨੂੰ ਜ਼ਹਿਰੀਲੇ ਤੱਤਾਂ ਤੋਂ ਆਪਣੇ-ਆਪ ਛੁਟਕਾਰਾ ਮਿਲ ਜਾਂਦਾ ਹੈ, ਜਿਵੇਂ ਸਰੀਰ ਵਿਚ ਹੰਝੂ, ਪਸੀਨਾ, ਮਲ-ਮੂਤਰ ਦਾ ਬਾਹਰ ਨਿਕਲਣਾ ਪਰ ਇਹ ਸਭ ਸਾਡੇ ਸਰੀਰ ਵਿਚੋਂ ਲੋੜੀਂਦੀ ਮਾਤਰਾ ਵਿਚ ਜ਼ਹਿਰੀਲੇ ਤੱਤਾਂ ਨੂੰ ਬਾਹਰ ਨਹੀਂ ਕੱਢ ਸਕਦੇ ਅਤੇ ਹੌਲੀ-ਹੌਲੀ ਇਹ ਜ਼ਹਿਰ ਸਾਡੇ ਸਰੀਰ ਵਿਚ ਵਧਣ ਲਗਦੇ ਹਨ, ਜਿਸ ਕਾਰਨ ਸਰੀਰ ਵਿਚ ਕਈ ਬਿਮਾਰੀਆਂ ਜਨਮ ਲੈ ਲੈਂਦੀਆਂ ਹਨ।

ਅਸੀਂ ਜੋ ਅਨੇਕਾਂ ਤਰ੍ਹਾਂ ਦੇ ਡੱਬਾਬੰਦ ਭੋਜਨ ਖਾਂਦੇ ਹਾਂ, ਜਿਸ ਅਸ਼ੁੱਧ ਵਾਤਾਵਰਨ ਵਿਚ ਸਾਹ ਲੈਂਦੇ ਹਾਂ, ਉਸ ਨੇ ਅਤੇ ਉੱਨਤ ਪ੍ਰੌਦੋਯੋਗਿਕੀ ਦੀ ਜ਼ਿਆਦਾ ਵਰਤੋਂ ਨੇ ਸਾਡੇ ਸਰੀਰ ਨੂੰ ਅੰਦਰ ਹੀ ਅੰਦਰ ਖੋਖਲਾ ਕਰ ਦਿੱਤਾ ਹੈ। ਤਣਾਅਯੁਕਤ ਹਾਰਮੋਨਸ ਅਤੇ ਚਿੰਤਾਗ੍ਰਸਤ ਰਹਿਣ ਨਾਲ ਸਾਡੇ ਅੰਦਰ ਨਕਾਰਾਤਮਕ ਭਾਵਨਾਵਾਂ ਵਧ ਗਈਆਂ ਹਨ, ਜਿਸ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਸਾਡੀ ਪ੍ਰੇਸ਼ਾਨੀ ਦਾ ਕਾਰਨ ਬਣ ਗਈਆਂ ਹਨ। ਇਨ੍ਹਾਂ ਸਾਰੇ ਕਾਰਨਾਂ ਕਰਕੇ ਸਾਡਾ ਸਰੀਰ ਠੀਕ ਤਰ੍ਹਾਂ ਜ਼ਹਿਰੀਲੇ ਤੱਤਾਂ ਨੂੰ ਕੁਦਰਤੀ ਰੂਪ ਨਾਲ ਬਾਹਰ ਨਹੀਂ ਕੱਢ ਸਕਦਾ ਅਤੇ ਕੁਦਰਤੀ ਡਿਟਾਕਸ ਸਿਸਟਮ (ਨਿਕਾਸੀ ਪ੍ਰਬੰਧ) ਵਿਚ ਰੁਕਾਵਟ ਆ ਜਾਂਦੀ ਹੈ।

ਜ਼ਹਿਰੀਲੇ ਤੱਤਾਂ ਦਾ ਜਮਾਅ ਸਾਡੀਆਂ ਕੋਸ਼ਿਕਾਵਾਂ ਦੀ ਸੰਰਚਨਾ ਅਤੇ ਕਾਰਜ ਸਮਰੱਥਾ ਨੂੰ ਪ੍ਰਭਾਵਿਤ ਕਰਦਾ ਹੈ, ਜਿਸ ਨਾਲ ਥਕਾਨ, ਕਬਜ਼, ਸਰਵਾਈਕਲ, ਮਾਈਗ੍ਰੇਨ, ਗੈਸ, ਚਮੜੀ ਰੋਗ ਆਦਿ ਬਹੁਤ ਛੋਟੀ ਉਮਰ ਵਿਚ ਹੋਣ ਲਗਦੇ ਹਨ। ਚੰਗੀ ਸਿਹਤ ਅਤੇ ਊਰਜਾ ਲਈ ਜ਼ਰੂਰੀ ਹੈ ਕਿ ਅਸੀਂ ਨਿਯਮਤ ਤੌਰ 'ਤੇ ਸਰੀਰ ਦੀ ਸਫ਼ਾਈ ਕਰੀਏ ਅਤੇ ਸੁਚੇਤ ਰਹੀਏ। ਸਾਨੂੰ ਕੋਸ਼ਿਸ਼ ਕਰਕੇ ਜੈਵਿਕ ਖਾਧ ਪਦਾਰਥ ਲੈਣੇ ਚਾਹੀਦੇ ਹਨ। ਸਾਫ਼-ਸਫ਼ਾਈ ਰੱਖਣੀ ਚਾਹੀਦੀ ਹੈ, ਪਾਣੀ ਸ਼ੁੱਧ ਪੀਣਾ ਚਾਹੀਦਾ ਹੈ। ਜਿਨ੍ਹਾਂ ਖਾਧ ਪਦਾਰਥਾਂ ਵਿਚ ਪ੍ਰਿਜ਼ਰਵੇਟਿਵ ਸ਼ਾਮਿਲ ਹੋਣ, ਉਨ੍ਹਾਂ ਦਾ ਸੇਵਨ ਨਹੀਂ ਕਰਨਾ ਚਾਹੀਦਾ ਭਾਵ ਡੱਬਾਬੰਦ, ਪੈਕਟ ਬੰਦ ਖਾਧ ਪਦਾਰਥਾਂ ਦਾ ਸੇਵਨ ਘੱਟ ਤੋਂ ਘੱਟ ਕਰਨਾ ਚਾਹੀਦਾ ਹੈ। ਨਿਯਮਤ ਰੂਪ ਨਾਲ ਯੋਗ, ਧਿਆਨ, ਪ੍ਰਾਣਾਯਾਮ ਅਤੇ ਸ਼ੁੱਧੀ ਕਿਰਿਆਵਾਂ ਕਿਸੇ ਯੋਗ ਮਾਹਿਰਾਂ ਦੀ ਨਿਗਰਾਨੀ ਵਿਚ ਕਰਨੀਆਂ ਚਾਹੀਦੀਆਂ ਹਨ।

ਡਿਟੋਕਸੀਫਿਕੇਸ਼ ਨਾਲ ਸਰੀਰ ਨੂੰ ਆਰਾਮ ਅਤੇ ਪੋਸ਼ਣ ਮਿਲਦਾ ਹੈ। ਹਫਤੇ ਵਿਚ ਇਕ ਦਿਨ ਵਰਤ ਰੱਖੋ, ਜਿਸ ਨਾਲ ਲਗਾਤਾਰ ਕੰਮ ਕਰਨ ਵਾਲੇ ਅੰਗਾਂ ਜਿਵੇਂ ਲਿਵਰ, ਗਾਲ ਬਲੈਡਰ, ਗੁਰਦੇ ਅਤੇ ਪਾਚਣ ਪ੍ਰਣਾਲੀ ਨੂੰ ਆਰਾਮ ਮਿਲ ਸਕੇ। ਕਲੀਨਿੰਗ ਜਾਂ ਡਿਟੋਕਸੀਫਿਕੇਸ਼ ਸ਼ੁੱਧੀਕਰਨ ਕਿਸੇ ਇਕ ਬਿਮਾਰੀ ਜਾਂ ਉਸ ਦੇ ਲੱਛਣਾਂ ਦੇ ਇਲਾਜ 'ਤੇ ਨਹੀਂ, ਸਗੋਂ ਸਰੀਰ ਦੇ ਸਾਰੇ ਅੰਗਾਂ ਵਿਚ ਸੰਤੁਲਨ ਬਣਾਉਂਦੇ ਹੋਏ ਸਰੀਰ ਨੂੰ ਖੁਦ ਬਿਮਾਰੀਆਂ ਤੋਂ ਮੁਕਤ ਕਰਨ ਲਈ ਪ੍ਰੇਰਿਤ ਕਰਦੀ ਹੈ। ਇਹ ਸਰੀਰ ਵਿਚ ਜੰਮੀਆਂ ਜ਼ਹਿਰਾਂ ਨੂੰ ਬਾਹਰ ਕੱਢ ਕੇ ਸਰੀਰ ਨੂੰ ਤੰਦਰੁਸਤ ਬਣਾਉਂਦੀ ਹੈ। ਅਜਿਹਾ ਨਹੀਂ ਹੈ ਕਿ ਤੁਹਾਨੂੰ ਕਲੀਜ਼ਿੰਗ ਥੈਰੇਪੀ ਲਈ ਬਹੁਤ ਜ਼ਿਆਦਾ ਮਿਹਨਤ ਕਰਨੀ ਪਵੇ। ਇਹ ਅਸੀਂ ਆਪਣੇ ਘਰ ਜਾਂ ਰਸੋਈ ਵਿਚ ਉਪਲਬਧ ਚੀਜ਼ਾਂ ਨਾਲ ਵੀ ਕਰ ਸਕਦੇ ਹਾਂ। ਇਸ ਵਾਸਤੇ ਤੁਹਾਨੂੰ ਕਿਸੇ ਡਾਕਟਰ ਕੋਲ ਜਾਣ ਦੀ ਲੋੜ ਨਹੀਂ। ਸਿਰਫ ਥੋੜ੍ਹਾ ਜਿਹਾ ਧਿਆਨ ਦੇ ਕੇ ਅਸੀਂ ਖੁਦ ਸਰੀਰ ਨੂੰ ਅੰਦਰੂਨੀ ਰੂਪ ਨਾਲ ਸ਼ੁੱਧ ਕਰ ਸਕਦੇ ਹਾਂ।

ਆਪਣੇ ਸਰੀਰ ਨੂੰ ਪਿਆਰ ਕਰੋ, ਉਸ ਦੀ ਸੁਣੋ, ਉਸ ਨਾਲ ਗੱਲਾਂ ਕਰੋ ਤਾਂ ਕਿ ਅਸੀਂ ਸਮਝ ਸਕੀਏ ਕਿ ਸਾਡੇ ਸਰੀਰ ਦੀ ਮੰਗ ਕੀ ਹੈ। ਸਰੀਰ ਨੂੰ ਉਹ ਵਾਹਨ ਸਮਝੋ, ਜੋ ਤੁਹਾਨੂੰ ਅੰਤ ਤੱਕ ਸੁਰੱਖਿਅਤ ਰੱਖੇਗਾ। ਇਸ ਲਈ ਸਮੇਂ-ਸਮੇਂ 'ਤੇ ਉਸ ਦੀ ਮੁਰੰਮਤ ਜ਼ਰੂਰੀ ਹੈ। ਜਿਸ ਕੁਦਰਤ ਨੇ ਇਹ ਖੂਬਸੂਰਤ ਸਰੀਰ ਦਿੱਤਾ ਹੈ, ਉਸ ਦੀ ਅਣਦੇਖੀ ਨਾ ਕਰੋ ਅਤੇ ਰੱਬ ਦੁਆਰਾ ਦਿੱਤੀ ਬੁੱਧੀ ਦੀ ਵਰਤੋਂ ਕਰ ਕੇ ਸਰੀਰ ਨੂੰ ਬਚਾ ਕੇ ਰੱਖੋ।

ਸਮੇਂ-ਸਮੇਂ 'ਤੇ ਸਫ਼ਾਈ ਕਰਕੇ ਸਰੀਰ ਵਿਚ ਜਮ੍ਹਾਂ ਜ਼ਹਿਰੀਲੇ ਤੱਤ ਬਾਹਰ ਨਿਕਲਦੇ ਹਨ ਅਤੇ ਸਰੀਰ ਦੇ ਅੰਗ ਸੁਚਾਰੂ ਰੂਪ ਨਾਲ ਕੰਮ ਕਰਦੇ ਹਨ। ਜਿਸ ਦਿਨ ਸ਼ੁੱਧੀਕਰਨ ਕਰੋ, ਉਸ ਦਿਨ ਤਰਲ ਖੁਰਾਕ ਲਓ, ਜਿਵੇਂ ਨਿੰਬੂ ਪਾਣੀ, ਲੱਸੀ, ਤਾਜ਼ੇ ਫਲਾਂ ਦਾ ਰਸ, ਸਬਜ਼ੀਆਂ ਦਾ ਰਸ, ਹਲਕੀ-ਪਤਲੀ ਖਿਚੜੀ, ਦਲੀਆ ਆਦਿ। ਯੋਗ, ਪ੍ਰਾਣਾਯਾਮ ਨਾਲ ਆਪਣੇ-ਆਪ ਨੂੰ ਸ਼ੁੱਧ ਕਰ ਸਕਦੇ ਹੋ। ਸ਼ੰਖ ਪ੍ਰਕਸ਼ਾਲਣ, ਅਨਿਮਾ ਅਤੇ ਸ਼ੁੱਧੀ ਕਿਰਿਆਵਾਂ ਜਿਵੇਂ ਕੁੰਜਲ, ਜਲਨੇਤੀ, ਰਬੜ ਨੇਤੀ, ਨੇਤਰ ਇਸ਼ਨਾਨ ਆਦਿ ਨਾਲ ਆਪਣੇ-ਆਪ ਨੂੰ ਨਿਰੋਗੀ ਬਣਾ ਸਕਦੇ ਹੋ।

ਕੁਝ ਲੋਕਾਂ 'ਤੇ ਕੀਤੇ ਗਏ ਪ੍ਰਯੋਗ ਨਾਲ ਸਾਹਮਣੇ ਆਇਆ ਹੈ ਕਿ ਮਹੀਨੇ ਵਿਚ ਇਕ ਵਾਰ ਕੁੰਜਲ, ਹਫਤੇ ਵਿਚ ਇਕ ਵਾਰ ਅਨਿਮਾ ਅਤੇ ਜਲ ਨੇਤੀ, ਰਬੜ ਨੇਤੀ, ਨੇਤਰ ਇਸ਼ਨਾਨ ਹਰ ਰੋਜ਼ ਕਰਨ ਨਾਲ ਤੁਹਾਨੂੰ ਬਹੁਤ ਲਾਭ ਮਿਲੇਗਾ। ਤੁਹਾਡਾ ਊਰਜਾ ਪੱਧਰ ਵਧੇਗਾ, ਥਕਾਨ, ਕਮਜ਼ੋਰੀ ਘੱਟ ਹੋਵੇਗੀ। ਸਾਕਾਰਾਤਮਿਕ ਦ੍ਰਿਸ਼ਟੀਕੋਣ ਦਾ ਵਿਕਾਸ ਹੋਵੇਗਾ। ਇਸ ਲਈ ਸੱਚ ਕਿਹਾ ਹੈ 'ਜ਼ਿੰਦਗੀ ਨਾ ਮਿਲੇਗੀ ਦੁਬਾਰਾ।' ਇਸ ਦਾ ਧਿਆਨ ਰੱਖ ਕੇ ਜਿਊਣ ਦਾ ਪੂਰਾ ਮਜ਼ਾ ਲਓ।

## ਤਾਜ਼ਾ ਸਬਜ਼ੀਆਂ ਉਗਾਓ ਸਿਹਤਮੰਦ ਰਹੋ

ਲੇਖਕ : ਸੀਤਾਰਾਮ ਗੁਪਤਾ



ਫਲ-ਬੂਟਿਆਂ ਨੂੰ ਉਗਾਉਣਾ ਨਾ ਸਿਰਫ ਵਾਤਾਵਰਨ ਪ੍ਰਦੂਸ਼ਣ ਨੂੰ ਸੋਖ ਕੇ ਸਾਨੂੰ ਸਾਫ਼-ਸੁਥਰਾ ਵਾਤਾਵਰਨ ਮੁਹੱਈਆ ਕਰਾਉਂਦਾ ਹੈ, ਸਗੋਂ ਸਾਡੀ ਤਣਾਅ, ਮਾੜੀ ਚਿੰਤਾ, ਗੁੱਸੇ ਅਤੇ ਨਫ਼ਰਤ ਵਰਗੇ ਨਕਾਰਾਤਮਿਕ ਮਨੋਭਾਵਾਂ ਨੂੰ ਆਪਣੇ ਵਿਚ ਸੋਖ ਕੇ ਸਾਨੂੰ ਸਕਾਰਾਤਮਿਕ ਊਰਜਾ ਅਤੇ ਮਨੋਭਾਵਾਂ ਨਾਲ ਓਤ-ਪੋਤ ਕਰ ਦਿੰਦਾ ਹੈ। ਬੂਟਿਆਂ ਨੂੰ ਉਗਾਉਣਾ, ਉਨ੍ਹਾਂ ਦੀ ਦੇਖਭਾਲ ਕਰਨੀ ਅਤੇ ਉਨ੍ਹਾਂ ਦੀ ਪੈਦਾਵਰ ਤੋਂ ਲਾਭ ਕਮਾਉਣਾ ਇਕ ਵਪਾਰ ਹੋ ਸਕਦਾ ਹੈ ਪਰ ਇਹ ਇਕ ਰਚਨਾਤਮਿਕ ਕੰਮ ਵੀ ਹੈ। ਖ਼ਾਸ ਤੌਰ 'ਤੇ ਸ਼ੌਕੀਆ ਬਾਗ਼ਵਾਨੀ ਜਾਂ ਗਮਲਿਆਂ ਵਿਚ ਬੂਟੇ ਉਗਾਉਣ ਅਤੇ ਰਚਨਾਤਮਿਕ ਕੰਮ ਨਾਲ ਨਾ ਸਿਰਫ ਸਾਡੀ ਊਰਜਾ ਦੇ ਪੱਧਰ ਵਿਚ ਵਾਧਾ ਹੁੰਦਾ ਹੈ, ਸਗੋਂ ਜੀਵਨ ਦੇ ਹੋਰ ਖੇਤਰਾਂ ਵਿਚ ਵੀ ਸਾਡੀ ਤਾਕਤ ਅਤੇ ਕੰਮ ਕਰਨ ਦੀ ਸਮਰਥਾ ਵਿਚ ਵਾਧਾ ਹੁੰਦਾ ਹੈ। ਜਦੋਂ ਨਿਰਾਸ਼ਤਾ ਭਾਰੂ ਹੋ ਜਾਵੇ, ਨਿਰਾਸ਼ਾ ਨਾਲ ਨੀਂਦ ਨਾ ਆਵੇ ਅਤੇ ਉਦਾਸੀ ਦਾ ਅੰਤ ਨਾ ਹੋਵੇ ਤਾਂ ਇਸ ਤਰ੍ਹਾਂ ਹੋਣ 'ਤੇ ਸਰੀਰ ਦੇ ਤਣੇ ਹੋਏ ਤੰਤੂਆਂ ਨੂੰ ਤਣਾਅਮੁਕਤ ਕਰਨ ਲਈ ਤੇ ਮਨ-ਦਿਮਾਗ ਨੂੰ ਸ਼ਾਂਤ ਕਰਨ ਅਤੇ ਸ਼ਾਂਤ ਰੱਖਣ ਲਈ ਮਨੋਵਿਗਿਆਨੀ ਹੁਣ ਖੇਤੀਬਾੜੀ ਅਤੇ ਬਾਗ਼ਬਾਨੀ ਕਰਨ ਦੀ ਸਲਾਹ ਦਿੰਦੇ ਹਨ। ਬੀਜਾਂ ਦਾ ਪੁੰਗਰਨਾ, ਕਲਮਾਂ ਦੀਆਂ ਗੰਢਾਂ ਤੋਂ ਪੱਤੀਆਂ ਦਾ ਵਿਕਸਿਤ ਹੋਣਾ, ਬੂਟਿਆਂ ਦਾ ਵਧਣਾ, ਨਿਰੰਤਰ ਨਵੇਂ-ਨਵੇਂ ਪੱਤਿਆਂ ਦਾ ਆਉਣਾ ਅਤੇ ਉਨ੍ਹਾਂ ਦੇ ਰੰਗ ਵਿਚ ਬਦਲਾਅ ਹੋਣਾ, ਕਲੀਆਂ ਦਾ ਦ੍ਰਿਸ਼ਟੀਗੋਚਰ ਹੋਣਾ ਅਤੇ ਫੁੱਲਾਂ ਦਾ ਖਿੜਨਾ ਇਹ ਸਭ ਇਸ ਤਰ੍ਹਾਂ ਦੀਆਂ ਕਿਰਿਆਵਾਂ ਹਨ, ਜਿਨ੍ਹਾਂ ਨੂੰ ਦੇਖਣਾ ਸਾਨੂੰ ਕੁਦਰਤ ਨਾਲ ਜੋੜ ਕੇ ਸਾਡੇ ਵਿਚ ਇਕ ਨਵੀਂ ਚੁਸਤੀ ਤੇ ਇਕ ਨਵੀਂ ਚੇਤਨਾ ਭਰ ਦਿੰਦਾ ਹੈ।

ਸਰਦੀਆਂ ਵਿਚ ਰੁੰਡ-ਮੁਰੰਡ ਹੋਏ ਬੂਟਿਆਂ 'ਤੇ ਜਦੋਂ ਬਸੰਤ ਦੇ ਮੌਸਮ ਵਿਚ ਉਨ੍ਹਾਂ ਦੀਆਂ ਗੰਢਾਂ ਉੱਗਣ ਲਗਦੀਆਂ ਹਨ, ਫਲ-ਪੱਤਿਆਂ ਨਾਲ ਆਪਣਾ ਰੰਗ ਬਿਖੇਰਨ ਲਗਦਾ ਹੈ ਤਾਂ ਉਸ ਨੂੰ ਦੇਖ ਕੇ ਸਾਡਾ ਮਨ ਵੀ ਪ੍ਰਸੰਨ ਹੋਣ ਲਗਦਾ ਹੈ। ਸਾਡੀ ਕਲਪਨਾਸ਼ੀਲਤਾ ਦਾ ਵਿਕਾਸ ਹੁੰਦਾ ਹੈ ਅਤੇ ਰਚਨਾਤਮਿਕਤਾ ਦੇ ਪੱਧਰ ਵਿਚ ਵਾਧਾ ਹੁੰਦਾ ਹੈ। ਮਨ ਖੁਸ਼ ਹੋਣ ਲਗਦਾ ਹੈ।

ਮਨ ਖੁਸ਼ ਹੋਵੇ ਤਾਂ ਤਨ ਦੇ ਖੁਸ਼ ਭਾਵ ਸਿਹਤਮੰਦ ਹੋਣ ਵਿਚ ਦੇਰ ਨਹੀਂ ਲਗਦੀ। ਕੁਦਰਤ ਆਪਣੇ ਨਵੇਂ-ਨਵੇਂ ਰੂਪਾਂ ਵਿਚ ਪੈਦਾ ਹੋਣ ਲਗਦੀ ਹੈ। ਕੁਦਰਤ ਦੀ ਇਸ ਅਨੋਖੀ ਰਚਨਾਤਮਕਤਾ ਨੂੰ ਦੇਖ ਕੇ ਅਸੀਂ ਖੁਦ ਰਚਨਾਤਮਿਕ ਹੋਣ ਲਗਦੇ ਹਾਂ। ਇਕ ਕਲਾਕਾਰ ਬਣ ਜਾਂਦੇ ਹਾਂ ਅਤੇ ਦੁਬਾਰਾ ਦੁੱਗਣੀ ਸ਼ਕਤੀ ਨਾਲ ਬੂਟਿਆਂ ਦੀ ਦੇਖਭਾਲ ਕਰਨ 'ਚ ਲੱਗ ਜਾਂਦੇ ਹਾਂ।

ਬੂਟਿਆਂ ਦੀ ਦੇਖਭਾਲ, ਕਾਂਟ-ਛਾਂਟ, ਠੀਕ ਮਾਤਰਾ ਵਿਚ ਖਾਦ-ਪਾਣੀ ਦੇਣਾ, ਉਨ੍ਹਾਂ ਨੂੰ ਸਲੀਕੇ ਨਾਲ ਰੱਖਣਾ ਅਤੇ ਸਜਾਉਣਾ-ਸੰਵਾਰਨਾ ਸਾਡੇ ਖੁਦ ਦੇ ਅੰਦਰ ਇਕ ਚੰਗੀ ਵਿਵਸਥਾ ਨੂੰ ਪੈਦਾ ਕਰ ਦਿੰਦਾ ਹੈ। ਅਸੀਂ ਆਪਣੇ ਜੀਵਨ ਵਿਚ ਜ਼ਿਆਦਾ ਤੋਂ ਜ਼ਿਆਦਾ ਰੁੱਝੇ ਰਹਿਣ ਲਗਦੇ ਹਾਂ ਅਤੇ ਇਸ ਸਭ ਦਾ ਸਾਡੀ ਸਿਹਤ 'ਤੇ ਹਾਂਪੱਖੀ ਪ੍ਰਭਾਵ ਪੈਂਦਾ ਹੈ। ਬੂਟਿਆਂ ਦੀ ਕਾਂਟ-ਛਾਂਟ ਜਾਂ ਪਰੂਨਿੰਗ ਅਤੇ ਉਸ ਤੋਂ ਬਾਅਦ ਨਵੀਆਂ-ਨਵੀਆਂ ਕੋਂਪਲਾਂ ਦਾ ਵਿਕਸਿਤ ਹੋਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਅਸੀਂ ਆਪਣੇ ਮਨ ਵਿਚ ਸਮਾਏ ਨਕਾਰਾਤਮਿਕ ਅਤੇ ਅਣਉਪਯੋਗੀ ਵਿਚਾਰਾਂ ਤੋਂ ਮੁਕਤ ਹੋ ਕੇ ਉਨ੍ਹਾਂ ਦੀ ਥਾਂ 'ਤੇ ਉਪਯੋਗੀ ਤੇ ਸਕਾਰਾਤਮਿਕ ਵਿਚਾਰਾਂ ਨੂੰ ਗ੍ਰਹਿਣ ਕਰਨ ਲਈ ਤਤਪਰ ਹਾਂ। 'ਯੋਗ' ਵਿਚ ਵਰਣਿਤ ਯਗ ਅਤੇ ਨਿਯਮ ਦੀ ਤਰ੍ਹਾਂ ਜੀਵਨ ਵਿਚ ਸਕਾਰਾਤਮਿਕ ਦ੍ਰਿਸ਼ਟੀਕੋਣ ਦੇ ਵਿਕਾਸ ਲਈ ਇਹ ਜ਼ਰੂਰੀ ਹੈ। ਜੇਕਰ ਬਾਗ਼ਬਾਨੀ ਦੇ ਰੂਪ ਵਿਚ ਇਸ ਕੁਦਰਤੀ ਸੁੰਦਰਤਾ ਦਾ ਨਿਰਮਾਣ ਅਸੀਂ ਖੁਦ ਕਰਦੇ ਹਾਂ ਤਾਂ ਸਾਨੂੰ ਜ਼ਿਆਦਾ ਆਨੰਦ ਆਉਂਦਾ ਹੈ। ਅਸੀਂ ਆਪਣੇ ਰਹਿਣ ਵਾਲੇ ਕਮਰੇ ਵਿਚ ਬਨਾਉਟੀ ਬੂਟਿਆਂ ਦੀ ਥਾਂ ਜੇਕਰ ਅਸਲੀ ਬੂਟੇ ਰੱਖਦੇ ਹਾਂ ਸਾਡੇ ਪੂਰੇ ਪਰਿਵਾਰ ਦੀ ਸਿਹਤ ਅਤੇ ਚਿੰਤਨ 'ਤੇ ਇਸ ਦਾ ਅਤਿ ਸਕਾਰਾਤਮਿਕ ਪ੍ਰਭਾਵ ਪੈਂਦਾ ਹੈ। ਇਸ ਨਾਲ ਸਾਨੂੰ ਨਾ ਸਿਰਫ਼ ਕੁਦਰਤੀ ਵਾਤਾਵਰਨ ਮਿਲਦਾ ਹੈ, ਸਗੋਂ ਆਕਸੀਜਨ ਦੇ ਰੂਪ ਵਿਚ ਜ਼ਿਆਦਾ ਮਾਤਰਾ ਵਿਚ ਜੀਵਨ ਬਿਤਾਉਣ ਲਈ ਊਰਜਾ ਵੀ ਹਾਸਲ ਹੁੰਦੀ ਹੈ। ਸਾਡੀ ਸ਼ਕਤੀ ਅਤੇ ਊਰਜਾ ਦੇ ਪੱਧਰ ਵਿਚ ਵਾਧੇ ਦਾ ਸਿੱਧਾ ਜਿਹਾ ਅਰਥ ਹੈ ਸਾਡਾ ਜ਼ਿਆਦਾ ਤੋਂ ਜ਼ਿਆਦਾ ਸਿਹਤਮੰਦ ਅਤੇ ਉਤਸ਼ਾਹੀ ਹੋਣਾ।

ਜੰਗਲੀ ਘਾਹ-ਬੂਟੀਆਂ ਦੀ ਕਾਂਟ-ਛਾਂਟ ਨਾਲ ਉਦਾਸੀ ਘੱਟ ਹੁੰਦੀ ਹੈ ਅਤੇ ਹਰ ਰੋਜ਼ ਹਰਿਆਲੀ ਅਤੇ ਬੂਟੇ ਵਧਦੇ ਦੇਖ ਕੇ ਨਿਰਾਸ਼ਾ ਦੂਰ ਹੋ ਜੀਵਨ ਪ੍ਰਤੀ ਆਸ਼ਾ ਅਤੇ ਉਤਸ਼ਾਹ ਦਾ ਸੰਚਾਰ ਹੁੰਦਾ ਹੈ। ਕੁਦਰਤ ਨਾਲ ਨੇੜਤਾ ਕਰ ਕੇ ਜ਼ਿਆਦਾ ਤੋਂ ਜ਼ਿਆਦਾ ਅਨੰਦ ਦੀ ਪ੍ਰਾਪਤੀ ਕਰਨ ਨਾਲ ਪੂਰੀ ਤਰ੍ਹਾਂ ਸਿਹਤਮੰਦ ਅਤੇ ਉਤਸ਼ਾਹੀ ਬਣੇ ਰਹਿਣ ਲਈ ਅੱਜ ਹੀ ਬਾਗ਼ਬਾਨੀ ਨੂੰ ਆਪਣੀ ਜੀਵਨ ਸ਼ੈਲੀ ਦਾ ਜ਼ਰੂਰੀ ਅੰਗ ਬਣਾ ਲਓ।

## ਜੇ ਦਫ਼ਤਰ ਵਿਚ ਆਉਂਦੀ ਹੈ ਨੀਂਦ...



ਕਈ ਵਾਰ ਦਫ਼ਤਰ ਵਿਚ ਦੁਪਹਿਰ ਦੇ ਖਾਣੇ ਤੋਂ ਥੋੜ੍ਹੀ ਦੇਰ ਬਾਅਦ ਹੀ ਨੀਂਦ ਆਉਣ ਲਗਦੀ ਹੈ। ਅਸਲ ਵਿਚ ਜਿਵੇਂ ਹੀ ਤੁਸੀਂ ਭੋਜਨ ਕਰਦੇ ਹੋ, ਖੂਨ ਵਿਚ ਸ਼ੂਗਰ ਦੀ ਮਾਤਰਾ ਵਧ ਜਾਂਦੀ ਹੈ, ਜੋ ਤਕਰੀਬਨ ਇਕ ਘੰਟੇ ਬਾਅਦ ਘਟਣ ਲਗਦੀ ਹੈ, ਜਿਸ ਨਾਲ ਤੁਹਾਡੀ ਊਰਜਾ ਓਨੀ ਕਾਰਗਰ ਨਹੀਂ ਰਹਿੰਦੀ ਅਤੇ ਤੁਹਾਨੂੰ ਨੀਂਦ ਆਉਣ ਲਗਦੀ ਹੈ। ਦੁਪਹਿਰ ਦੇ ਭੋਜਨ ਤੋਂ ਬਾਅਦ ਨੀਂਦ ਨਾ ਆਏ, ਇਸ ਲਈ ਤੁਸੀਂ ਕੁਝ ਉਪਾਅ ਕਰ ਸਕਦੇ ਹੋ।

**ਹਲਕੀ ਕਸਰਤ ਕਰੋ** : ਸਰੀਰਕ ਤੌਰ 'ਤੇ ਸਰਗਰਮ ਰਹਿਣ ਨਾਲ ਖੂਨ ਦਾ ਸੰਚਾਰ ਸਹੀ ਰਹਿੰਦਾ ਹੈ ਅਤੇ ਹਰ ਨਾੜੀ ਅਤੇ ਮਾਸਪੇਸ਼ੀ ਨੂੰ ਸਹੀ ਮਾਤਰਾ ਵਿਚ ਆਕਸੀਜਨ ਮਿਲਦੀ ਹੈ। ਇਸ ਨਾਲ ਤੁਹਾਡੇ ਸਰੀਰ ਦੀ ਊਰਜਾ ਬਣੀ ਰਹਿੰਦੀ ਹੈ ਅਤੇ ਨੀਂਦ ਨਹੀਂ ਆਉਂਦੀ। ਇਸ ਲਈ ਦੁਪਹਿਰ ਦੇ ਭੋਜਨ ਤੋਂ ਬਾਅਦ ਸਟ੍ਰੈੱਚ ਕਰੋ। ਥੋੜ੍ਹੀਆਂ ਬਹੁਤ ਪੌੜੀਆਂ ਚੜ੍ਹੋ ਜਾਂ ਦਫ਼ਤਰ ਦੀ ਇਮਾਰਤ ਦੇ ਚਾਰੇ ਪਾਸੇ ਇਕ ਚੱਕਰ ਹੀ ਲਗਾ ਲਓ।

**ਜ਼ਿਆਦਾ ਪਾਣੀ ਪੀਓ** : ਸਰੀਰ ਵਿਚ ਪਾਣੀ ਦੀ ਕਮੀ ਥਕਾਵਟ, ਮੂਡ ਖ਼ਰਾਬ ਹੋਣ ਵਰਗੀਆਂ ਚੀਜ਼ਾਂ ਦਾ ਕਾਰਨ ਬਣਦੀ ਹੈ। ਆਪਣੇ ਦਿਨ ਦੀ ਸ਼ੁਰੂਆਤ ਇਕ ਗਿਲਾਸ ਪਾਣੀ ਪੀ ਕੇ ਕਰੋ, ਕਿਉਂਕਿ ਸਾਰੀ ਰਾਤ ਪਾਣੀ ਨਾ ਪੀਣ ਕਾਰਨ ਉਂਜ ਹੀ ਤੁਹਾਡੇ ਸਰੀਰ ਵਿਚ ਪਾਣੀ ਦੀ ਕਮੀ ਹੋ ਜਾਂਦੀ ਹੈ। ਪੂਰਾ ਦਿਨ ਪਾਣੀ ਜਾਂ ਹੋਰ ਤਰਲ ਪਦਾਰਥ ਲੈਣ ਦੀ ਕੋਸ਼ਿਸ਼ ਕਰਦੇ ਰਹੋ।

**ਮਨਪਸੰਦ ਸੰਗੀਤ ਸੁਣੋ** : ਸੰਗੀਤ ਸੁਣਨ ਨਾਲ ਕੰਮ ਕਰਨ ਦੀ ਸਮਰੱਥਾ ਵਧਦੀ ਹੈ। ਇਕ ਖੋਜ ਅਨੁਸਾਰ 56 ਲੋਕਾਂ ਨੂੰ ਕੰਮ ਦੇ ਘੰਟਿਆਂ ਦੌਰਾਨ ਸੰਗੀਤ ਸੁਣਵਾਇਆ ਗਿਆ। ਜਦੋਂ ਉਨ੍ਹਾਂ ਲੋਕਾਂ ਨੇ ਸੰਗੀਤ ਨਹੀਂ ਸੁਣਿਆ ਤਾਂ ਉਨ੍ਹਾਂ ਦੇ ਕੰਮ ਕਰਨ ਦੀ ਗੁਣਵੱਤਾ ਕਾਫੀ ਘੱਟ ਸੀ ਅਤੇ ਉਨ੍ਹਾਂ ਨੂੰ ਕੰਮ ਪੂਰਾ ਕਰਨ ਵਿਚ ਕਾਫੀ ਸਮਾਂ ਲੱਗਾ। ਉਥੇ ਹੀ ਸੰਗੀਤ ਸੁਣਦਿਆਂ ਕੰਮ ਪੂਰੀ ਗੁਣਵੱਤਾ ਅਤੇ ਸਮੇਂ ਸਿਰ ਹੋਇਆ।

**ਘੱਟ ਖਾਓ** : ਜ਼ਿਆਦਾ ਖਾਣਾ ਪਾਚਨ ਪ੍ਰਕਿਰਿਆ ਨੂੰ ਹੌਲੀ ਕਰ ਦਿੰਦਾ ਹੈ। ਪੇਟ ਵਿਚ ਗੈਸ ਬਣਨ ਲਗਦੀ ਹੈ ਅਤੇ ਬੇਚੈਨੀ ਵੀ ਹੁੰਦੀ ਹੈ। ਇਸ ਲਈ ਘਰੋਂ ਛੋਟੇ ਡੱਬੇ ਵਿਚ ਜਾਂ ਟਿਫਿਨ ਵਿਚ ਭੋਜਨ ਲਿਆਓ। ਚਿਪਸ ਅਤੇ ਫਰਾਈਜ਼ ਦੀ ਥਾਂ 'ਤੇ ਫਲ ਅਤੇ ਸਬਜ਼ੀਆਂ ਖਾਓ। ਭੋਜਨ ਕਰਨ ਤੋਂ ਬਾਅਦ 20 ਮਿੰਟ ਤੱਕ ਇੰਤਜ਼ਾਰ ਕਰੋ। ਅਸਲ ਵਿਚ ਦਿਮਾਗ ਨੂੰ ਪੇਟ ਨੂੰ ਭਰਨ ਦਾ ਸੰਕੇਤ ਦੇਣ ਵਿਚ 20 ਮਿੰਟ ਲਗਦੇ ਹਨ।

**ਪੂਰੀ ਨੀਂਦ ਜ਼ਰੂਰੀ** : ਯਾਦ ਰੱਖੋ, ਜੇ ਤੁਹਾਡੀ ਰਾਤ ਦੀ ਨੀਂਦ ਪੂਰੀ ਨਾ ਹੋਈ ਤਾਂ ਦਿਨ ਵਿਚ ਤੁਹਾਨੂੰ ਨੀਂਦ ਆਏਗੀ ਹੀ। ਰਾਤ ਨੂੰ 7 ਤੋਂ 8 ਘੰਟੇ ਤੱਕ ਸੌਵੋਂ। ਰਾਤ ਨੂੰ ਨੀਂਦ ਦੀ ਕਮੀ ਕਾਰਨ ਦੁਪਹਿਰ ਨੂੰ ਨੀਂਦ ਆਉਂਦੀ ਹੈ। ਨੀਂਦ ਪੂਰੀ ਨਾ ਹੋਣ ਕਾਰਨ ਤੁਹਾਨੂੰ ਥਕਾਵਟ ਮਹਿਸੂਸ ਹੁੰਦੀ ਹੈ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਬੇਵਿਉਂਤਾਂ



ਸੱਥ ਵੱਲ ਨੂੰ ਤੁਰੇ ਆਉਂਦੇ ਪਿੰਡ ਦੇ ਲੋਕਾਂ ਦੇ ਇਕੱਠ ਨੂੰ ਵੇਖ ਕੇ ਤਾਸ਼ ਖੇਡਦਿਆਂ ਕੋਲ ਬੈਠੇ ਨਾਥੇ ਅਮਲੀ ਨੇ ਨਾਲ ਬੈਠੇ ਬਾਬੇ ਅਤਰ ਸਿਉਂ ਨੂੰ ਪੁੱਛਿਆ, "ਆਹ ਡੰਡ ਭੁਕਤੀ ਕਿਧਰੋਂ 'ਕੱਠੀ ਹੋਈ ਆਉਂਦੀ ਐ ਬਾਬਾ। ਇਹ ਤਾਂ ਆਂਏਂ 'ਕੱਠੇ ਹੋਏ ਆਉਂਦੇ ਐ ਜਿਮੇਂ ਵੋਟਾਂ ਮੰਗਣ ਵੇਲੇ ਬੋਗਿਆਂ ਦਾ ਰੇਸ਼ਮ ਬੰਦੇ 'ਕੱਠੇ ਕਰੀ ਘਰ ਘਰ ਤੁਰਿਆ ਫਿਰਦਾ ਸੀ ਤਖਤੇ ਭੰਨਦਾ ਜਿਮੇਂ ਭੁੱਖਾ ਸਾਨ੍ਹ ਘਰਾਂ 'ਚ ਢੁੱਡਾਂ ਮਾਰਦਾ ਹੁੰਦੈ। ਜਿਹੜੇ ਨਾਲ ਫਿਰਦੇ ਸੀ ਉਨ੍ਹਾਂ 'ਚੋਂ ਅੱਧਿਉਂ ਵਾਲਿਆਂ ਦੀਆਂ ਤਾਂ ਵੋਟਾਂ ਮਨ੍ਹੀ ਸੀ। ਓਮੇਂ ਈਂ ਇਹ ਕੋਈ ਦੌਰਾ ਜਾ ਕਰਨ ਤੁਰ ਪੇ।"

ਸੀਤਾ ਮਰਾਸੀ ਕਹਿੰਦਾ, "ਉਦੋਂ ਓਹਦੇ ਨਾਲ ਵੋਟਾਂ ਆਲੇ ਘੱਟ ਸੀ ਖਾਣ ਪੀਣ ਆਲੇ ਬਾਹਲੇ ਸੀ। ਇਹ ਤਾਂ ਪਿੰਡ ਦਾ ਕੋਈ ਕੰਮ ਧੰਦਾ ਸੰਮਾਰਨ ਨੂੰ ਬਾਸ਼ 'ਕੱਠੀ ਕਰਦੇ ਲੱਗਦੇ ਐ।"

'ਕੱਠ 'ਚ ਮੂਹਰੇ ਤੁਰੇ ਆਉਂਦੇ ਵੱਡੇ-ਵੱਡੇ ਢਿੱਡਾਂ ਵਾਲਿਆਂ ਨੂੰ ਵੇਖ ਕੇ ਨਾਥਾ ਅਮਲੀ ਕਹਿੰਦਾ, "ਆਹ ਜਿਹੜੇ ਮੂਹਰੇ ਘਮਿਆਰ ਦੀ ਆਵੀ ਜਿੰਡੀਆਂ-ਜਿੰਡੀਆਂ ਗੋਗੜਾਂ ਕੱਢੀ ਆਉਂਦੇ ਐ, ਇਨ੍ਹਾਂ ਤੋਂ ਆਵਦੇ ਢਿੱਡ ਤਾਂ ਘਟੇ ਨ੍ਹੀ, ਪਿੰਡ ਦਾ ਕੀ ਸਮਾਰ ਦੇਣਗੇ ਇਹੇ।"

ਮਾਹਲਾ ਨੰਬਰਦਾਰ ਕਹਿੰਦਾ, "ਢਿੱਡ ਘਟਾਉਣ ਨੂੰ ਕਿਹੜਾ ਫਰੋਜਪੁਰ ਜਾਣਾ ਪੈਣੈ ਬਈ ਓਦੂੰ ਉਰ੍ਹਾਂ ਕੋਈ ਵੈਦ ਈ ਨ੍ਹੀ ਹੈ। ਦਸ ਵੀਹ ਦਿਨ ਦੌੜ ਦੂੜ ਲਾਉਣ, ਢਿੱਡ ਤਾਂ ਭੁੰਜੇ ਇਉਂ ਬਹਿ ਜੂ ਜਿਮੇਂ ਪਾਣੀ ਛਿੜਕੇ ਤੋਂ ਸਮੁੰਦਰੀ ਝੱਗ ਦਾ ਨ੍ਹੀ ਪਤਾ ਲੱਗਦਾ ਹੁੰਦਾ ਬਈ ਏਥੇ ਕੀ ਸੀ। ਨਾਲ ਕਸਰਤਾਂ ਵੀ ਕਰੀ ਜਾਣ, ਫੇਰ ਵੇਖੀ ਪਿਚਕਿਆਂ ਦੇ ਟੱਬਰ ਅਰਗੇ ਨਾ ਸਰੀਰ ਹੋ ਗੇ ਤਾਂ।"

ਸੀਤਾ ਮਰਾਸੀ ਕਹਿੰਦਾ, "ਜੇ ਢਿੱਡ ਬਾਹਲੇ ਘਟ ਗੇ ਫੇਰ ਤਾਂ ਕਿਤੇ ਇਉਂ ਨਾ ਲੱਗਣ ਲੱਗ ਜਾਣ ਜਿਮੇਂ ਕੇਲੇ ਦੀ ਛੱਲੀ ਮਿੱਧ ਕੇ ਸਿੱਟੀ ਹੁੰਦੀ ਐ। ਰਹਿਣ ਦੇ ਤੂੰ ਐਹੋ ਜੀ ਸਲਾਹ ਦੇਣ ਨੂੰ। ਇਹੋ ਜਿਆਂ ਦੀਆਂ ਤਾਂ ਗੋਗੜਾਂ ਪੈਂਦੀਆਂ ਈਂ ਚੰਗੀਆਂ ਲੱਗਦੀਐਂ।

ਨਾਥਾ ਅਮਲੀ ਮਾਹਲੇ ਨੰਬਰਦਾਰ ਦੀ ਗੱਲ ਸੁਣ ਕੇ ਕਹਿੰਦਾ, "ਕੀ ਗੱਲਾਂ ਕਰਦੈਂ ਨੰਬਰਦਾਰਾ ਤੂੰ। ਢਿੱਡ ਤੇ ਕਰਜਾ ਘਟਾਉਣਾ ਕਿਤੇ ਸੌਖੀ ਗੱਲ ਐ ਕੋਈ। ਸਭ ਤੋਂ ਔਖਾ ਕੰਮ ਤਾਂ ਇਹੀ ਐ। ਇਹ ਗੋਗੜਾਂ ਜੀਆਂ ਆਲਿਆਂ ਤੋਂ ਸਿੱਧਾ ਤਾਂ ਤੁਰਿਆਂ ਨ੍ਹੀ ਜਾਂਦਾ, ਦੌੜ ਕਿੱਥੋਂ ਲਾ ਲੈਣ ਗੇ ਇਹੇ ਮਿਲਖੇ ਦੇ ਚਾਚੇ। ਤੁਰਦੇ ਤਾਂ ਵੇਖ ਜਿਮੇਂ ਕੁੱਕੜ ਦੇ ਪੈਰਾਂ 'ਚ ਸਣ ਫਸੀ ਹੁੰਦੀ ਐ। ਦੌੜ ਲਾ ਲੈਣਗੇ ਇਹੇ ਜਿਮੇਂ ਗਾਹਾਂ ਖੱਬਿਆਂ ਆਲੇ ਪ੍ਰਸਿੰਨੇ ਦੇ ਸਾਲੇ ਹੁੰਦੇ ਐ।"

ਸੀਤਾ ਮਰਾਸੀ 'ਕੱਠ 'ਚ ਮੂਹਰੇ ਤੁਰੇ ਆਉਂਦੇ ਜੱਭਲਾਂ ਦੇ ਕੰਤੇ ਮਾਸਟਰ ਨੂੰ ਵੇਖ ਕੇ ਕਹਿੰਦਾ, "ਆਹ ਜੰਗੇ ਜੱਭਲ ਕਾ ਮਾਹਟਰ ਵੀ ਇਨ੍ਹਾਂ 'ਚ ਰਲਿਆ ਆਉਂਦੈ। ਇਹ ਤਾਂ ਬਈ ਕੋਈ ਵੱਡੀਓ ਈ ਗੱਲ ਲੱਗਦੀ ਐ।"

ਨਾਥਾ ਅਮਲੀ ਬੋਲਿਆ, "ਵੱਡੀ ਗੱਲ ਨੂੰ ਇਹ ਗਾਹਾਂ ਟੈਂਕ ਖਰੀਦਣ ਚੱਲੇ ਐ। ਕਿਸੇ ਨਾ ਕਿਸੇ ਦੀ ਫਸਲ 'ਚ ਕਿਸੇ ਦੇ ਪਸੂ ਵੜ ਗੇ ਹੋਣੇ ਐਂ ਜਾਂ ਕਿਸੇ ਨੇ ਚੋਰੀਉਂ ਪੱਠੇ ਵੱਢ ਲੇ ਹੋਣੇ ਐ ਹੋਰ ਕਿਤੇ ਕੋਈ ਬਰਮ੍ਹਾਂ ਦੀ ਜੰਗ ਜਿੱਤ ਆਇਆ ਬਈ ਉਹਦੇ ਹਾਰ ਪਾਉਣ ਜਾਂਦੇ ਐ। ਸਭ ਵੇਹਲੜ 'ਕੱਠੇ ਹੋਏ ਵੇ ਐ।"

ਏਨੇ ਚਿਰ ਨੂੰ ਜਿਉਂ ਹੀ ਇਕੱਠ ਵਾਲੇ ਸੱਥ ਕੋਲ ਦੀ ਲੰਘੇ ਤਾਂ ਬਾਬੇ ਅਤਰ ਸਿਉਂ ਦੇ ਨਾਲ ਬੈਠੇ ਸੂਬੇਦਾਰ ਭਜਨ ਸਿਉਂ ਨੇ ਮੂਹਰੇ ਤੁਰੇ ਜਾਂਦੇ ਕਰਤਾਰ ਸਿਉਂ ਮਿਸਤਰੀ ਨੂੰ ਉੱਚੀ ਆਵਾਜ ਮਾਰ ਕੇ ਪੁੱਛਿਆ, "ਕਰਤਾਰ ਸਿਆਂ! ਇਹ ਕਾਹਦਾ 'ਕੱਠ ਜਾ ਕਰੀ ਫਿਰਦੇ ਐਂ। ਖੈਰ ਸੁੱਖ ਐ?"

ਕਰਤਾਰ ਸਿਉਂ ਮਿਸਤਰੀ ਤਾਂ ਬੋਲਿਆ ਨਾ, ਪਰ ਨਾਲ ਤੁਰਿਆ ਜਾਂਦਾ ਭੌਂਦੂਆਂ ਦਾ ਕੇਵਲ ਮਾਸਟਰ ਕਹਿੰਦਾ, "ਬਜਰੰਗੇ ਕੀ ਮੱਝ ਨੇ ਸੱਤ ਲੱਤਾਂ ਆਲੀ ਕੱਟੀ ਦਿੱਤੀ ਐ ਉਹ ਵੇਖਣ ਚੱਲੇ ਆਂ।"

ਏਨੀ ਗੱਲ ਕਰਕੇ ਉਹ ਬੰਦਿਆਂ ਦਾ ਢਾਣਾ ਤਾਂ ਸੱਥ ਕੋਲ ਦੀ ਗਾਹਾਂ ਲੰਘ ਗਿਆ ਤੇ ਨਾਥੇ ਅਮਲੀ ਨੇ ਫਿਰ ਧਰ ਲਈ ਸੂਈ। ਬਾਬੇ ਦੇ ਗੋਡੇ 'ਤੇ ਹੱਥ ਮਾਰ ਕੇ ਕਹਿੰਦਾ, "ਸੁਣ ਲਿਆ ਬਾਬਾ, ਮੱਝ ਬਜਰੰਗੇ ਪਰਸੋਂ ਸੂਈ ਸੀ, ਕੱਲ੍ਹ ਕੱਟੀ ਮਰ ਵੀ ਗਈ। ਅੱਜ ਇਹ ਢਾਣਾ ਬੰਨ੍ਹ ਕੇ ਤੁਰ ਪੇ, ਜਿਮੇਂ ਗਾਹਾਂ ਕੱਟੀ ਦੀ ਰੋਪਣਾ 'ਤੇ ਜਾਂਦੇ ਹੁੰਦੇ ਐ। ਨਾਲੇ ਸੱਤ ਲੱਤਾਂ ਆਲੀ ਤਾਂ ਕੋਈ ਗੱਲ ਮਨ੍ਹੀ ਸੀ।"




ਸੱਥ 'ਚ ਬੈਠਾ ਦਲਬਾਰੇ ਮੈਂਬਰ ਦਾ ਮੁੰਡਾ ਕਹਿੰਦਾ, "ਕਹਿੰਦੇ ਤਾਂ ਹੁੰਦੇ ਐ ਬਈ ਛੋਟੇ ਪਿੰਡ ਦੀ ਛੋਟੀਓ ਈ ਮੱਤ ਹੁੰਦੀ ਐ। ਲੈ ਦੱਸ! ਅਕੇ ਸੱਤ ਲੱਤਾਂ ਆਲੀ ਕੱਟੀ ਵੇਖਣ ਚੱਲੇ ਆਂ। ਕੱਟੀਓ ਈ ਦਿੱਤੀ ਐ ਮੱਝ ਨੇ ਕਿਤੇ ਗਧਾ ਤਾਂ ਨ੍ਹੀ ਸੂਅ ਪਿਆ। ਨਾਲੇ ਜਿਹੜੇ ਆਹ ਅਣਪੜ੍ਹ ਬੰਦੇ ਐ, ਇਨ੍ਹਾਂ ਦੀ ਤਾਂ ਚੱਲ ਕੀ ਗੱਲ ਕਰਨੀ ਐ, ਆਪਣੇ ਪਿੰਡ ਦੇ ਤਾਂ ਮਾਹਟਰਾਂ ਨੂੰ ਵੀ ਭੋਰਾ ਅਕਲ ਨ੍ਹੀ ਲੱਗਦੀ ਜਿਹੜੇ ਆਹ 'ਕੱਠ 'ਚ ਮੂਹਰੇ ਲੱਗ ਕੇ ਤੁਰੇ ਜਾਂਦੇ ਐ।"

ਬਾਬਾ ਅਤਰ ਸਿਉਂ ਕਹਿੰਦਾ, "ਨਹੀਂ ਯਾਰ, ਫਿਰ ਵੀ ਤਾਂ ਜੁਆਕਾਂ ਨੂੰ ਪੜ੍ਹਾਉਣ ਜਾਂਦੇ ਐ ਸਕੂਲ। ਬਿਨਾਂ ਅਕਲੋਂ ਕੀ ਪੜ੍ਹਾਊ ਕੋਈ।"

ਨਾਥਾ ਅਮਲੀ ਬੋਲਿਆ ਫਿਰ ਮਾਸਟਰਾਂ ਦੀ ਗੱਲ ਚਲਦੀ ਤੋਂ।

ਬਾਬੇ ਅਤਰ ਸਿਉਂ ਨੂੰ ਕਹਿੰਦਾ, "ਤੂੰ ਕਹਿਣੈ ਬਾਬਾ ਇਨ੍ਹਾਂ ਆਪਣੇ ਪਿੰਡ ਆਲੇ ਮਾਹਟਰਾਂ ਨੂੰ ਬਾਹਲੀ ਅਕਲ ਐ। ਲੈ ਸੁਣ ਫਿਰ ਇਨ੍ਹਾਂ ਦੀ ਅਕਲ ਦੀ ਗੱਲ। ਆਹ ਜਿਹੜਾ ਆਪਣੇ ਗੁਆੜ ਆਲਾ ਰੁਲਦੂ ਮਾਹਟਰ ਐ, ਇਹ ਪਹਿਲੇ ਦਿਨ ਮੂੰਹ ਨੇਰ੍ਹੇ ਬਰਸੀਣ ਨੂੰ ਕੱਸੀ ਦਾ ਪਾਣੀ ਲਾਉਣ ਗਿਆ ਗੁਆਂਢੀਆਂ ਦੇ ਕੇਵਲ ਕੀ ਬਰਸੀਣ ਈ ਭਰ ਆਇਆ ਕੱਸੀ ਦੇ ਪਾਣੀ ਨਾਲ। ਸੱਤ ਰੋਜੀ ਵਾਰੀ ਸੀ ਵਾਰੀ ਖਰਾਬ ਕਰ ਆਇਆ। ਆਪ ਤਾਂ ਉਠ ਗਿਆ ਸਕੂਲ, ਜਦੋਂ ਮੁੰਡੇ ਨੇ ਖੇਤ ਜਾ ਕੇ ਵੇਖਿਆ ਬਈ ਬਰਸੀਣ ਨੂੰ ਪਾਣੀ ਲਾ 'ਤਾ ਭਾਪੇ ਨੇ ਕੁ ਨਹੀਂ। ਜਾਂਦੇ ਨੂੰ ਬਰਸੀਂ ਸੁੱਕੀ ਪਈ। ਆਵਦੀ ਬਰਸੀਣ ਨੂੰ ਤਾਂ ਪਾਣੀ ਲੱਗਿਆ ਨ੍ਹੀ, ਜੈਲੇ ਕੇ ਕੇਵਲ ਦੀ ਬਰਸੀਣ ਦੇ ਡੱਡੂ ਬਲਾ 'ਤੇ ਬਾਹਲੀ ਅਕਲ ਆਲੇ ਨੇ।"

ਬਾਬਾ ਕਹਿੰਦਾ, "ਇੱਕ ਅੱਧੇ ਮਾਹਟਰ ਤੋਂ ਕਿਤੇ ਹੋ ਗੀ ਹੋਣੀ ਐਂ ਕੋਈ ਮਾੜੀ ਮੋਟੀ ਉਨੀ ਇੱਕੀ, ਸਾਰੇ ਮਾਹਟਰ ਤਾਂ ਨ੍ਹੀ ਬੇਅਕਲੇ। ਨਾਲੇ ਰੁਲਦੂ ਕਿਹੜਾ ਜੱਟਾਂ 'ਚੋਂ ਐਂ ਬਈ ਉਹਨੂੰ ਖੇਤੀ ਬਾਹੀ ਦਾ ਪਤੈ। ਉਹਨੇ ਤਾਂ ਮਾਮਲੇ 'ਤੇ ਲਈਆਂ ਸੀ ਚਾਰ ਕਨਾਲਾਂ। ਉਹਦੀ ਕਿਹੜਾ ਜੱਦੀ ਪੁਸਤੀ ਜਮੀਨ ਸੀ।"

ਬਾਬੇ ਅਤਰ ਸਿਉਂ ਦੀ ਗੱਲ ਸੁਣ ਕੇ ਨਾਥਾ ਅਮਲੀ ਬਾਬੇ ਨੂੰ ਭੁੱਖੀ ਬਾਂਦਰੀ ਵਾਂਗੂੰ ਪੈ ਨਿੱਕਲਿਆ। ਬਾਬੇ ਦੀ ਬਾਂਹ ਝੰਜੋੜ ਕੇ ਕਹਿੰਦਾ, "ਕਿਉਂ ਨ੍ਹੀ ਮੰਨਦਾ ਹੁੰਦਾ ਬਾਬਾ ਤੂੰ ਗੱਲ। ਚੱਲ ਰੁਲਦੂ ਨੂੰ ਤਾਂ ਛੱਡ ਬਈ ਉਹ ਜੱਟਾਂ 'ਚੋਂ ਨ੍ਹੀ, ਤੇ ਜਿਹੜਾ ਸੁਰਜਨ ਕਾ ਪਾਲਾ ਮਾਹਟਰ ਐ, ਉਹ ਤਾਂ ਜੱਟ ਐ ਨਾਹ। ਨਾਲੇ ਵੀਹ ਬਾਈ ਕਿੱਲੇ ਜਮੀਨ ਐ। ਪੂਰੀ ਸਿਰੇ ਦੀ ਖੇਤੀ ਕਰਦੇ ਐ ਪਿੰਡ 'ਚੋਂ। ਉਹਦੀ ਸੁਣ ਲਾ। ਪਾਲੇ ਦੇ ਵੱਡੇ ਭਰਾ ਛਨੱਤਰ ਨੇ ਕਿਤੇ ਕੰਮ ਧੰਦੇ ਬਾਹਰ ਜਾਣਾ ਸੀ। ਉਹ ਪਾਲੇ ਨੂੰ ਜਾਂਦਾ ਜਾਂਦਾ ਕਹਿੰਦਾ 'ਅੱਜ ਤਾਂ ਮਾਹਟਰ ਤੈਨੂੰ ਐਤਵਾਰ ਦੀ ਛੁੱਟੀ ਹੋਣੀ ਐਂ, ਤੂੰ ਆਪਣੀ ਮੈਰੇ ਆਲੀ ਮੋਟਰ ਚਲਾ ਕੇ ਕਣਕ ਦੇ ਜਿਹੜੇ ਦੋ ਕਿਆਰੇ ਰਹਿੰਦੇ ਐ ਪਾਣੀ ਲੱਗਣ ਆਲੇ ਉਨ੍ਹਾਂ ਨੂੰ ਪਾਣੀ ਲਾ ਦੀਂ'। ਛਨੱਤਰ ਤਾਂ ਬਾਬਾ ਉਠ ਗਿਆ ਤੇ ਪਾਲਾ ਮਾਹਟਰ ਖੇਤ ਨੂੰ ਚਲਾ ਗਿਆ। ਪਾਲੇ ਨੇ ਬਾਬਾ ਜਾ ਕੇ ਮੋਟਰ ਚਲਾ ਲੀ। ਜਦੋਂ ਮੋਟਰ ਦਾ ਪਾਣੀ ਖਾਲ 'ਚ ਪੈਣ ਲੱਗ ਪਿਆ, ਪਾਲੇ ਮਾਹਟਰ ਨੇ ਵੀ ਖਾਲ 'ਤੇ ਗੇੜਾ ਮਾਰਨਾ ਸ਼ੁਰੂ ਕਰ 'ਤਾ। ਸੁਣਦੈਂ ਬਾਬਾ? ਤੂੰ ਅਕਲ ਦੀ ਗੱਲ ਕਰਦੈਂ ਮੈਂ ਤੈਨੂੰ ਬੇਅਕਲੀ ਗੱਲ ਦੱਸਦਾਂ। ਬੇਅਕਲੇ ਮਾਹਟਰ ਨੇ ਖਾਲ 'ਚੋਂ ਕਿਸੇ ਕਿਆਰੇ 'ਚ ਨੱਕਾਂ ਤਾਂ ਕੀਤਾ ਨਾ, ਜਦੋਂ ਪਾਣੀ ਖਾਲ ਦੇ ਕਨਾਰਿਆਂ ਨੂੰ ਲੱਗਣ ਆਲਾ ਹੋ ਗਿਆ, ਮਾਹਟਰ ਨਾਲੇ ਤਾਂ ਖਾਲ 'ਤੇ ਮਿੱਟੀ ਪਾਈ ਜਾਵੇ ਨਾਲੇ ਕਹੀ ਜਾਵੇ 'ਬਈ ਮੋਟਰ ਦਾ ਪਾਣੀ ਬਹੁਤ ਬਾਹਲਾ। ਖਾਲ ਤੋਂ ਪਾਣੀਉਂ ਈਂ ਨ੍ਹੀ ਝੱਲ ਹੁੰਦਾ'। ਪਾਣੀ ਬੜੀ ਤੇਜੀ ਨਾਲ ਤਾਹਾਂ ਚੜ੍ਹਦਾ ਜਾਵੇ, ਮਾਹਟਰ ਕਮਲਾ ਹੋਇਆ ਕਾਹਲੀ ਕਾਹਲੀ ਖਾਲ 'ਤੇ ਮਿੱਟੀ ਤੇ ਮਿੱਟੀ ਚੜ੍ਹਾਈ ਜਾਵੇ। ਕਾਹਲੀ ਕਰਦੇ ਹਰਫਲੇ ਹੋਏ ਮਾਹਟਰ ਦੀ ਪੱਗ ਲਹਿ ਕੇ ਖਾਲ ਦੇ ਪਾਣੀ 'ਚ ਡਿੱਗ ਕੇ ਇਉਂ ਤਰੀ ਫਿਰੇ ਜਿਮੇਂ ਨਹਿਰ ਦੇ ਪਾਣੀ 'ਚ ਪੇਂਦੂ ਬੇਰਾਂ ਆਲੀ ਟੋਕਰੀ ਤਰੀ ਜਾਂਦੀ ਹੋਵੇ। ਮਾਹਟਰ ਦਾ ਸਾਹ ਨਾਲ ਸਾਹ ਨਾ ਰਲੇ।

ਕਹੀ ਜਾਵੇ 'ਐਨਾ ਪਾਣੀ ਮੋਟਰ ਦਾ, ਧੰਨ ਐਂ ਯਾਰ ਜਿਹੜੇ ਨਿੱਤ ਸਾਂਭਦੇ ਐਂ'। ਜੇ ਤਾਂ ਕਿਆਰੇ 'ਚ ਨੱਕਾ ਕੀਤਾ ਹੁੰਦਾ ਤਾਂ ਪਾਣੀ ਨਾ ਚੜ੍ਹਦਾ। ਬੇਅਕਲੇ ਨੇ ਕਿਸੇ ਕਿਆਰੇ 'ਚ ਨੱਕਾ ਕੀਤਾ ਨਾ, ਪਾਣੀ ਨੂੰ ਕਹੀ ਜਾਵੇ ਬਈ ਮੋਟਰ ਦਾ ਪਾਣੀ ਬਲ਼ਾ ਬਾਹਲਾ। ਜਦੋਂ ਬਾਬਾ ਪਾਣੀ ਨਾ ਸੰਭਿਆ, ਹਾਰਕੇ ਮੋਟਰ ਬੰਦ ਕਰਕੇ ਬਹਿ ਗਿਆ। ਉਧਰੋਂ ਕਿਤੇ ਪ੍ਰਤਾਪਾ ਭਾਊ ਨੰਘਿਆ ਜਾਂਦਾ ਸੀ। ਜਦੋਂ ਭਾਊ ਨੇ ਮਾਹਟਰ ਨੂੰ ਵੇਖਿਆ ਬਈ ਇਹ ਕਿਮੇਂ ਬੈਠਾ ਅੱਜ ਖੇਤ।

ਭਾਊ ਨੇ ਮਾਹਟਰ ਨੂੰ ਪੁੱਛਿਆ 'ਅੱਜ ਕਿਮੇਂ ਮਾਹਟਰ ਸਾਹ ਚੜ੍ਹਾਇਆ'? ਅਕੇ ਮਾਹਟਰ ਕਹਿੰਦਾ 'ਕੀ ਦੱਸਾਂ ਭਾਊ, ਪਾਣੀ ਛੱਡਿਆ ਸੀ ਖਾਲ 'ਚ, ਮੋਟਰ ਦਾ ਪਾਣੀ ਬਾਹਲਾ, ਖਾਲ ਪਾਣੀ ਝੱਲਦਾ ਨ੍ਹੀ ਥਾਂ-ਥਾਂ ਤੋਂ ਖਾਲ ਟੁੱਟੂੰ ਟੁੱਟੂੰ ਕਰਦਾ। ਮੈਂ ਤਾਂ ਖਾਲ ਦੀਆਂ ਵੱਟਾਂ 'ਤੇ ਪਾ ਪਾ ਮਿੱਟੀ ਭੜੀਆਂ ਬੰਨ੍ਹ 'ਤੀਆਂ, ਪਾਣੀ ਫੇਰ ਵੀ ਚੜ੍ਹਦਾ ਈ ਤੁਰਿਆ ਗਿਆ, ਹਾਰ ਕੇ ਮੋਟਰ ਈ ਬੰਦ ਕਰ 'ਤੀ। ਜਦੋਂ ਭਾਊ ਨੇ ਵੇਖਿਆ ਬਈ ਨੱਕਾ ਤਾਂ ਕਿਸੇ ਕਿਆਰੇ 'ਚ ਕੀਤਾ ਨ੍ਹੀ ਪਾਣੀ ਤਾਂ ਚੜ੍ਹਣਾ ਈਂ ਸੀ। ਭਾਊ ਮਾਹਟਰ ਨੂੰ ਕਹਿੰਦਾ, ਓਏ ਕਮਲਿਆ ਲਾਣਿਆਂ, ਕਿਸੇ ਕਿਆਰੇ 'ਚ ਨੱਕਾ ਕਰਕੇ ਪਾਣੀ ਤਾਂ ਪੈਂਦਾ ਕਰ। ਨੱਕੇ ਤਾਂ ਸਾਰੇ ਬੰਦ ਕਰੀ ਬੈਠੈਂ, ਪਾਣੀ ਨੇ ਚੜ੍ਹਣਾ ਈਂ ਐਂ ਹੋਰ ਕੀ ਕਰੇ'। ਭਾਊ ਨੇ ਨੱਕਾ ਕਰਾ ਕੇ ਮੋਟਰ ਚਲਵਾਈ। ਆਂਏਂ ਪਾਲੇ ਮਾਹਟਰ ਦੀ ਕਹਾਣੀ ਐ'। ਤੂੰ ਕਹੀ ਜਾਨੈਂ ਅਕੇ ਮਾਹਟਰ ਬੇਅਕਲੇ ਨ੍ਹੀ। ਨਹੀਂ ਹੋਣਗੇ, ਪਰ ਆਪਣੇ ਪਿੰਡ ਆਲੇ ਦੋ ਮਾਹਟਰਾਂ ਦੀ ਤਾਂ ਤੈਨੂੰ ਸਣਾ 'ਤੀ, ਹਜੇ ਦੂਜਿਆਂ ਦਾ ਪਤਾ ਨ੍ਹੀ ਖੇਤ ਜਾ ਕੇ ਕੀ ਚੰਦ ਚੜ੍ਹਾਉਂਦੇ ਹੋਣਗੇ?"

ਗੱਲਾਂ ਕਰੀ ਜਾਂਦਿਆਂ ਤੋਂ ਗੁਰਦੁਆਰਾ ਸਾਹਿਬ ਦੇ ਸਪੀਕਰ 'ਚੋਂ ਹੋਕਾ ਆ ਗਿਆ ਬਈ 'ਜ਼ਿਆਦਾ ਮੀਂਹ ਪੈਣ ਕਾਰਨ ਜਿਹੜਾ ਆਪਣੇ ਪਿੰਡ ਕੋਲ ਦੀ ਸੂਆ ਲੰਘਦੈ, ਉਹਦਾ ਪਾਣੀ ਚੜ੍ਹਦਾ ਜਾਂਦੈ। ਜਿੱਥੋਂ ਕਿਤੋਂ ਸੂਏ ਦੀ ਪਟੜੀ ਮਾੜੀ ਐ ਜਾਂ ਨੀਮੀਂ ਐਂ ਉੱਥੇ ਮਿੱਟੀ ਪਾਉ ਜਾ ਕੇ। ਘਰ-ਘਰ ਦਾ ਬੰਦਾ ਖਾਲੀ ਬੋਰੀਆਂ ਲੈ ਕੇ ਸੂਏ 'ਤੇ ਪਹੁੰਚੋ ਤਾਂ ਕਿ ਸੂਆ ਟੁੱਟਣ ਤੋਂ ਬਚਾਇਆ ਜਾ ਸਕੇ'। ਹੋਕਾ ਸੁਣਕੇ ਨਾਥਾ ਅਮਲੀ ਕਹਿੰਦਾ,

"ਪਾਲੇ ਮਾਹਟਰ ਨੂੰ ਘੱਲੋ, ਉਹਨੂੰ ਬਾਹਵਾ ਵੱਲ ਜਾ ਪਾਣੀ ਬੰਨ੍ਹਣ ਦਾ।" ਹੋਕਾ ਸੁਣਦੇ ਸਾਰ ਹੀ ਨਾਥੇ ਅਮਲੀ ਦੀ ਗੱਲ ਤੋਂ ਹੱਸਦੇ-ਹੱਸਦੇ ਸਾਰੇ ਸੱਥ ਵਾਲੇ ਸੱਥ 'ਚੋਂ ਉੱਠ ਕੇ ਸੂਏ ਵੱਲ ਨੂੰ ਚੱਲ ਪਏ। ਤੇ ਸੱਥ ਇੱਕਦਮ ਖਾਲੀ ਹੋ ਗਈ।

JARNAIL SINGH



ART CLASSES
‣ 604-825-4659
‣ 604-724-6922
‣ 604-595-5885
#106- 12882-85 Ave. Surrey

# ਦੇਸੀ ਤੜਕਾ

## ਮੂੰਗਫਲੀ ਦੀ ਚਟਨੀ



| ਸਮੱਗਰੀ | 4-5 ਕੜੀ ਪੱਤਾ |
|---|---|
| ਇਕ ਕਟੋਰੀ ਮੂੰਗਫਲੀ | ਨਮਕ ਸਵਾਦ ਅਨੁਸਾਰ |
| ਸੱਤ ਤੋਂ ਅੱਠ ਕਲੀਆ ਲਸਣ | 2-3 ਚਮਚ ਤੇਲ |
| 2-3 ਹਰੀ ਮਿਰਚ ਕੱਟੀ ਹੋਈ | ਪਾਣੀ ਜ਼ਰੂਰਤ ਅਨੁਸਾਰ |

ਵਿਧੀ – ਆਮ ਤੌਰ ‘ਤੇ ਲੋਕ ਪੁਦੀਨੇ ਦੀ ਅਤੇ ਕੱਚੀ ਅੰਬੀ ਦੀ ਚਟਨੀ ਬਣਾਉਂਦੇ ਹਨ ਪਰ ਅੱਜ ਅਸੀਂ ਤੁਹਾਨੂੰ ਮੂੰਗਫਲੀ ਦੀ ਚਟਨੀ ਦੀ ਰੈਸਿਪੀ ਬਾਰੇ ਦੱਸਾਂਗੇ।

ਧੀਮੀ ਅੱਗ ਤੇ ਇਕ ਪਾਨ ਗਰਮ ਕਰੋ। ਪੈਨ ਦੇ ਗਰਮ ਹੁੰਦੇ ਹੀ ਮੂੰਗਫਲੀ ਪਾ ਕੇ ਭੁੰਨੋ ਅਤੇ ਗੈਸ ਬੰਦ ਕਰ ਦਵੋ। ਮੂੰਗਫਲੀ ਨੂੰ ਇਕ ਕਟੋਰੀ ਵਿਚ ਕੱਢ ਕੇ ਠੰਢਾ ਕਰ ਲਵੋ ਅਤੇ ਫਿਰ ਇਸ ਦੇ ਛਿਲਕੇ ਉਤਾਰ ਲਵੋ। ਹੁਣ ਇਕ ਮਿਕਸਰ ਵਿਚ ਮੂੰਗਫਲੀ, ਲਸਣ, ਹਰੀ ਮਿਰਚ, ਪਾਣੀ ਪਾ ਕੇ ਪੀਸ ਲਵੋ।

## ਟੇਸਟੀ ਤੇ ਸਿਹਤਮੰਦ ਮਿੰਨੀ ਡੋਸਾ



| ਸਮੱਗਰੀ | |
|---|---|
| ਸੋਇਆ ਦੁੱਧ - 1 ਕੱਪ | ਧਨੀਆ - 1 ਚਮਚ (ਕੱਟਿਆ ਹੋਇਆ) |
| ਕਣਕ ਦਾ ਆਟਾ - 1/4 ਕੱਪ | ਪਕਾਉਣਾ ਸੋਡਾ - 1/4 ਕੱਪ |
| ਹਰੀ ਮਿਰਚ - 1 (ਬਾਰੀਕ ਕੱਟੀ ਹੋਈ) | ਤੇਲ - 1, 1/2 ਚੱਮਚ |
| ਪਿਆਜ਼ - 1/2 ਕੱਪ (ਕੱਟੀ ਹੋਈ) | ਲੂਣ - ਸੁਆਦ ਅਨੁਸਾਰ |

ਜੇ ਤੁਸੀਂ ਕੁਝ ਮਿੰਟਾਂ ਵਿਚ ਇਕ ਸਵਾਦ ਅਤੇ ਸਿਹਤਮੰਦ ਪਕਵਾਨ ਖਾਣਾ ਚਾਹੁੰਦੇ ਹੋ। ਤਾਂ ਇਸ ਸਥਿਤੀ ਵਿਚ ਤੁਸੀਂ ਸੋਇਆ ਦੇ ਦੁੱਧ ਨਾਲ ਬਣੇ ਡੋਸਾ ਖਾ ਸਕਦੇ ਹੋ। ਤੁਸੀਂ ਇਸਨੂੰ ਸਵੇਰ ਜਾਂ ਸ਼ਾਮ ਦੇ ਨਾਸ਼ਤੇ ਵਿੱਚ ਬਣਾ ਸਕਦੇ ਹੋ ਅਤੇ ਖਾ ਸਕਦੇ ਹੋ। ਇਹ ਬਣਾਉਣਾ ਬਹੁਤ ਅਸਾਨ ਹੈ ਤਾਂ ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ...

**ਵਿਧੀ:** ਸਾਰੀਆਂ ਚੀਜ਼ ਨੂੰ ਇਕ ਕਟੋਰੇ ਵਿਚ ਰਲਾਓ ਅਤੇ ਇਕ ਪਤਲਾ ਬੈਟਰ ਬਣਾਓ। ਨਾਨਸਟਿਕ ਪੈਨ ਨੂੰ ਤੇਲ ਲਗਾ ਕੇ ਗਰਮ ਕਰੋ ਹੁਣ ਤਿਆਰ ਹੋਏ ਬੈਟਰ ਨੂੰ ਦੋ ਵੱਡੇ ਪੈਨ ਤੇ ਪਾ ਕੇ ਅਤੇ ਪਤਲਾ ਗੋਲਾਕਾਰ ਡੋਸਾ ਬਣਾਓ। ਡੋਸੇ ਨੂੰ ਦੋਵੇਂ ਪਾਸਿਆਂ ਤੋਂ ਸੁਨਹਿਰੀ ਭੂਰਾ ਹੋਣ ਤੱਕ ਪਕਾਉ।

# ਤਕਨਾਲੋਜੀ ਟਾਈਮਜ਼

## iPhone 17 ਵਿੱਚ ਆਉਣਗੇ ਵੱਡੇ ਅਪਡੇਟ




ਸਤੰਬਰ 'ਚ ਐਪਲ ਨੇ iPhone 16 ਸੀਰੀਜ਼ ਲਾਂਚ ਕੀਤੀ ਸੀ, ਇਸ ਦੇ ਕੈਮਰਾ ਕੰਟਰੋਲ ਅਤੇ ਐਕਸ਼ਨ ਬਟਨ ਨੂੰ ਲੈ ਕੇ ਕਾਫੀ ਚਰਚਾ ਹੋ ਰਹੀ ਹੈ। ਪਰ ਕੀ ਇਹ ਫੀਚਰ ਆਉਣ ਵਾਲੀ iPhone 17 ਸੀਰੀਜ਼ ਵਿੱਚ ਵੀ ਉਪਲਬਧ ਹੋਵੇਗੀ? ਨਵੀਨਤਮ ਲੜੀ ਨੇ ਸਾਬਤ ਕਰ ਦਿੱਤਾ ਹੈ ਕਿ ਐਪਲ ਫਿਜ਼ੀਕਲ ਬਟਨਾਂ ਦੀ ਪੁਰਾਣੀ ਸ਼ੈਲੀ ਵਿੱਚ ਵਾਪਸ ਜਾ ਰਿਹਾ ਹੈ। ਅਜਿਹੇ 'ਚ ਇਹ ਦੇਖਣਾ ਬਾਕੀ ਹੈ ਕਿ iPhone 17 ਸੀਰੀਜ਼ 'ਚ ਬਟਨਾਂ ਨੂੰ ਲੈ ਕੇ ਐਪਲ ਦੀ ਕੀ ਯੋਜਨਾ ਹੈ। ਹਾਲਾਂਕਿ, iPhone 17 ਨੂੰ ਲੈ ਕੇ ਬਹੁਤ ਸਾਰੀਆਂ ਅਫਵਾਹਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ, ਤਾਂ ਆਓ ਜਾਣਦੇ ਹਾਂ ਨਵੇਂ iPhone ਦੇ ਬਟਨਾਂ ਵਿੱਚ ਕੀ ਅਪਡੇਟਸ ਮਿਲ ਸਕਦੇ ਹਨ। ਟਿਪਸਟਰ ਮਾਜਿਨ ਬੁ ਦੇ ਅਨੁਸਾਰ, ਅਪਪਲਏ ਐਕਸ਼ਨ ਬਟਨ ਅਤੇ ਵਾਲਿਯੂਮ ਰੌਕਰਸ ਨੂੰ ਇੱਕ ਨਵੇਂ ਨਾਲ ਬਦਲ ਸਕਦਾ ਹੈ। ਉਸਨੇ ਦਾਅਵਾ ਕੀਤਾ ਕਿ iPhone 17 ਵਿੱਚ ਨਵਾਂ ਬਟਨ ਐਕਸ਼ਨ ਅਤੇ ਵਾਲਿਯੂਮ ਦੋਵਾਂ ਲਈ ਕੰਮ ਕਰੇਗਾ। ਜੇਕਰ ਇਹ ਬਟਨ iPhone 17 'ਚ ਆਉਂਦਾ ਹੈ ਤਾਂ ਕੰਪਨੀ ਵੱਲੋਂ ਵੱਡਾ ਅਪਡੇਟ ਹੋ ਸਕਦਾ ਹੈ। ਇਸ ਤੋਂ ਪਹਿਲਾਂ ਕੈਪਚਰ ਬਟਨ ਲੋਕਾਂ ਨੂੰ ਕਈ ਚੀਜ਼ਾਂ ਨੂੰ ਕੰਟਰੋਲ ਕਰਨ 'ਚ ਮਦਦ ਕਰ ਚੁੱਕਾ ਹੈ।

### iPhone 17 'ਚ ਸਿੰਗਲ ਬਟਨ ਦਾ ਦਾਅਵਾ

ਹਾਲਾਂਕਿ ਟਿਪਸਟਰ ਨੇ ਨਵੇਂ ਬਟਨ ਬਾਰੇ ਜਿਆਦਾ ਜਾਣਕਾਰੀ ਨਹੀਂ ਦਿੱਤੀ ਹੈ। ਪਰ ਮੰਨਿਆ ਜਾ ਰਿਹਾ ਹੈ ਕਿ ਇਸ ਨਾਲ ਵਾਲਿਯੂਮ ਰਿੰਗਟੋਨ ਅਤੇ ਉਨ੍ਹਾਂ ਫੰਕਸ਼ਨਾਂ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ ਜੋ ਇਸ ਸਮੇਂ ਕੈਪਚਰ ਬਟਨ ਦੁਆਰਾ ਕੰਟਰੋਲ ਕੀਤੇ ਜਾ ਸਕਦੇ ਹਨ। ਹੁਣ ਇਹ ਦੇਖਣਾ ਬਾਕੀ ਹੈ ਕਿ ਇਹ ਅਫਵਾਹ ਕਿੰਨੀ ਸੱਚ ਹੈ ਅਤੇ ਕੀ ਐਪਲ ਆਉਣ ਵਾਲੇ iPhone 17 'ਚ ਨਵਾਂ ਬਟਨ ਸ਼ਾਮਲ ਕਰੇਗਾ।

### ਪਤਲੇ ਡਿਜ਼ਾਈਨ 'ਚ ਆ ਸਕਦਾ ਹੈ iPhone 17

ਰਿਪੋਰਟਸ ਦੇ ਮੁਤਾਬਕ ਅਮਰੀਕੀ ਸਮਾਰਟਫੋਨ ਕੰਪਨੀ ਇਸ ਤਰ੍ਹਾਂ ਦੇ ਬਟਨ ਲਈ ਪਹਿਲਾਂ ਹੀ ਕਈ ਪ੍ਰੋਟੋਟਾਈਪ ਟੈਸਟ ਕਰ ਚੁੱਕੀ ਹੈ, ਤਾਂ ਜੋ ਇਸ ਨੂੰ ਵਾਲਿਯੂਮ ਬਟਨ ਤੋਂ ਛੁਟਕਾਰਾ ਮਿਲ ਸਕੇ। ਹੋਰ ਲੀਕ ਦੀ ਗੱਲ ਕਰੀਏ ਤਾਂ ਫਿਹੋਨਏ 17 'ਚ ਸਲਿਮ ਡਿਜ਼ਾਈਨ ਦਿੱਤਾ ਜਾ ਸਕਦਾ ਹੈ। ਕੰਪਨੀ ਫਿਹੋਨਏ 17 ਏਅਰ ਦੇ ਨਾਂ ਨਾਲ ਸਲਿਮ ਮਾਡਲ ਲਾਂਚ ਕਰ ਸਕਦੀ ਹੈ।

### ਤਗੜਾ ਚਿੱਪਸੈੱਟ

ਇੱਕ ਅਫਵਾਹ ਦੇ ਅਨੁਸਾਰ, ਐਪਲ 2nm ਚਿਪਸੈੱਟ ਦੇ ਨਾਲ ਨਵੀਂ iPhone 17 ਸੀਰੀਜ਼ ਨੂੰ ਪੇਸ਼ ਕਰ ਸਕਦਾ ਹੈ। ਇਹ ਪਿਛਲੇ ਚਿੱਪਸੈੱਟ ਨਾਲੋਂ ਬਹੁਤ ਵਧੀਆ ਹੋ ਸਕਦਾ ਹੈ। ਇਸ ਨਾਲ ਪ੍ਰਦਰਸ਼ਨ 'ਚ ਸੁਧਾਰ ਹੋਵੇਗਾ ਅਤੇ ਬੈਟਰੀ ਦੀ ਵੀ ਘੱਟ ਖਪਤ ਹੋਵੇਗੀ। ਉਪਭੋਗਤਾਵਾਂ ਨੂੰ ਖਾਸ ਤੌਰ 'ਤੇ ਅੀ ਵਿਸ਼ੇਸ਼ਤਾਵਾਂ ਦੀ ਵਰਤੋਂ ਕਰਦੇ ਸਮੇਂ ਫਾਇਦਾ ਹੋਵੇਗਾ। iPhone 17 ਵਿੱਚ 60Hz ਦੀ ਬਜਾਏ 120Hz ਰਿਫ੍ਰੈਸ਼ ਰੇਟ ਹੋਣ ਦੀ ਉਮੀਦ ਹੈ।

## ਮੈਟਾ ਦੇ Threads 'ਚ ਆਇਆ X ਦਾ ਸਭ ਤੋਂ ਪ੍ਰਸਿੱਧ ਫੀਚਰ




ਮੈਟਾ ਦੀ ਮਲਕੀਅਤ ਵਾਲੇ ਮਾਈਕ੍ਰੋ ਬਲਾਗਿੰਗ ਸਾਈਟ Threads 'ਤੇ ਇਕ ਵੱਡਾ ਫੀਚਰ ਆਇਆ ਹੈ ਜੋ ਕਿ ਐਕਸ ਦਾ ਸਭ ਤੋਂ ਪ੍ਰਸਿੱਧ ਅਤੇ ਡਿਮਾਂਡਿੰਗ ਫੀਚਰ ਹੈ। ਠਹਰਏਓਦਸ ਦੇ ਯੂਜ਼ਰਜ਼ ਵੀ ਹੁਣ ਕਿਸੇ ਪੋਸਟ ਨੂੰ ਐਡਿਟ ਕਰ ਸਕਣਗੇ। ਪਹਿਲਾਂ ਇਹ ਸਹੂਲਤ ਨਹੀਂ ਸੀ ਪਰ ਹੁਣ Threads 'ਚ ਇਹ ਫੀਚਰ ਆ ਗਿਆ ਹੈ।

ਬੀਟਾ ਯੂਜ਼ਰਜ਼ ਨੂੰ Threads ਦਾ ਇਹ ਫੀਚਰ ਦੇਖਣ ਨੂੰ ਮਿਲ ਰਿਹਾ ਹੈ। ਰਿਪੋਰਟ ਮੁਤਾਬਕ, Threads ਦੇ ਯੂਜ਼ਰਜ਼ ਕੋਲ ਕਿਸੇ ਪੋਸਟ ਨੂੰ ਐਡਿਟ ਕਰਨ ਲਈ 15 ਮਿੰਟਾਂ ਦਾ ਸਮਾਂ ਮਿਲੇਗਾ। ਦੱਸ ਦੇਈਏ ਕਿ ਯ 'ਚ ਕਿਸੇ ਪੋਸਟ ਨੂੰ ਐਡਿਟ ਕਰਨ ਲਈ ਇਕ ਘੰਟੇ ਦਾ ਸਮਾਂ ਮਿਲਦਾ ਹੈ, ਹਾਲਾਂਕਿ ਇਹ ਸਿਰਫ ਪੇਡ ਸਬਸਕ੍ਰਾਈਬਰਾਂ ਲਈ ਹੈ।

Threads ਦਾ ਨਵਾਂ ਐਡਿਟ ਬਟਨ ਯੂਜ਼ਰਜ਼ ਨੂੰ ਆਪਣੀ ਪੋਸਟ ਨੂੰ ਲਾਈਵ ਹੋਣ ਦੇ 15 ਮਿੰਟਾਂ ਬਾਅਦ ਤਕ ਐਡਿਟ ਕਰਨ ਦੀ ਸਹੂਲਤ ਦਿੰਦਾ ਹੈ। ਧਿਆਨ ਰੱਖਣ ਵਾਲੀ ਗੱਲ ਇਹ ਹੈ ਕਿ ਇਕ ਵਾਰ 15 ਮਿੰਟ ਪੂਰੇ ਹੋਣ ਤੋਂ ਬਾਅਦ ਪੋਸਟ ਲਾਕ ਹੋ ਜਾਵੇਗੀ ਯਾਨੀ ਉਸ ਤੋਂ ਬਾਅਦ ਤੁਸੀਂ ਐਡਿਟ ਨਹੀਂ ਕਰ ਸਕੋਗੇ।

ਐਡਿਟ ਬਟਨ ਤੋਂ ਇਲਾਵਾ ਠਹਰਏਓਦਸ ਲਗਾਤਾਰ ਨਵੇਂ-ਨਵੇਂ ਫੀਚਰ ਲਿਆ ਰਿਹਾ ਹੈ। Threads ਕੋਲ ਹੁਣ ਲਗਭਗ 200 ਮਿਲੀਅਨ ਯੂਜ਼ਰਜ਼ ਦਾ ਨੈੱਟਵਰਕ ਹੈ ਅਤੇ ਇਸ ਦਾ ਸਿੱਧਾ ਮੁਕਾਬਲਾ ਐਲੋਨ ਮਸਕ ਦੇ X ਨਾਲ ਹੈ।

# ਕਾਵਿ ਕਿਆਰੀ

## ਅੱਬਾ

ਅੱਬਾ ਇਹ ਨਾ ਕਹਿਰ ਕਮਾਵੀਂ
ਕੁੱਖ ਦੇ ਵਿੱਚ ਨਾ ਮਾਰ ਮੁਕਾਵੀਂ

ਅੱਬਾ ਮੈਂ ਮੰਨਦੀ ਕਿ ਧੀ ਹਾਂ
ਪਰ ਅੱਬਾ ਮੈਂ ਤੇਰੀ ਵੀ ਹਾਂ
ਤੇਰਾ ਤੇ ਮਾਂ ਦਾ ਮੈਂ ਹਿੱਸਾ
ਦੋਹਾਂ ਦਾ ਇੱਕ ਸਾਂਝਾ ਕਿੱਸਾ
ਦਾਦੀ ਮਾਂ ਨੂੰ ਗੱਲ ਸਮਝਾਵੀਂ
ਅੱਬਾ ਇਹ ਨਾ ਕਹਿਰ ਕਮਾਵੀਂ
ਕੁੱਖ ਦੇ ਵਿੱਚ ਨਾ ਮਾਰ ਮੁਕਾਵੀਂ

ਜਦ ਅੱਬਾ ਤੂੰ ਕੰਮ ਤੋਂ ਆਇਆ
ਸਬਜ਼ੀ ਭਾਜੀ ਨਾਲ ਲਿਆਇਆ
ਭੱਜ ਕੇ ਤੈਥੋਂ ਝੋਲਾ ਫੜ ਲਉਂ
ਤੇਰੀ ਚਿੰਤਾ ਮੱਥੇ ਮੜ ਲਉਂ
ਬੱਸ ਤੂੰ ਤੱਕ ਮੈਨੂੰ ਮੁਸਕਾਵੀਂ
ਅੱਬਾ ਇਹ ਨਾ ਕਹਿਰ ਕਮਾਵੀਂ
ਕੁੱਖ ਦੇ ਵਿੱਚ ਨਾ ਮਾਰ ਮੁਕਾਵੀਂ

ਬਾਲਣ ਲੈਣ ਮੈਂ ਭੱਜੀ ਜਾਵਾਂ
ਲਕੜੀ ਪਾਥੀ ਚੁਗ ਲੈ ਆਵਾਂ
ਮਾਂ ਪਕਾਉਂਦੀ ਰੋਟੀ ਪਾਣੀ
ਕੋਲ ਬੈਠ ਕੇ ਸਿਖਦੀ ਰਾਣੀ
ਭਾਵੇਂ ਨਾ ਤੂੰ ਪੜ੍ਹਨੇ ਪਾਵੀਂ
ਅੱਬਾ ਇਹ ਨਾ ਕਹਿਰ ਕਮਾਵੀਂ
ਕੁੱਖ ਦੇ ਵਿੱਚ ਨਾ ਮਾਰ ਮੁਕਾਵੀਂ

ਅੱਬਾ ਘਰ ਦੀਆਂ ਕੰਧਾ ਕੱਚੀਆਂ
ਪਰ ਮੈਂ ਆਖਾਂ ਬਿਲਕੁੱਲ ਸੱਚੀਆਂ
ਤੇਰੇ ਦੁੱਧ ਨੂੰ ਜਾਗ ਹੈ ਲਾਉਣਾ
ਤੇਰੀ ਪੱਗ ਨੂੰ ਦਾਗ਼ ਨਈਂ ਲਾਉਣਾ
ਜਿੱਥੇ ਚਾਹੇ ਵਿਆਹ ਕਰਵਾਵੀਂ
ਅੱਬਾ ਇਹ ਨਾ ਕਹਿਰ ਕਮਾਵੀਂ
ਕੁੱਖ ਦੇ ਵਿੱਚ ਨਾ ਮਾਰ ਮੁਕਾਵੀਂ

ਜੇ ਕਿਧਰੇ ਮੈਂ ਪੜ੍ਹ ਗਈ ਅੱਬਾ
ਵੀਰ ਬਰਾਬਰ ਖੜ੍ਹ ਗਈ ਅੱਬਾ
ਤੇਰੇ ਨਾਂ ਨੂੰ ਚੰਨ ਨੇ ਲਾਉਣੇ
ਘਰ-ਬਾਰ ਮੈਂ ਪੱਕੇ ਕਰਵਾਉਣੇ
ਫਿਰ ਤੂੰ ਮੈਨੂੰ ਜੱਫੀ ਪਾਵੀਂ
ਅੱਬਾ ਇਹ ਨਾ ਕਹਿਰ ਕਮਾਵੀਂ
ਕੁੱਖ ਦੇ ਵਿੱਚ ਨਾ ਮਾਰ ਮੁਕਾਵੀਂ

**ਲੇਖਕ : ਅਰਜ਼ਪ੍ਰੀਤ**

## ਸੋਚਾਂ

ਰੂਹ ਦੀ ਗੱਲ ਕਹਿ ਜਾਵਣ ਸੋਚਾਂ।
ਬੁਰੀ ਤਰ੍ਹਾਂ ਤੜਫਾਵਣ ਸੋਚਾਂ।

ਮੈ ਤੇ ਕਲਮ ਜਦੋਂ ਵੀ ਬਹੀਏ,
ਮਨ ਦੇ ਗੀਤ ਸੁਣਾਵਣ ਸੋਚਾਂ।

ਰੂਹ ਤੋਂ ਦੂਰ ਵਸੇਂਦਾ ਦਿਲੇ ਦਾ ਜਾਨੀ,
ਉਸ ਨੂੰ ਕੋਲ ਬੁਲਾਵਣ ਸੋਚਾਂ।

ਜ਼ਖ਼ਮ ਅਵੱਲਾ ਜਦ ਵੀ ਰਿਸਦਾ,
ਨੈਣੋਂ ਨੀਰ ਬਹਾਵਣ ਸੋਚਾਂ।

ਕਲੱਮ -ਕੱਲੇ ਜਦ ਵੀ ਹੋਈਏ,
ਉਹਦੇ ਨਾਲ ਮਿਲਾਵਣ ਸੋਚਾਂ।

ਰੁੱਸ ਗਿਆ ਮੇਰਾ ਚੰਨ ਮਾਹੀ,
ਉਸਨੂੰ ਕਿੰਜ ਮਨਾਵਣ ਸੋਚਾਂ।

ਜਦ ਵੀ ਦੁੱਖ ਸਮਾਜ ਦਾ ਦੇਖਣ,
ਧੁਰ ਅੰਦਰੋਂ ਕੁਰਲਾਵਣ ਸੋਚਾਂ।

ਚੰਗੀ ਲਿਖਤ ਉਹੋ ਹੀ ਬੁੱਟਰ,
ਜਿਸ ਵਿੱਚ ਨਵੀਆਂ ਆਵਣ ਸੋਚਾਂ।

**ਲੇਖਕ : ਡਾ: ਸਤਿੰਦਰਜੀਤ ਕੌਰ ਬੁੱਟਰ**

## ਸੁਫ਼ਨੇ ਰਹਿ ਗਏ ਕੋਰੇ

ਸੁਫ਼ਨੇ ਰਹਿ ਗਏ ਕੋਰੇ
ਸੱਜਣ!
ਸਾਡੇ ਸੁਫ਼ਨੇ ਰਹਿ ਗਏ ਕੋਰੇ
ਅੱਖੀਆਂ ਅੰਦਰ ਪਾੜ ਪਏ,
ਜਿਉਂ ਕੰਧਾਂ ਵਿੱਚ ਮਘੋਰੇ
ਜੱਗ ਕੂੜ ਪਸਾਰਾ ਕਹਿਰ ਦਾ
ਸਾਨੂੰ ਚਸਕਾ ਲੱਗਾ ਜ਼ਹਿਰ ਦਾ
ਦਿਲ ਪਾਰਾ ਕਿਤੇ ਨਾ ਠਹਿਰਦਾ
ਸਾਨੂੰ ਧੁੜਕੂ ਅੱਠੇ ਪਹਿਰ ਦਾ
ਇੱਕ ਪਾਸਾ ਮਰਿਆ ਸ਼ਹਿਰ ਦਾ
ਵਿਚ ਭੁੱਖਾ ਫਨੀਅਰ ਲਹਿਰਦਾ
ਮਾਵਾਂ ਨੇ ਖੀਸੇ ਫੋਲ ਕੇ
ਪੁੱਤ ਸਫ਼ਰਾਂ 'ਤੇ ਟੋਰੇ
ਸਾਡੇ ਸੁਫ਼ਨੇ ਰਹਿ ਗਏ ਕੋਰੇ
ਅਸੀਂ ਸਈਆਂ ਨੈਣਾਂ ਵਾਲੀਆਂ
ਸਾਨੂੰ ਜੋਇਆ ਅੰਨ੍ਹੇ ਹਾਲੀਆਂ
ਮਨ ਖੋਭੇ ਸੱਧਰਾਂ ਗਾਲੀਆਂ
ਸਾਡਾ ਜੀਵਨ ਵਿੱਚ ਕੁਠਾਲੀਆਂ
ਖਸਮਾਂ ਦੀਆਂ ਅੱਗਾਂ ਬਾਲੀਆਂ
ਦਿਲ ਗੁੰਨ੍ਹੇ ਵਿਚ ਕੁਨਾਲੀਆਂ
ਇਸ ਔਤਰ ਜਾਣੇ ਸਮੇਂ ਨੇ
ਸਾਹ ਬਰਫ਼ਾਂ ਵਾਂਗੂੰ ਖੋਰੇ
ਸਾਡੇ ਸੁਫ਼ਨੇ ਰਹਿ ਗਏ ਕੋਰੇ!
ਉਡੀਕ
ਕਦੀ ਆ ਮਿਲ ਫੇਰ ਹਯਾਤੀਏ!
ਕਦੀ ਲੰਘ ਆ ਨੈਣ ਝਨਾਂ
ਅਸੀਂ ਮਿਹਣੇ ਮਾਰੇ ਮੌਤ ਨੂੰ
ਲੈ ਲੈ ਕੇ ਤੇਰਾ ਨਾਂ

**ਲੇਖਕ : ਅਫ਼ਜ਼ਲ ਸਾਹਿਰ**

## ਅਮੀਰ ਗਰੀਬ

ਸਭ ਠੇਡੇ ਮਾਰਦੇ ਨੇ ਗਰੀਬ ਲੋਕਾਂ ਨੂੰ,
ਸਿਰਫ਼ ਪੈਸੇ ਵਾਲਿਆਂ ਦੀ ਹੀ ਕਦਰ ਹੁੰਦੀ ਏ।

ਕੌਣ ਵੇਖਦਾ ਦੋਸਤਾ ਕੱਖਾਂ ਦੀਆਂ ਕੁੱਲੀਆਂ,
ਮਰਮਰੀ ਮਹਿਲਾਂ ਤੇ ਹੀ ਸਭ ਦੀ ਨਜ਼ਰ ਹੁੰਦੀ ਏ।

ਗਰੀਬ ਦੀ ਮੌਤ ਦਾ ਪਤਾ ਘੱਟ ਹੀ ਲੱਗਦਾ,
ਅਮੀਰ ਦੇ ਕੰਡਾ ਲੱਗਣ ਦੀ ਵੀ ਖਬਰ ਹੁੰਦੀ ਏ।

ਹਰ ਸੁਪਨਾ ਬਣੇ ਹਕੀਕਤ ਪੈਸੇ ਵਾਲਿਆਂ ਦਾ,
ਗਰੀਬ ਦੀ ਤਾਂ ਦਿਲ ਵਿੱਚ ਹੀ ਸੱਧਰ ਹੁੰਦੀ ਏ।

ਲਾਲਚ ਦੀ ਅੱਗ 'ਚ ਸੜਦੇ ਰਹਿੰਦੇ ਨੇ ਅਮੀਰ,
ਪਰ ਗਰੀਬ ਕੋਲ ਵੱਡੀ ਦਾਤ ਸਬਰ ਹੁੰਦੀ ਏ।

'ਸਿੱਧੂ' ਦੁਨੀਆਂ ਤੇ ਭਾਵੇਂ ਵੱਡੇ-ਛੋਟੇ ਨੇ ਇਹ ਲੋਕ,
ਮੌਤ ਸਾਹਮਣੇ ਦੋਵਾਂ ਦੀ ਹਸਤੀ ਬਰਾਬਰ ਹੁੰਦੀ ਏ।

ਮੈਨੂੰ ਨਹੀਂ ਲੋੜ ਇਸ ਫੁਕਰੀ-ਫੋਕੀ ਅਮੀਰੀ ਦੀ,
ਬੱਸ ਦਿਲ ਦੀ ਅਮੀਰੀ ਹੀ ਵੱਡਾ ਫਖ਼ਰ ਹੁੰਦੀ ਏ।

**ਲੇਖਕ : ਸਿੱਧੂ ਧੰਦੀਵਾਲ**

## ਐਂਵੀਂ ਲੋਕੀਂ

ਐਂਵੀਂ ਲੋਕੀਂ ਆਣ ਗੁੱਸੇ ਵਿੱਚ
ਝੱਟ ਲੋਕਾਂ ਤੋਂ ਰੁੱਸ ਬਹਿੰਦੇ ਨੇ,
ਦੁਨੀਆ ਤੇ ਮੁਹਾਜ਼ਿਰ ਸਾਰੇ
ਕਰਮ ਭੋਏਂ ਨੂੰ ਖੁੱਸ ਬਹਿੰਦੇ ਨੇ,
ਹੀਰਿਆਂ ਵਰਗੇ ਅੰਦਰੋਂ ਹੁੰਦੇ
ਦਮੜਿਆਂ ਖਾਤਿਰ ਹੁੱਸ ਬਹਿੰਦੇ ਨੇ,
ਅੰਦਰੂਨੀ ਤੰਦਾਂ ਤੋੜ ਤੋੜ ਕੇ
ਬਣ ਆਖਰ ਕੁਛ ਦੇ ਕੁਛ ਬਹਿੰਦੇ ਨੇ,
ਵਿਰਕਾ ਟੁੱਟਣ ਦੀ ਸਿਖਰ ਤੇ ਬੈਠੇ
ਸਭ ਲੋਕਾਂ ਮਾਰੇ ਖੁਸ਼ ਰਹਿੰਦੇ ਨੇ,
ਜੀਣਾ ਪੜ੍ਹਦੇ ਨੀਂ ਰੂਹ ਢੰਡੋਲਕੇ
ਲੱਖਾਂ ਪਾਂਡਿਆਂ ਮੁੱਲਾਂ ਤੋਂ ਪੁੱਛ ਬਹਿੰਦੇ ਨੇ॥

**ਲੇਖਕ : ਸ਼ਰਨ ਵਿਰਕ**

## ਸੰਭਾਵਨਾ

ਕੋਈ ਵੱਡਾ ਧਮਾਕਾ ਹੋਣ ਲੱਗਾ,
ਹਿੱਲ ਚਾਰ ਚੁਫੇਰਾ ਗਿਆ ਕਹਿੰਦੇ।
ਟਿੱਕਣ ਲੱਗੇ ਸਿਪਾਹ ਸਲਾਰ ਜੀਹਨੂੰ,
ਉਹਦੀ ਦਿੱਤੀ ਫੌਜ ਵਧਾ ਕਹਿੰਦੇ।

ਲੱਗੀ ਪੌੜੀ ਉਚੇ ਚੁਬਾਰਿਆਂ ਨੂੰ,
ਜਦ ਲੈਣਗੇ ਆਖਰ ਲਾਹ ਕਹਿੰਦੇ।
ਨਹੀਉਂ ਬਣਨੀ ਫਿਰ ਗੱਲ ਪਹਿਲੀ,
ਜਦ ਦਿੱਤੀ ਗੰਢ ਪਿੱਚਕਾ ਕਹਿੰਦੇ।

ਤਾੜ ਇੱਕ ਨੂੰ ਵਿੱਚ ਪਿੰਜਰੇ ਦੇ,
ਲਿਆ ਬੁਰੀ ਤਰਾਂ ਉਲਝਾ ਕਹਿੰਦੇ।
ਦੂਜਾ ਆਪ ਹੀ ਗਿਆ ਹੋ ਟੇਢਾ,
ਲਏ ਬੇੜੀਏਂ ਵੱਟੇ ਪਾ ਕਹਿੰਦੇ।

ਅੱਜ ਕੱਲ੍ਹ ਜਾਂ ਭਲਕ ਤਾਈ,
ਜਾਵੇ ਆ ਨਾ ਨਵਾਂ ਬਦਲਾਅ ਕਹਿੰਦੇ।
ਵੇਖੀਂ ਉੱਘੜਦਾ ਬੈਂਗਣੀ ਰੰਗ 'ਭਗਤਾ',
ਕਾਟੋ ਕਿੱਕਰੋਂ ਲਈ ਜਦ ਲਾਹ ਕਹਿੰਦੇ।।

**ਲੇਖਕ : ਬਰਾੜ 'ਭਗਤਾ ਭਾਈ ਕਾ'**
**+1-604-751-1113**

## ਫਰਜ਼ਾਂ ਭੁੱਲ ਚੱਲੇ

ਪੁੱਤ ਫਰਜ਼ਾਂ ਨੂੰ ਭੁੱਲ ਚੱਲੇ ਨੇ
ਮਾਪੇ ਤਾਂ ਹੀ ਰੁਲ ਚੱਲੇ ਨੇ ।
ਜਗਤ ਦਿਖਾਵਾ ਕਰਨ ਬਥੇਰਾ,
ਮਾਪਿਆਂ ਦਾ ਤ੍ਰਿਸਕਾਰ ਕਰਨ।
ਗੈਰਾਂ ਨੂੰ ਗਲ਼ ਨਾਲ ਲਗਾਉਂਦੇ,
ਮਾਪੇ ਭਾਵੇਂ ਜੀਣ ਮਰਨ।
ਰਿਸ਼ਤਿਆਂ ਦੀ ਤੰਦ ਪੀਡੀ ਸੀ ਜੋ,
ਟੁੱਟਦੀ ਟੁੱਟਦੀ ਟੁੱਟ ਚੱਲੀ।
ਸਾਂਝ ਬਚੀ ਨਾ ਆਂਦਰਾਂ ਵਾਲੀ,
ਭੈਣ ਵੀ ਰੋਂਦੀ ਟੁੱਟ ਚੱਲੀ।
ਕਲਮੇ ਨੀ! ਅੱਜ ਚੀਕ ਚੀਕ ਕੇ,
ਦੱਸ ਜੋ ਦਿਲ ਤੇ ਭਾਰ ਪਿਆ।
ਉਮਰਾਂ ਦੇ ਲਈ ਸਾਕ ਨਿਭਾਉਂ ,
ਵੀਰ! ਉਹ ਲਾਰਾ ਕਿੱਧਰ ਗਿਆ?
ਗੈਰਾਂ ਦੇ ਲਈ ਜੱਫੀਆਂ ਨੇ ਪਰ
ਮਾਂ ਤੇ ਬਾਪ ਲਈ ਘੂਰੀ ਏ।
ਜਾਂ ਤਾਂ ਖੁੱਲ੍ਹ ਕੇ ਦੱਸ ਤੂੰ ਮੈਨੂੰ,
ਤੇਰੀ ਕੀ ਮਜਬੂਰੀ ਏ?
ਇਹ ਵੇਲਾ ਨਾ ਮੁੜ ਕੇ ਆਉਣਾ,
ਸਾਂਭ ਲੈ ਵੀਰਾ ਛਾਵਾਂ ਨੂੰ।
ਮਗਰੋਂ ਕੁਝ ਨਹੀਂ ਲੱਭਦਾ ਜੱਗ ਤੇ,
ਹੁਣੇ ਸਾਂਭ ਲੈ ਚਾਵਾਂ ਨੂੰ।
ਬਾਪੂ ਤੇ ਮਾਂ ਸਾਨੂੰ ਸਭ ਨੂੰ
ਜੱਗ ਤੇ ਲੈ ਕੇ ਆਏ ਸੀ।
ਯਾਦ ਕਰਾਂ ਰੂਹ ਕੰਬਦੀ,
ਉਨ੍ਹਾਂ ਜੋ ਜੋ ਕਸ਼ਟ ਉਠਾਏ ਸੀ।
ਹੁਣ ਜੇ ਆਇਆ ਵਕਤ ਬੁਢਾਪਾ,
ਇਹ ਉਨ੍ਹਾਂ ਦਾ ਦੋਸ਼ ਨਹੀਂ।
ਕਿਉਂ ਕਹਿੰਦੇ ਹਾਂ, ਬਿਰਧ ਬਾਪ ਨੂੰ,
ਤੈਨੂੰ ਆਪਣੀ ਹੋਸ਼ ਨਹੀਂ।
ਸਭ ਤੇ ਆਉਣਾ ਇਹ ਵੇਲਾ ਵੀ,
ਰਹੇ ਨਾ ਬਾਗ ਬਹਾਰ ਸਦਾ।
ਖਾਣ ਪੀਣ ਵਾਲੇ ਸਭ ਉੱਡਦੇ
ਦੁੱਖ ਵੇਲੇ ਸਭ ਯਾਰ ਸਦਾ।
ਇਸ ਵੇਲੇ ਨੂੰ ਸਾਂਭਣ ਵਾਲੇ ,
ਜੱਗ ਤੇ ਸੋਭਾ ਪਾਉਂਦੇ ਨੇ।
ਮਗਰੋਂ ਭਾਵੇਂ ਰੋ ਰੋ ਖਪੀਏ,
ਉਹ ਪਲ ਪਰਤ ਨਾ ਆਉਂਦੇ ਨੇ।

**ਲੇਖਕ : ਨਵਗੀਤ ਕੌਰ**

## ਮਾਂ ਬੋਲੀ ਤੇ ਮੈਂ ਕੀ ਬੋਲਾਂ

ਮਾਂ ਬੋਲੀ ਤੇ ਮੈਂ ਕੀ ਬੋਲਾਂ
ਗੁਰੂਆਂ ਪੀਰਾਂ ਦੀ ਇਹ ਬੋਲੀ,
ਮਾਂ ਦੀ ਮਮਤਾ ਰੂਪੀ ਜਾਪੇ,
ਦੁੱਧ ਵਿੱਚ ਮਿਸ਼ਰੀ ਘੋਲੀ।

ਇਸ ਬੋਲੀ ਵਿੱਚ ਸਾਡੇ ਗੁਰੂਆਂ,
ਰਚੀ ਹੋਈ ਗੁਰਬਾਣੀ,
ਧਰਤੀ ਨੂੰ ਇਹ ਮਾਤਾ ਮੰਨਦੀ,
ਪਿਤਾ ਮੰਨਦੀ ਏ ਪਾਣੀ।

ਅੱਜਕਲ੍ਹ ਕੁਝ ਬੇਅਕਲੇ ਲੋਕੀਂ,
ਮਾਂ ਬੋਲੀ ਜਾਂਣ ਭੁਲਾਈ,
ਇਹ ਕੋਈ ਚੰਗੀ ਰੀਤ ਨਹੀਂ ਹੈ,
ਜੋ ਹੁਣ ਲੋਕਾਂ ਅਪਣਾਈ।

ਅੱਜਕਲ੍ਹ ਸਾਡੇ ਵਿੱਚ ਸਕੂਲਾਂ,
ਪੰਜਾਬੀ ਬੋਲਣ ਤੇ ਜੁਰਮਾਨਾ ਏ,
ਖੋਰੇ ਮੇਰੀ ਮਾਂ ਬੋਲੀ ਦੱਸ ਕਿਉਂ,
ਭੁਗਤੇ ਹਰਜ਼ਾਨਾ ਏ।

ਕਹੇ ਕਮਾਲੂ ਆਲਾ ਅੰਮ੍ਰਿਤ,
ਪੰਜਾਬੀ ਨੂੰ ਨਾਂ ਵਿਸਾਰੋ ਜੀ,
ਇਹ ਥੋੜੀ ਹੈ ਮਾਂ ਦੀ ਬੋਲੀ,
ਇਹਨੂੰ ਦਿਲੋਂ ਤੁਸੀਂ ਸਤਿਕਾਰੋ ਜੀ,
ਇਹਨੂੰ ਦਿਲੋਂ ਤੁਸੀਂ ਸਤਿਕਾਰੋ ਜੀ।

**ਲੇਖਕ : ਅੰਮ੍ਰਿਤਪਾਲ ਸਿੰਘ ਕਮਾਲੂ**

## ਸਾਡੇ ਦੇਸ਼ ਦੀ ਸਚਾਈ

ਕਾਮਿਆਂ ਨੇ ਚਮੜੀ ਲੁਹਾਈ ਮਿੱਤਰਾ
ਲੋਟੂਆਂ ਨੇ ਖਾ ਲਈ ਮਲਾਈ ਮਿੱਤਰਾ
ਇਹ ਸਾਡੇ ਦੇਸ਼ ਦੀ ਸਚਾਈ ਮਿੱਤਰਾ
ਮਾੜੇ ਬੰਦੇ ਦੀ ਨਾ ਹੁੰਦੀ ਸੁਣਵਾਈ ਮਿੱਤਰਾ
ਜਿੱਦ ਤਕੜੇ ਨੇ ਹਰ ਥਾਂ ਪੁਗਾਈ ਮਿੱਤਰਾ
ਇਹ ਸਾਡੇ ਦੇਸ਼ ਦੀ ਸਚਾਈ ਮਿੱਤਰਾ
ਜਿਹੜੇ ਕਰਦੇ ਨੇ ਸਾਡੀ ਅਗਵਾਈ ਮਿੱਤਰਾ
ਅੱਗ ਘਰ-ਘਰ ਵਿੱਚ ਉਨ੍ਹਾਂ ਲਾਈ ਮਿੱਤਰਾ
ਇਹ ਸਾਡੇ ਦੇਸ਼ ਦੀ ਸਚਾਈ ਮਿੱਤਰਾ
ਜੀਹਨੇ ਹਵਾ ਵਿੱਚ ਝੂਠ ਟਿਕਾਈ ਮਿੱਤਰਾ
ਉਸ ਧਰਮ ਵਿੱਚ ਪੂਰੀ ਹੈ ਕਮਾਈ ਮਿੱਤਰਾ
ਇਹ ਸਾਡੇ ਦੇਸ਼ ਦੀ ਸਚਾਈ ਮਿੱਤਰਾ
ਸੱਤਾ, ਪੂੰਜੀ ਨੇ ਜੇਬ ਵਿੱਚ ਪਾਈ ਮਿੱਤਰਾ
ਮੁਨਾਫੇ ਨੇ ਬਣਾਤੇ ਕਈ ਕਸਾਈ ਮਿੱਤਰਾ
ਇਹ ਸਾਡੇ ਦੇਸ਼ ਦੀ ਸਚਾਈ ਮਿੱਤਰਾ
ਜਦੋਂ ਸੜਕਾਂ 'ਤੇ ਆਊਗੀ ਲੁਕਾਈ ਮਿੱਤਰਾ
ਬੱਸ ਉਸੇ ਦਿਨ ਹੋਵੇਗੀ ਸਫਾਈ ਮਿੱਤਰਾ
ਇਹ ਸਾਡੇ ਦੇਸ਼ ਦੀ ਸਚਾਈ ਮਿੱਤਰਾ

**ਲੇਖਕ : ਕੁਲਦੀਪ ਸਿਰਸਾ**

## ਉੱਠ ਨੀ ਜਿੰਦੇ

ਉੱਠ ਨੀ ਜਿੰਦੇ ਹੁਣ ਭੋਰ੍ਹਾ
ਮਾਹੌਲ ਬਦਲ ਕੇ ਆਈਏ
ਚੱਲ ਛੱਪੜ ਵਿੱਚ ਮਾਰ ਕੇ ਰੋੜਾ
ਲਹਿਰਾਂ ਵੇਖ ਕੇ ਆਇਏ

ਇੱਕ ਕੱਜਲ ਦੀ ਧਾਰੀ ਨਾਲੇ
ਚਿਹਰਾ ਵੇਖ ਕੇ ਆਈਏ
ਹਵਾ ਚ ਉੱਡਦੀ ਖੁਸ਼ਬੂ ਦੀ
ਭੋਰ੍ਹਾ ਹਵਾ ਬਦਲ ਕੇ ਆਈਏ

ਜੋ ਆਪ ਨਾ ਮਾਰੇ ਗੇੜਾ ਇੱਕ
ਉਹਨੂੰ ਮਿਹਣਾਂ ਮਾਰ ਕੇ ਆਈਏ
ਸਭ ਸੱਜਣਾਂ ਦੇ ਹੁਣ ਤੱਕ ਆਏ
ਉਲਾਂਭੇ ਉਤਾਰ ਕੇ ਆਈਏ

**ਲੇਖਕ : ਗੁਰਦੀਪ ਸਿੰਘ ਮਾਨ**

## ਗ਼ਜ਼ਲ

ਮੇਰੇ ਪੰਜਾਬ ਦੀ ਇਹ ਤਸਵੀਰ ਨਹੀਂ।
ਅੱਜ ਮਿੱਠੜੇ ਇਹਦੇ ਪੰਜ ਨੀਰ ਨਹੀਂ।

ਮੱਲ ਅਖਾੜੇ ਨਿਤ ਸੀ ਲਗਦੇ,
ਹੁਣ ਘੁਲਣ ਈ ਵਾਲੇ ਸਰੀਰ ਨਹੀਂ।

ਪਿੰਡਾਂ ਚ ਭਾਈਚਾਰਾ ਸੀ ਨਿੱਘਾ,
ਹੁਣ ਕਿਸੇ ਨੂੰ ਕਿਸੇ ਦੀ ਪੀੜ ਨਹੀਂ।

ਅੰਨੀ ਸਿਆਸਤ ਘਰ ਘਰ ਪਹੁੰਚੀ,
ਸਬਰ ਸਹਿਣਸ਼ੀਲਤਾ ਧੀਰ ਨਹੀਂ ।

ਸੰਝ ਸਵੇਰੇ ਧਾਰਾਂ ਸਨ ਕੱਢਦੇ,
ਹੁਣ ਘਰ ਦੇ ਦੁੱਧ ਖੀਰ ਨਹੀਂ।

ਅਵੱਲੇ ਨਸ਼ਿਆਂ ਦੇ ਗੋਲੇ ਹੋ ਗਏ,
ਗ਼ੈਰਤ ਗਹਿਣੇ, ਕੋਈ ਜ਼ਮੀਰ ਨਹੀਂ।

ਨਾਨਕ ਵਾਲਾ ਰਾਹ ਤੂੰ ਤਿਆਗਿਆ,
ਜਿਸ ਪੀਰ ਜਿਹਾ ਕੋਈ ਪੀਰ ਨਹੀਂ ।

ਕਿਹੜੇ ਰਾਹ ਪੰਜਾਬ ਪਿਐਂ? ਤੈਨੂੰ -
ਵਿਰਸਿਓਂ ਮਿਲੀ ਆਹ ਤਾਸੀਰ ਨਹੀਂ।

ਅਕ੍ਰਿਤਘਣਾਂ ਤੈਨੂੰ ਘੇਰਾ ਪਾਇਆ,
ਤੇਰੇ ਛੁੱਟਣ ਦੀ ਕੋਈ ਤਦਬੀਰ ਨਹੀਂ ।

ਨਾ ਅੰਬ, ਨਿੰਮ, ਬੋਹੜ , ਟਾਹਲੀਆਂ,
'ਨਾਕਾਮ', ਲੱਭਣ ਕਿਤੇ ਕਰੀਰ ਨਹੀਂ।

**ਲੇਖਕ : ਗੁਰਬਖਸ਼ ਸਿੰਘ 'ਨਾਕਾਮ'**
**+1 864 318 5500**

## ਹੰਝੂ

ਸਾਗਰ ਵਰਗਾ ਖਾਰਾ ਹੰਝੂ,
ਦਿਲ ਦਾ ਬਣੇ ਸਹਾਰਾ ਹੰਝੂ।
ਸਭੈ ਸਾਥ ਕਿਨਾਰਾ ਕਰ ਜਾਣ,
ਪਰ ਨਾ ਕਰੇ ਕਿਨਾਰਾ ਹੰਝੂ।
ਇੱਕ ਹੰਝੂ ਦਾ ਮੁੱਲ ਕਈ ਪੀੜਾਂ,
ਪੀੜਾਂ ਦਾ ਵਣਜਾਰਾ ਹੰਝੂ।
ਦੁੱਖ, ਰੋਸੇ, ਗਮ ਚੁੱਕੀ ਫਿਰਦਾ,
ਕੀ ਜਾਣੋ ? ਕਿਨਾਂ ਭਾਰਾ ਹੰਝੂ।
ਅੱਖ ਤਾਂ ਬਸ ਗਵਾਹੀ ਭਰਦੀ,
ਦਿਲ ਚੋਂ ਨਿਕਲੇ ਯਾਰਾ ਹੰਝੂ।
ਬੱਚੇ ਦਾ ਹੰਝੂ 'ਰੋਸੇ' ਵਾਲਾ,
ਕਿਰਤੀ ਦਾ 'ਵਿਚਾਰਾ' ਹੰਝੂ।
ਧੀ ਬਾਬਲ ਤੋਂ ਦੁੱਖ ਛੁਪਾਵੇ,
ਹਾਲ ਦਸ ਜਾਏ ਸਾਰਾ ਹੰਝੂ।
'ਸਿੱਧੂ' ਦੀ ਅੱਖ ਨਮੀਂ-ਨਿਮਰਤਾ,
ਤਾਹੀਓਂ ਜਾਣੋ ਪਿਆਰਾ ਹੰਝੂ।

**ਹਰਗੋਬਿੰਦ ਸਿੰਘ**

## ਉੱਡ ਜਾਣਾ ਇੱਥੋਂ ਲੋਚਦੇ

ਜਿੱਥੇ ਨਸ਼ਿਆਂ ਦੀ ਭਰਮਾਰ ਹੈ
ਨਾ ਬੱਚਿਆਂ ਲਈ ਰੁਜਗਾਰ ਹੈ
ਦੁੱਖ ਸਮਝਦੀ ਨਾ ਸਰਕਾਰ ਹੈ
ਜਦ ਬਹਿ ਕੇ ਮਾਪੇ ਸੋਚਦੇ
ਉੱਡ ਜਾਣਾ ਇੱਥੋਂ ਲੋਚਦੇ
ਬੱਚਿਆਂ ਲਈ ਗੁਫ਼ਾ ਬਣਾ ਕੇ
ਰੱਖ ਲਈਏ ਕਿੱਥੇ ਲੁਕਾ ਕੇ
ਇੱਥੇ ਫਿਰਨ ਭੇੜੀਏ ਨੋਚਦੇ
ਜਦ ਮਾਪੇ ਬਹਿ ਕੇ ਸੋਚਦੇ
ਉੱਡ ਜਾਣਾ ਇੱਥੋਂ ਲੋਚਦੇ
ਨਿੱਤ ਲੁੱਟਾਂ ਖੋਹਾਂ ਕਰ ਰਹੇ
ਕਿਉਂ ਨਹੀਂ ਕਿਸੇ ਤੋਂ ਡਰ ਰਹੇ
ਨਾ ਰੋਕਣ ਵਾਲੇ ਰੋਕਦੇ
ਜਦ ਮਾਪੇ ਬਹਿ ਕੇ ਸੋਚਦੇ
ਉੱਡ ਜਾਣਾ ਇੱਥੋਂ ਲੋਚਦੇ

**ਲੇਖਕ : ਕਰਮਜੀਤ ਸਿੰਘ ਗਰੇਵਾਲ**

# ਨਾਰੀ ਸੰਸਾਰ



# ਇੰਟਰਵਿਊ

## ਕਿਸੇ ਇਮਤਿਹਾਨ ਤੋਂ ਘੱਟ ਨਹੀਂ...

ਚਾਹੇ ਇੰਟਰਵਿਊ ਕਿਸੇ ਵੱਡੀ ਨੌਕਰੀ ਲਈ ਹੋਵੇ ਜਾਂ ਛੋਟੀ, ਹਰ ਇੰਟਰਵਿਊ ਤੋਂ ਪਹਿਲਾਂ ਇੰਟਰਵਿਊ ਦੇਣ ਵਾਲੇ ਨੂੰ ਤਣਾਅ 'ਚੋਂ ਲੰਘਣਾ ਪੈਂਦਾ ਹੈ। ਇਸ ਲਈ ਇੰਟਰਵਿਊ ਦੇ ਲਈ ਇਸ ਦੀ ਚੰਗੀ ਤਰ੍ਹਾਂ ਤਿਆਰੀ ਕਰੋ।

ਜਿਵੇਂ-ਜਿਵੇਂ ਤੁਹਾਡੇ ਇੰਟਰਵਿਊ ਦੀ ਤਾਰੀਖ ਨੇੜੇ ਆ ਰਹੀ ਹੋਵੇ, ਤੁਸੀਂ ਇਕ ਫਰਜ਼ੀ ਇੰਟਰਵਿਊ ਦੇਣ ਦੀ ਕੋਸ਼ਿਸ਼ ਕਰੋ। ਆਪਣੇ ਕਿਸੇ ਖਾਸ ਦੋਸਤ, ਘਰ ਦੇ ਕਿਸੇ ਮੈਂਬਰ ਨੂੰ ਕੁਝ ਦੇਰ ਲਈ ਆਪਣਾ ਹੋਣ ਵਾਲਾ ਬੌਸ ਬਣਾ ਦਿਓ ਅਤੇ ਉਸ ਨੂੰ ਕਹੋ ਕਿ ਉਹ ਤੁਹਾਡੀ ਇੰਟਰਵਿਊ ਲਵੇ।

ਜੇ ਤੁਸੀਂ ਆਪਣੇ ਜੀਵਨ ਦੀ ਪਹਿਲੀ ਨੌਕਰੀ ਲਈ ਇੰਟਰਵਿਊ ਦੇਣ ਜਾ ਰਹੇ ਹੋ ਤਾਂ ਸਪੱਸ਼ਟ ਹੈ ਕਿ ਤੁਹਾਨੂੰ ਰੁਜ਼ਗਾਰ ਦੀ ਦੁਨੀਆ ਦੇ ਸ਼ਿਸ਼ਟਾਚਾਰ ਦੀ ਵਿਵਹਾਰਿਕ ਜਾਣਕਾਰੀ ਵੀ ਹੋਣੀ ਚਾਹੀਦੀ ਹੈ, ਜਿਵੇਂ-

- ਕਦੇ ਵੀ ਕੈਜ਼ੂਅਲ ਟੀ-ਸ਼ਰਟ ਅਤੇ ਫੈਂਸੀ ਜੁੱਤੀ ਪਾ ਕੇ ਨੌਕਰੀ ਲਈ ਇੰਟਰਵਿਊ ਦੇਣ ਨਾ ਜਾਓ।
- ਹਮੇਸ਼ਾ ਰਸਮੀ ਆਫਿਸਵਿਅਰ ਵਿਚ ਹੀ ਇੰਟਰਵਿਊ ਦੇ ਲਈ ਜਾਓ।
- ਰਿਜ਼ਿਊਮ ਤੋਂ ਇਲਾਵਾ ਆਪਣੇ ਉਹ ਸਾਰੇ ਵਿੱਦਿਅਕ ਸਰਟੀਫਿਕੇਟ ਅਤੇ ਪ੍ਰਾਪਤੀਆਂ ਦੇ ਸਰਟੀਫਿਕੇਟ ਵੀ ਇਕ ਵਿਵਸਥਿਤ ਲੜੀ ਵਿਚ ਫੋਲਡਰ ਦੇ ਅੰਦਰ ਲੈ ਕੇ ਜਾਓ।
- ਇਹ ਵੱਖਰੇ ਤਰ੍ਹਾਂ ਦੇ ਸਰਟੀਫਿਕੇਟ ਤੁਹਾਡੀ ਦਾਅਵੇਦਾਰੀ ਨੂੰ ਇੰਟਰਵਿਊਅਰ ਦੇ ਸਾਹਮਣੇ ਮਜ਼ਬੂਤ ਕਰਨਗੇ। ਨਤੀਜੇ ਵਜੋਂ ਤੁਹਾਡੇ ਲਈ ਨੌਕਰੀ ਦੀ ਸਥਿਤੀ ਬਿਹਤਰ ਹੋਵੇਗੀ।

ਅਣਕਿਆਸੇ ਸਵਾਲਾਂ ਦੇ ਲਈ ਤਿਆਰ ਰਹੋ ਅਤੇ ਅਜਿਹੇ ਮੌਕੇ 'ਤੇ ਹਮੇਸ਼ਾ ਇਮਾਨਦਾਰੀ ਨਾਲ ਅਤੇ ਪੂਰੀ ਰਚਨਾਤਮਕਤਾ ਦੇ ਨਾਲ ਜਵਾਬ ਦਿਓ। ਇਸ ਨਾਲ ਤੁਸੀਂ ਫਾਇਦੇ ਵਿਚ ਰਹੋਗੇ। ...ਅਤੇ ਹਾਂ, ਜਿਸ ਸਵਾਲ ਦਾ ਜਵਾਬ ਤੁਸੀਂ ਬਿਲਕੁਲ ਨਾ ਜਾਣਦੇ ਹੋਵੋ, ਉਸ ਨੂੰ ਨਾ ਦਿਓ। ਇਸ ਦੇ ਲਈ ਕਲਪਨਾਸ਼ੀਲਤਾ ਤੋਂ ਬਚੋ। ਕਿਉਂਕਿ ਜਿਸ ਚੀਜ਼ ਦੇ ਬਾਰੇ ਵਿਚ ਤੁਸੀਂ ਨਹੀਂ ਜਾਣਦੇ, ਜੇ ਜ਼ਬਰਦਸਤੀ ਉਸ ਬਾਰੇ ਕੁਝ ਬੋਲਣ ਦੀ ਕੋਸ਼ਿਸ਼ ਕਰੋਗੇ ਤਾਂ ਨਤੀਜਾ ਇਹ ਨਿਕਲੇਗਾ ਕਿ ਤੁਸੀਂ ਬਿਲਕੁਲ ਗ਼ਲਤ-ਮਲਤ ਬੋਲੋਗੇ, ਜੋ ਨਾ ਸਿਰਫ ਤੁਹਾਡੀ ਅਗਿਆਨਤਾ ਦਾ ਸਬੂਤ ਹੋਵੇਗਾ, ਸਗੋਂ ਇਸ ਨਾਲ ਤੁਹਾਡਾ ਇਕ ਗ਼ਲਤ ਅਕਸ ਵੀ ਬਣੇਗਾ। ਇੰਟਰਵਿਊ ਲੈਣ ਵਾਲੇ ਨੂੰ ਲੱਗੇਗਾ ਕਿ ਤੁਸੀਂ ਉਸ ਨੂੰ ਵਰਗਲਾਉਣ ਦੀ ਕੋਸ਼ਿਸ਼ ਕਰ ਰਹੇ ਹੋ। ਇਹ ਸਥਿਤੀ ਖਤਰਨਾਕ ਹੋ ਸਕਦੀ ਹੈ। ਇਸ ਲਈ ਜਿਸ ਸਵਾਲ ਦਾ ਜਵਾਬ ਨਾ ਜਾਣਦੇ ਹੋਵੋ, ਬੇਝਿਜਕ ਕਹਿ ਦਿਓ- 'ਸੌਰੀ, ਮੈਨੂੰ ਇਸ ਬਾਰੇ ਵਿਚ ਕੁਝ ਨਹੀਂ ਪਤਾ।'

ਆਮ ਤੌਰ 'ਤੇ ਇੰਟਰਵਿਊ ਦੌਰਾਨ ਇੰਟਰਵਿਊ ਲੈਣ ਵਾਲਾ ਇਕ ਸਵਾਲ ਲੋੜੀਂਦੀ ਤਨਖਾਹ ਦੇ ਬਾਰੇ ਵਿਚ ਵੀ ਪੁੱਛਦਾ ਹੈ। ਇਸ ਸਵਾਲ ਦਾ ਜਵਾਬ ਦਿੰਦੇ ਸਮੇਂ ਇਮਾਨਦਾਰੀ ਦਾ ਪੱਲਾ ਫੜੋ ਅਤੇ ਆਪਣੀ ਲੋੜ ਨੂੰ ਵਾਸਤਵਿਕਤਾ ਦੇ ਧਰਾਤਲ 'ਤੇ ਰੱਖੋ। ਏਨੀ ਜ਼ਿਆਦਾ ਤਨਖਾਹ ਨਾ ਮੰਗੋ ਕਿ ਇੰਟਰਵਿਊ ਲੈਣ ਵਾਲਾ ਤੁਹਾਡੀ ਇੰਟਰਵਿਊ ਲੈਣ ਦਾ ਅੱਗੇ ਇਰਾਦਾ ਹੀ ਛੱਡ ਦੇਵੇ। ਜੇਕਰ ਇੰਟਰਵਿਊ ਸਮਾਪਤ ਵੀ ਹੋ ਗਿਆ ਹੈ ਤਾਂ ਵੀ ਮੋਟੀ ਅਵਾਸਤਵਿਕ ਤਨਖਾਹ ਦੀ ਧਨ ਰਾਸ਼ੀ ਤੁਹਾਡਾ ਬਣਿਆ-ਬਣਾਇਆ ਕੰਮ ਵਿਗਾੜ ਸਕਦੀ ਹੈ। ਇਸ ਲਈ ਅਜਿਹੀ ਸਥਿਤੀ ਤੋਂ ਬਚੋ। ਜੇਕਰ ਤੁਸੀਂ ਆਪਣੀ ਲੋੜੀਂਦੀ ਤਨਖਾਹ ਨੂੰ ਲੈ ਕੇ ਕੋਈ ਹੋਮਵਰਕ ਨਹੀਂ ਕੀਤਾ ਹੈ ਤਾਂ ਬਿਹਤਰ ਹੈ ਕਿ ਤੁਸੀਂ ਇਸ ਸਵਾਲ ਦਾ ਇਹ ਕਹਿੰਦੇ ਹੋਏ ਇਕ ਵਿਵਹਾਰਿਕ ਜਵਾਬ ਦਿਓ ਕਿ ਇਸ ਅਹੁਦੇ ਲਈ ਜੋ ਵਿਵਹਾਰਿਕ ਤਨਖਾਹ ਤੁਹਾਡੇ ਵੱਲੋਂ ਦਿੱਤੀ ਜਾਵੇਗੀ, ਉਹ ਮੈਨੂੰ ਮਨਜ਼ੂਰ ਹੋਵੇਗੀ।

-ਕੀਰਤੀ ਸ਼ੇਖਰ

## ਘਰੇਲੂ ਮਾਹੌਲ ਵਿਗਾੜਦੀ ਹੈ ਮਨਾਂ ਦੀ ਕੁੜੱਤਣ



ਲੇਖਕ : ਮਨਦੀਪ ਕੁੰਦੀ, ਮੋਬਾ: 98140-68614

ਵਸਦਿਆਂ ਘਰਾਂ ਵਿਚ ਚਾਵਾਂ ਤੇ ਖੁਸ਼ੀਆਂ ਨਾਲ ਰਹਿਣਾ ਬਹੁਤ ਚੰਗੇ ਪਰਿਵਾਰ ਦੀ ਨਿਸ਼ਾਨੀ ਹੈ। ਜਿਸ ਘਰ ਵਿਚ ਸਾਰੇ ਲੋਕ ਇਕ-ਦੂਜੇ ਨਾਲ ਪਿਆਰ, ਹਮਦਰਦੀ ਤੇ ਸਦਭਾਵਨਾ ਨਾਲ ਰਹਿੰਦੇ ਹੋਣ, ਉਸ ਘਰ ਵਿਚ ਸਾਰਾ ਮਾਹੌਲ ਖ਼ੁਸ਼ਗਵਾਰ ਤੇ ਸਦਾ ਹਾਸੋਹੀਣਾ ਰਹਿੰਦਾ ਹੈ। ਅਜਿਹੇ ਘਰ ਵਿਚ ਪਰਮਾਤਮਾ ਵੀ ਬਰਕਤਾਂ ਦੇ ਢੇਰ ਲਾ ਦਿੰਦਾ ਹੈ। ਕਦੇ ਵੀ ਕਿਸੇ ਚੀਜ਼ ਦੀ ਕਮੀ ਮਹਿਸੂਸ ਨਹੀਂ ਹੋਣ ਦਿੰਦਾ, ਕਿਉਂਕਿ ਇਸ ਤਰ੍ਹਾਂ ਦੇ ਪਰਿਵਾਰ ਦੇ ਸਾਰੇ ਲੋਕ ਆਪਣੇ ਨਿੱਜੀ ਹਿਤਾਂ ਨੂੰ ਭੁੱਲ ਕੇ ਸਗੋਂ ਇਕਮੁੱਠ ਹੋ ਕੇ ਘਰ ਦੀ ਤਰੱਕੀ ਤੇ ਬਿਹਤਰੀ ਲਈ ਹਮੇਸ਼ਾ ਹੀ ਯਤਨਸ਼ੀਲ ਰਹਿੰਦੇ ਹਨ ਪਰ ਦੂਜੇ ਪਾਸੇ ਜਿਸ ਘਰ ਵਿਚ ਸਾਰਾ ਮਾਹੌਲ ਤਣਾਅ ਭਰਿਆ ਤੇ ਪੂਰਾ ਵਾਤਾਵਰਨ ਖਿੱਚ-ਧੂਹ ਵਾਲਾ ਰਹੇ, ਉਥੇ ਤਾਂ ਹੱਸਦੇ-ਵਸਦੇ ਘਰ ਵੀ ਪਲਾਂ ਵਿਚ ਬਰਬਾਦ ਹੋ ਜਾਂਦੇ ਹਨ। ਅਜਿਹੇ ਘਰਾਂ ਵਿਚ ਕਦੇ ਵੀ ਕਿਸੇ ਲਈ ਤਰੱਕੀ ਦਾ ਕੋਈ ਰਸਤਾ ਨਹੀਂ ਖੁੱਲ੍ਹਦਾ।

ਭਾਵ ਕਿ ਜਿਥੇ ਹਮੇਸ਼ਾ ਤੇਰਾ-ਮੇਰਾ, ਜ਼ਿਆਦਾ-ਥੋੜ੍ਹਾ ਤੇ ਚੰਗਾ-ਮੰਦਾ ਚਲਦਾ ਰਹਿੰਦਾ ਹੈ, ਫਿਰ ਉਸ ਘਰ ਅੰਦਰ ਤਾਂ ਭਰੀਆਂ-ਭਰਾਈਆਂ ਤਿਜੌਰੀਆਂ ਵੀ ਕੁਝ ਸਮੇਂ ਬਾਅਦ ਖਾਲੀ ਹੋ ਜਾਂਦੀਆਂ ਹਨ। ਬਹੁਤ ਵੱਡੇ-ਵੱਡੇ ਤੇ ਸਰਮਾਏਦਾਰ ਲੋਕ ਵੀ ਆਪਣੀ ਫੁੱਟ ਤੇ ਆਪਸ ਵਿਚ ਮਨਾਂ ਦੀ ਕੁੜੱਤਣ ਕਾਰਨ ਬਹੁਤ ਥੋੜ੍ਹੇ ਸਮੇਂ ਵਿਚ ਕੰਗਾਲ ਹੋ ਜਾਂਦੇ ਹਨ। ਜਿਸ ਘਰ ਦਾ ਮਾਹੌਲ ਖਰਾਬ ਰਹੇਗਾ ਤਾਂ ਸੁਭਾਵਿਕ ਤੌਰ 'ਤੇ ਉਸ ਜਗ੍ਹਾ ਏਕਤਾ, ਹੌਸਲਾ ਤੇ ਹੱਲਾਸ਼ੇਰੀ ਤੁਹਾਡੇ ਕੋਲੋਂ ਵੀ ਨਹੀਂ ਲੰਘ ਸਕੇਗੀ। ਜਦੋਂ ਤੱਕ ਇਹ ਤਿੰਨ ਚੀਜ਼ਾਂ ਕਿਸੇ ਵੀ ਇਨਸਾਨ ਨੂੰ ਨਹੀਂ ਮਿਲਦੀਆਂ, ਉਸ ਸਮੇਂ ਤੱਕ ਕੋਈ ਵੀ ਇਨਸਾਨ ਕਾਮਯਾਬੀ ਦੀ ਪੌੜੀ ਨਹੀਂ ਚੜ੍ਹ ਸਕਦਾ।

ਅਜੋਕੇ ਸਮੇਂ ਤਾਂ ਇਹ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਅੱਜ ਦੇ ਮਸ਼ੀਨੀ ਯੁੱਗ ਅੰਦਰ ਹਰ ਬੰਦਾ ਆਪਣੇ ਪਰਿਵਾਰ ਦੇ ਹਰ ਬੰਦੇ ਦਾ ਦੁੱਖ-ਸੁੱਖ ਸਮਝ ਕੇ ਇਕ-ਦੂਜੇ ਦੀਆਂ ਭਾਵਨਾਵਾਂ ਦੀ ਕਦਰ ਕਰਦਾ ਹੋਇਆ ਆਪਣੇ ਵਲੋਂ ਦੂਜੇ ਵਿਅਕਤੀ ਦੀ ਕਾਮਯਾਬੀ ਲਈ ਉਸ ਦਾ ਪੂਰਾ-ਪੂਰਾ ਸਾਥ ਦੇਵੇ। ਇਕੱਲਾ ਇਕ ਤੇ ਦੋ ਗਿਆਰਾਂ ਵਾਲੀ ਕਹਾਵਤ ਵਾਂਗ ਕਿਸੇ ਵਲੋਂ ਦਿੱਤਾ ਗਿਆ ਹੌਸਲਾ ਦੂਜੇ ਵਿਅਕਤੀ ਨੂੰ ਬਹੁਤ ਵੱਡੇ-ਵੱਡੇ ਕੰਮ ਕਰਨ ਲਈ ਸਹਾਈ ਸਿੱਧ ਹੁੰਦਾ ਹੈ। ਇਹ ਵੀ ਸੱਚ ਹੈ ਕਿ ਅੱਜ ਦੇ ਸਮੇਂ ਸਾਂਝੇ ਪਰਿਵਾਰਾਂ ਦੀ ਹੋਂਦ ਖਤਰੇ ਵਿਚ ਪੈ ਗਈ ਹੈ। ਦੋਸਤੋ! ਜੇਕਰ ਅਸੀਂ ਥੋੜ੍ਹੀ ਜਿਹੀ ਕੋਸ਼ਿਸ਼ ਕਰੀਏ ਤਾਂ ਇਸ ਤਰ੍ਹਾਂ ਦੀ ਹੋਂਦ ਨੂੰ ਖ਼ਤਮ ਹੋਣੋਂ ਬਚਾਇਆ ਜਾ ਸਕਦਾ ਹੈ, ਬਸ ਲੋੜ ਹੈ ਸਿਰਫ ਆਪਣੇ-ਆਪ 'ਤੇ ਧੀਰਜ ਤੇ ਸੰਜਮ 'ਚ ਰਹਿ ਕੇ ਆਪ ਤੋਂ ਵੱਡੇ ਵਿਅਕਤੀਆਂ ਦੀਆਂ ਗੱਲਾਂ ਸੁਣ ਕੇ ਉਨ੍ਹਾਂ ਉੱਪਰ ਅਮਲ ਕਰਕੇ ਬਹੁਤ ਹੀ ਪਿਆਰ ਤੇ ਸਤਿਕਾਰ ਨਾਲ ਇਕ-ਦੂਜੇ ਦੇ ਕੰਮ ਆਉਣ ਦੀ।

## ਕਿੰਨੇ ਕੁ ਦੋਸਤ ਹਨ ਤੁਹਾਡੇ ਜਵਾਨ ਹੁੰਦੇ ਬੱਚੇ ਦੇ...

ਲੇਖਕ : ਵਰਿੰਦਰ ਸਹੋਤਾ, ਸੰਪਰਕ : 84379-25062



ਜੇਕਰ ਤੁਹਾਡਾ ਬੱਚਾ ਸਕੂਲ, ਟਿਊਸ਼ਨ ਜਾਂ ਕਿਸੇ ਖੇਡ ਮੈਦਾਨ/ਕਲੱਬ ਆਦਿ 'ਚ ਜਾ ਰਿਹਾ ਹੈ ਤਾਂ ਉਸ 'ਤੇ ਨਜ਼ਰ ਰੱਖੋ। ਇਸ ਦੇ ਲਈ ਜਿਥੇ ਹੋਰ ਪੱਖਾਂ ਤੋਂ ਨਜ਼ਰ ਰੱਖਣ ਦੀ ਜ਼ਰੂਰਤ ਹੈ, ਉਥੇ ਇਸ ਗੱਲ ਵੱਲ ਖਾਸ ਧਿਆਨ ਦੀ ਵੀ ਲੋੜ ਹੈ ਕਿ ਤੁਹਾਡਾ ਜਵਾਨ ਹੁੰਦਾ ਬੱਚਾ ਕਿੰਨੇ ਕੁ ਦੋਸਤ ਬਣਾ ਰਿਹਾ ਹੈ। ਚੰਗਾ, ਸੱਚਾ ਤੇ ਇਮਾਨਦਾਰ ਦੋਸਤ ਇਕ ਵੀ ਬਹੁਤ ਹੁੰਦਾ ਹੈ ਪਰ ਦੋਸਤ ਇਕ ਦੀ ਬਜਾਏ ਦੋ ਵੀ ਹੋ ਸਕਦੇ ਹਨ। ਆਮ ਦੇਖਣ 'ਚ ਆਉਂਦਾ ਹੈ ਕਿ ਜਵਾਨ ਹੁੰਦੇ ਬੱਚੇ ਖਾਸ ਕਰਕੇ ਲੜਕੇ ਬਹੁਤ ਜ਼ਿਆਦਾ ਦੋਸਤ ਬਣਾ ਲੈਂਦੇ ਹਨ ਜੋ ਕਿ ਠੀਕ ਨਹੀਂ ਹੈ। ਜੇਕਰ ਦੋਸਤਾਂ ਦੀ ਗਿਣਤੀ ਜ਼ਿਆਦਾ ਵਧ ਜਾਵੇਗੀ ਤਾਂ ਤੁਹਾਡੇ ਬੱਚੇ ਦਾ ਧਿਆਨ ਵੀ ਜ਼ਿਆਦਾ ਭਾਗਾਂ ਵਿਚ ਵੰਡ ਜਾਵੇਗਾ। ਅਜਿਹਾ ਹੋਣ ਨਾਲ ਉਸ ਦਾ ਰੁਝੇਵਾਂ ਵਧੇਗਾ ਅਤੇ ਉਹ ਸਮੇਂ ਦੀ ਬਰਬਾਦੀ ਵੀ ਕਰੇਗਾ। ਇਸ ਲਈ ਬਹੁਤ ਜ਼ਰੂਰੀ ਹੈ ਕਿ ਸਭ ਤੋਂ ਪਹਿਲਾਂ ਇਸ ਪੱਖ ਨੂੰ ਦੇਖਿਆ ਜਾਵੇ ਕਿ ਤੁਹਾਡਾ ਬੱਚਾ ਜਿਸ ਬੱਚੇ ਨਾਲ ਦੋਸਤੀ ਬਣਾ ਰਿਹਾ ਹੈ, ਉਹ ਕਿਹੋ ਜਿਹਾ ਹੈ। ਇਸ ਦੇ ਲਈ ਤੁਸੀਂ ਅਮੀਰੀ-ਗਰੀਬੀ ਦਾ ਮੁੱਲਾਂਕਣ ਨਹੀਂ ਕਰਨਾ, ਸਗੋਂ ਇਹ ਦੇਖਣਾ ਹੈ ਕਿ ਤੁਹਾਡੇ ਬੱਚੇ ਦੇ ਦੋਸਤ ਦਾ ਸੁਭਾਅ ਤੇ ਆਦਤਾਂ ਕਿਹੋ ਜਿਹੀਆਂ ਹਨ। ਉਹ ਪੜ੍ਹਾਈ 'ਚ ਕਿਹੋ ਜਿਹਾ ਹੈ।

ਇਹ ਵੀ ਖਾਸ ਧਿਆਨ ਰੱਖਿਆ ਜਾਵੇ ਕਿ ਤੁਹਾਡੇ ਬੱਚੇ ਦਾ ਦੋਸਤ ਉਸ ਤੋਂ ਜ਼ਿਆਦਾ ਵੱਡੀ ਉਮਰ ਦਾ ਤਾਂ ਨਹੀਂ, ਕਿਉਂਕਿ ਅਜਿਹਾ ਹੋਣ ਨਾਲ ਤੁਹਾਡੇ ਬੱਚੇ ਦੀਆਂ ਆਦਤਾਂ ਅਤੇ ਸੁਭਾਅ ਵਿਚ ਸਮੇਂ ਤੋਂ ਪਹਿਲਾਂ ਹੀ ਜ਼ਿਆਦਾ ਤੇਜ਼ੀ ਆ ਸਕਦੀ ਹੈ। ਇਸ ਨਾਲ ਉਸ ਦੀ ਪੜ੍ਹਾਈ ਅਤੇ ਵਿਵਹਾਰ 'ਤੇ ਅਸਰ ਪੈ ਸਕਦਾ ਹੈ। ਬੱਚਿਆਂ ਦਾ ਮਨ ਬਹੁਤ ਕੋਮਲ ਹੁੰਦਾ ਹੈ। ਇਸ ਲਈ ਤੁਹਾਡੇ ਲਈ ਜ਼ਰੂਰੀ ਹੈ ਕਿ ਤੁਸੀਂ ਆਪਣੇ ਬੱਚੇ ਨਾਲ ਖੁਦ ਦੋਸਤਾਨਾ ਸਬੰਧ ਰੱਖਦੇ ਹੋਏ ਉਸ ਦੇ ਦੋਸਤਾਂ ਦੀ ਗਿਣਤੀ ਸੀਮਤ ਰੱਖਣ ਲਈ ਉਸ ਨੂੰ ਤਿਆਰ ਕਰੋ। ਇਸ ਲਈ ਬੱਚੇ ਉੱਪਰ ਕੋਈ ਦਬਾਅ ਪਾਉਣ ਜਾਂ ਸਖ਼ਤੀ ਵਰਤਣ ਦੀ ਲੋੜ ਨਹੀਂ, ਸਗੋਂ ਪਿਆਰ ਨਾਲ ਅਤੇ ਉਸ ਨੂੰ ਬਿਨਾਂ ਅਹਿਸਾਸ ਦਿਵਾਏ ਤੁਸੀਂ ਖੁਦ ਵੀ ਚੰਗਾ ਦੋਸਤ ਚੁਣਨ ਲਈ ਆਪਣੇ ਬੱਚੇ ਦੀ ਅਸਿੱਧੇ ਢੰਗ ਨਾਲ ਮਦਦ ਕਰ ਸਕਦੇ ਹੋ। ਇਥੋਂ ਤੱਕ ਕਿ ਬੱਚੇ ਦੇ ਬਣ ਰਹੇ ਦੋਸਤ ਦੇ ਮਾਪਿਆਂ ਨਾਲ ਮਿਲ ਕੇ ਤੁਸੀਂ ਉਨ੍ਹਾਂ ਨਾਲ ਵੀ ਚੰਗੇ ਸਬੰਧ ਬਣਾ ਸਕਦੇ ਹੋ। ਜੇਕਰ ਤੁਹਾਡੇ ਬੱਚੇ ਦੇ ਦੋਸਤ ਦੇ ਪਰਿਵਾਰ ਅਤੇ ਤੁਹਾਡੇ ਵਿਚਾਰਾਂ ਵਿਚ ਸਮਾਨਤਾ ਹੈ ਤਾਂ ਇਹ ਹੋਰ ਵੀ ਵਧੀਆ ਹੋ ਸਕਦਾ ਹੈ।

## ਬੱਚਿਆਂ ਦੇ ਦੰਦਾਂ ਦੀ ਸੁਰੱਖਿਆ ਕਿਵੇਂ ਕਰੀਏ

ਲੇਖਕ : ਅਲਕਾ ਅਮਰੀਸ਼ ਚੌਧਰੀ



- ਸਥਾਈ ਦੰਦਾਂ ਦੀ ਤੰਦਰੁਸਤੀ ਵੀ ਪਹਿਲੇ ਦੰਦਾਂ ਦੀ ਤੰਦਰੁਸਤੀ 'ਤੇ ਹੀ ਨਿਰਭਰ ਕਰਦੀ ਹੈ, ਇਸ ਲਈ ਦੰਦ ਨਿਕਲਦੇ ਹੀ ਸਾਫ਼ ਕਰਨ ਦੀ ਆਦਤ ਬੱਚਿਆਂ ਨੂੰ ਪਾਓ।
- ਦੰਦਾਂ ਨੂੰ ਸਾਫ਼ ਰੱਖਣ ਲਈ ਬੱਚਿਆਂ ਨੂੰ ਭੋਜਨ ਤੋਂ ਬਾਅਦ ਗਾਜਰ ਜਾਂ ਸੇਬ, ਖੀਰਾ, ਤਰ, ਮੂਲੀ ਦਾ ਟੁਕੜਾ ਦਿਓ।
- ਦੰਦਾਂ ਦੀ ਕਸਰਤ ਲਈ 8 ਮਹੀਨੇ ਦੇ ਬੱਚੇ ਨੂੰ ਡਬਲਰੋਟੀ ਦਾ ਸਖ਼ਤ ਸੇਕਿਆ ਹੋਇਆ ਟੁਕੜਾ ਦਿਓ।
- ਬੱਚਿਆਂ ਨੂੰ ਤਾਜ਼ੀ, ਕੱਚੀ ਸਬਜ਼ੀ ਧੋ ਕੇ ਖਾਣ ਨੂੰ ਦਿਓ। ਕੁਝ ਅੰਸ਼ ਤਾਂ ਉਸ ਦੇ ਮੂੰਹ ਵਿਚ ਜਾਵੇਗਾ ਹੀ, ਕਸਰਤ ਵੀ ਹੋਵੇਗੀ।
- ਹਰੇਕ ਛੇ ਮਹੀਨੇ ਬਾਅਦ ਡਾਕਟਰ ਕੋਲੋਂ ਬੱਚਿਆਂ ਦੇ ਦੰਦ ਚੈੱਕ ਕਰਵਾਉਂਦੇ ਰਹੋ।
- ਮਾਂ ਦੇ ਦੁੱਧ ਦੇ ਸੇਵਨ ਨਾਲ ਦੰਦ ਮਜ਼ਬੂਤ ਹੁੰਦੇ ਹਨ। ਇਸ ਤੋਂ ਇਲਾਵਾ ਮੱਛੀ ਦਾ ਤੇਲ, ਜਿਸ ਵਿਚ ਫਾਸਫੋਰਸ, ਵਿਟਾਮਿਨ, ਕੈਲਸ਼ੀਅਮ ਹੁੰਦਾ ਹੈ, ਦੇਣਾ ਲਾਭਦਾਇਕ ਹੈ।
- ਬੁਰਸ਼ ਮੁਲਾਇਮ ਹੋਵੇ ਅਤੇ ਦੋ ਵਾਰ ਜ਼ਰੂਰ ਕਰੋ। ਬੱਚੇ ਨੂੰ ਖੁਦ ਬੁਰਸ਼ ਕਰਨਾ ਸਿਖਾਓ।
- ਅਸ਼ੁੱਧ ਚੀਜ਼ ਚਬਾਉਣ ਲਈ ਨਾ ਦਿਓ, ਨਹੀਂ ਤਾਂ ਰੋਗਾਣੂ ਸਰੀਰ ਵਿਚ ਦਾਖਲ ਹੋ ਕੇ ਬੱਚੇ ਨੂੰ ਰੋਗੀ ਬਣਾ ਸਕਦੇ ਹਨ।

ਖਿਡੌਣੇ ਵੀ ਮੁਲਾਇਮ ਅਤੇ ਸਾਫ਼-ਸੁਥਰੀ ਰਬੜ ਦੇ ਹੋਣ। ਅਜਿਹਾ ਖਿਡੌਣਾ ਨਾ ਹੋਵੇ ਜੋ ਸੱਟ ਦਾ ਕਾਰਨ ਬਣੇ।

ਸ਼ਹਿਦ ਅਤੇ ਸੁਹਾਗਾ ਮਸੂੜਿਆਂ 'ਤੇ ਮਲਣ ਨਾਲ ਦੰਦ ਛੇਤੀ ਨਿਕਲਦੇ ਹਨ।

- ਕੈਲਸ਼ੀਅਮ ਦੀ ਗੋਲੀ ਦੇਣ ਨਾਲ ਵੀ ਦੰਦ ਨਿਕਲਦੇ ਸਮੇਂ ਤਕਲੀਫ ਨਹੀਂ ਹੁੰਦੀ। ਗ੍ਰਾਈਪਵਾਟਰ ਘੁੱਟੀ ਵੀ ਲਾਭਦਾਇਕ ਹੁੰਦੀ ਹੈ।
- ਬੱਚੇ ਨੂੰ ਦੰਦ ਨਿਕਲਣ 'ਤੇ ਜ਼ਿਆਦਾ ਮਾਤਰਾ ਵਿਚ ਦਸਤ ਹੋਣ ਜਾਂ ਤੇਜ਼ ਬੁਖ਼ਾਰ ਹੋਵੇ ਤਾਂ ਡਾਕਟਰ ਦੀ ਸਲਾਹ ਜ਼ਰੂਰ ਲਓ।
- ਜੇ ਤੁਸੀਂ ਇਨ੍ਹਾਂ ਮਹੱਤਵਪੂਰਨ ਗੱਲਾਂ ਦਾ ਧਿਆਨ ਰੱਖੋਗੇ ਤਾਂ ਤੁਹਾਡੇ ਨੌਨਿਹਾਲ ਦੇ ਦੰਦ ਕਦੋਂ ਨਿਕਲੇ ਅਤੇ ਕਿੰਨੇ ਸਾਫ਼-ਸੁਥਰੇ ਰਹੇ, ਤੁਸੀਂ ਖੁਦ ਦੇਖ ਕੇ ਫੁੱਲੇ ਨਹੀਂ ਸਮਾਓਗੇ।



# CLASSIFIEDS & MATRIMONIALS



## BRIDE WANTED

Jat Sikh Gill family seeks a suitable match for their son, 29 yrs. old, 5'11" tall, Canadian born, well settled, Architect and doing Real estate business, handsome, family oriented. The girl should be Canadian citizen/PR, professionally educated. Call – 1-604-832-7232 or 1-604-615-8088 AP 16-08

## CHANGE OF NAME

I, Amandeep Singh S/O Zora Singh holder of Indian passport No. M2359995, issued at Ludhiana, Punjab, India & Indian Address Village VPO: Kishan Garh Chhanna, Raikot, Distt: Ludhiana, Punjab, 141109, India, and presently residing at 7315, 143 Street, Surrey, B.C., V3W 5P1, Canada, do hereby change my name from Amandeep Singh to Amandeep Singh Sidhu, with immediate effect.

## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ,ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

ਕੈਨੇਡਾ ਦਾ ਜੰਮਪਲ, ਜੱਟ ਸਿੱਖ ਲੜਕਾ, ਉਮਰ 33 ਸਾਲ,ਕੱਦ 6 ਫੁੱਟ 3 ਇੰਚ, ਵਕੀਲ, ਬਹੁਤ ਸੋਹਣੇ-ਸੁਨੱਖੇ ਲੜਕੇ ਲਈ ਇੱਕ ਸੋਹਣੀ ਪੜੀ-ਲਿਖੀ, ਕਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-936-3063 AP 01-08

# ਪੰਜਾਬ ਵਿਚ ਖੇਤੀ ਆਧਾਰਿਤ ਸਨਅਤਾਂ ਦੀ ਘਾਟ ਦੂਰ ਕਰਨ ਦੀ ਲੋੜ

ਲੇਖਕ : ਡਾ. ਸ. ਸ. ਛੀਨਾ

ਗਰਮ ਕੱਪੜਾ, ਰੇਸ਼ਮੀ ਕੱਪੜਾ, ਲੋਹੇ ਦੀਆਂ ਬਣੀਆਂ ਪ੍ਰਿੰਟਿੰਗ ਮਸ਼ੀਨਾਂ, ਮੋਟਰਾਂ ਦੇ ਪੁਰਜ਼ੇ, ਹੌਜਰੀ ਦਾ ਸਾਮਾਨ ਆਦਿ ਇੱਥੋਂ ਹੋਰ ਦੇਸ਼ਾਂ ਨੂੰ ਭੇਜਿਆ ਜਾਂਦਾ ਸੀ। ਪੰਜਾਬ ਤੋਂ ਅਫ਼ਗਾਨਿਸਤਾਨ ਅਤੇ ਇਸ ਤੋਂ ਅੱਗੇ ਈਰਾਨ ਅਤੇ ਕੇਂਦਰੀ ਏਸ਼ੀਆ ਦੇ ਦੇਸ਼ਾਂ ਨਾਲ ਪੰਜਾਬ ਦਾ ਅੰਤਰਰਾਸ਼ਟਰੀ ਵਪਾਰ ਸੀ। ਪਰ ਸੁਤੰਤਰਤਾ ਤੋਂ ਬਾਅਦ ਰਾਜਨੀਤਕ ਕਾਰਨਾਂ ਕਰਕੇ ਪੰਜਾਬ ਤੋਂ ਅਫ਼ਗਾਨਿਸਤਾਨ ਰਸਤੇ ਹੋਣ ਵਾਲਾ ਵਪਾਰ ਬੰਦ ਹੋ ਗਿਆ।

ਪੰਜਾਬ ਤੋਂ ਬੰਦਰਗਾਹਾਂ ਦੀ 1500 ਕਿੱਲੋਮੀਟਰ ਦੀ ਦੂਰੀ ਅਤੇ ਲੋਹੇ, ਕੋਲੇ ਦੇ ਕੱਚੇ ਮਾਲ ਤੋਂ 1200 ਕਿੱਲੋਮੀਟਰ ਦੀ ਦੂਰੀ ਨੇ ਪੰਜਾਬ ਤੋਂ ਬਣਨ ਵਾਲੀਆਂ ਵਸਤੂਆਂ ਨੂੰ ਆਧੁਨਿਕ ਸਮੇਂ ਵਿਚ ਮੁਕਾਬਲੇਯੋਗ ਨਾ ਰਹਿਣ ਦਿੱਤਾ ਜਿਸ ਦੇ ਸਿੱਟੇ ਵਜੋਂ ਪੰਜਾਬ ਵਿੱਚੋਂ ਉਦਯੋਗਿਕ ਵਸਤਾਂ ਦੀ ਨਿਰਯਾਤ ਘਟਦੀ ਚਲੀ ਗਈ ਅਤੇ ਉਹ ਕਾਰਖਾਨੇ ਜਿਹੜੇ ਇਨ੍ਹਾਂ ਵਸਤੂਆਂ ਦਾ ਉਦਪਾਦਨ ਕਰਦੇ ਸਨ, ਉਹ ਬੰਦ ਹੋਣ ਲੱਗ ਪਏ। ਇਨ੍ਹਾਂ ਕਾਰਨਾਂ ਕਰਕੇ ਕਾਰਖਾਨਿਆਂ ਵਿਚ ਲੱਗੇ ਕਿਰਤੀ ਬੇਰੁਜ਼ਗਾਰ ਹੋ ਗਏ ਅਤੇ ਨਵਾਂ ਰੁਜ਼ਗਾਰ ਪੈਦਾ ਨਾ ਹੋਇਆ। ਕਿਰਤੀ ਪੰਜਾਬ ਛੱਡ ਕੇ ਹੋਰ ਪ੍ਰਦੇਸ਼ਾਂ ਅਤੇ ਵਿਦੇਸ਼ਾਂ ਵਿਚ ਜਾਣ ਲੱਗ ਪਏ ਅਤੇ ਪੰਜਾਬ ਨੇ ਉਦਯੋਗਿਕ ਪ੍ਰਾਂਤ ਹੋਣ ਦਾ ਦਰਜਾ ਗੁਆ ਲਿਆ ਤੇ ਇਸ ਦੀ ਨਿਰਭਰਤਾ ਸਿਰਫ਼ ਖੇਤੀ 'ਤੇ ਹੀ ਰਹਿ ਗਈ।

ਭਾਵੇਂ ਪੰਜਾਬ ਖੇਤੀ ਵਿਚ ਸਿਰਫ਼ ਭਾਰਤ ਦਾ ਹੀ ਨਹੀਂ, ਦੁਨੀਆ ਭਰ 'ਚ ਵਿਕਸਤ ਪ੍ਰਾਂਤ ਹੈ। ਪੰਜਾਬ ਕੋਲ ਭਾਰਤ ਦਾ ਸਿਰਫ਼ 1.53 ਫ਼ੀਸਦੀ ਖੇਤਰ ਹੋਣ ਦੇ ਬਾਵਜੂਦ ਉਹ ਦੇਸ਼ ਦੇ ਅੰਨ ਭੰਡਾਰਾਂ ਵਿਚ 60 ਫ਼ੀਸਦੀ ਤੱਕ ਹਿੱਸਾ ਪਾਉਂਦਾ ਰਿਹਾ ਹੈ। ਦੇਸ਼ ਦੇ ਕੁੱਲ ਕਣਕ ਉਤਪਾਦਨ ਵਿਚ 19 ਫ਼ੀਸਦੀ, ਝੋਨੇ ਵਿਚ 11 ਅਤੇ ਕਪਾਹ ਵਿਚ 5% ਹਿੱਸਾ ਰਿਹਾ ਹੈ। ਇੱਥੋਂ ਤੱਕ ਕਿ ਦੁਨੀਆ ਭਰ ਵਿਚ ਪੈਦਾ ਹੋਣ ਵਾਲੀ ਕਣਕ ਵਿਚ ਪੰਜਾਬ ਦਾ ਯੋਗਦਾਨ 2.4%, ਝੋਨੇ ਵਿਚ 2.5% ਅਤੇ ਕਪਾਹ ਵਿਚ 1.2 ਫ਼ੀਸਦੀ ਹਿੱਸਾ ਹੈ। ਫਿਰ ਵੀ ਪੰਜਾਬ ਖੇਤੀ ਵਿਚ ਵੀ ਆਤਮ-ਨਿਰਭਰ ਨਹੀਂ ਸਗੋਂ ਬਹੁਤ ਸਾਰੀਆਂ ਵਸਤਾਂ ਹੋਰ ਪ੍ਰਦੇਸ਼ਾਂ ਤੋਂ ਅਤੇ ਵਿਦੇਸ਼ਾਂ ਤੋਂ ਮੰਗਵਾਉਂਦਾ ਹੈ ਜਿਸ ਲਈ ਉੱਚੀਆਂ ਕੀਮਤਾਂ ਦੇਣੀਆਂ ਪੈਂਦੀਆਂ ਹਨ ਭਾਵੇਂ ਉਹ ਵਸਤਾਂ ਪੰਜਾਬ ਵਿਚ ਆਸਾਨੀ ਨਾਲ ਪੈਦਾ ਕੀਤੀਆਂ ਜਾ ਸਕਦੀਆਂ ਹਨ।

ਸੰਨ 1960 ਤੋਂ ਪਹਿਲਾਂ ਪੰਜਾਬ ਉਹ ਵਸਤਾਂ ਹੋਰ ਪ੍ਰਦੇਸ਼ਾਂ ਨੂੰ ਭੇਜਦਾ ਸੀ ਪਰ 1970 ਤੋਂ ਬਾਅਦ ਜਦੋਂ ਤੋਂ ਝੋਨੇ ਤੇ ਕਣਕ ਨੂੰ ਸਰਕਾਰੀ ਤੌਰ 'ਤੇ ਖ਼ਰੀਦ ਕੇ ਯਕੀਨਨ ਮੰਡੀਕਰਨ ਦਾ ਭਰੋਸਾ ਦਿੱਤਾ ਗਿਆ ਤਾਂ ਫ਼ਸਲ ਚੱਕਰ ਬਦਲ ਕੇ ਇਨ੍ਹਾਂ ਦੋਵਾਂ ਫ਼ਸਲਾਂ ਦਾ ਵਧਦਾ ਗਿਆ ਅਤੇ ਹੋਰ ਫ਼ਸਲਾਂ ਜਿਵੇਂ ਦਾਲਾਂ ਅਤੇ ਤੇਲ ਦੇ ਬੀਜਾਂ ਅਧੀਨ ਲਗਾਤਾਰ ਖੇਤਰ ਘਟਦਾ ਗਿਆ। ਹੁਣ 32 ਲੱਖ ਹੈਕਟੇਅਰ ਜਾਂ 80 ਲੱਖ ਏਕੜ ਖੇਤਰ ਝੋਨੇ ਅਧੀਨ ਹੈ। ਹੁਣ ਸਰਕਾਰ ਦੀਆਂ ਕੋਸ਼ਿਸ਼ਾਂ ਹਨ ਕਿ ਝੋਨੇ ਅਧੀਨ ਖੇਤਰ ਨੂੰ ਘੱਟ ਕੀਤਾ ਜਾਵੇ ਪਰ ਨਹੀਂ ਹੋ ਰਿਹਾ। ਇਸ ਦਾ ਇਹ ਪ੍ਰਭਾਵ ਪਿਆ ਕਿ ਦਾਲਾਂ ਬਹੁਤ ਮਹਿੰਗੀਆਂ ਮਿਲਣ ਲੱਗੀਆਂ ਅਤੇ ਇਹੋ ਹਾਲ ਤੇਲ ਦੇ ਬੀਜਾਂ ਦਾ ਹੋਇਆ।

ਇੱਥੇ ਤੱਕ ਕਿ ਗੰਢੇ ਵੀ ਨਾਸਿਕ ਤੋਂ ਲਿਆ ਕੇ ਪੰਜਾਬ ਵਿਚ ਵਿਕਦੇ ਹਨ ਅਤੇ ਇਸ ਤਰ੍ਹਾਂ ਹੀ ਅਦਰਕ ਤੇ ਹੋਰ ਫ਼ਸਲਾਂ ਵੀ ਹੋਰ ਪ੍ਰਦੇਸ਼ਾਂ ਤੋਂ ਆਉਂਦੀਆਂ ਹਨ। ਹੁਣ ਪੰਜਾਬ ਨਿਰਯਾਤ ਵਿਚ ਪੰਦਰਵੇਂ ਸਥਾਨ 'ਤੇ ਹੈ ਅਤੇ ਪੰਜਾਬ ਤੋਂ ਇਕ ਹੀ ਵਸਤ ਬਾਸਮਤੀ ਚੌਲ ਹਨ ਜਿਹੜੇ ਸਾਲ ਵਿਚ ਤਕਰੀਬਨ 20 ਹਜ਼ਾਰ ਕਰੋੜ ਰੁਪਏ ਦੇ ਨਿਰਯਾਤ ਕੀਤੇ ਜਾਂਦੇ ਹਨ। ਬਾਸਮਤੀ ਅਮਰੀਕਾ, ਕੈਨੇਡਾ, ਫਰਾਂਸ, ਆਸਟ੍ਰੇਲੀਆ, ਜਰਮਨੀ ਆਦਿ ਦੇਸ਼ਾਂ ਵਿਚ ਵਿਕਦੀ ਹੈ। ਬਾਸਮਤੀ ਦੇ ਨਿਰਯਾਤ ਵਿਚ ਪੰਜਾਬ ਦਾ 80 ਫ਼ੀਸਦੀ ਹਿੱਸਾ ਹੈ। ਵੈਸੇ ਵੀ ਬਾਸਮਤੀ ਚੌਲ ਵਿਚ ਇਕ ਉਹ ਫ਼ਸਲ ਹੈ ਜਿਹੜੀ ਸਿਰਫ਼ ਪੰਜਾਬ (ਭਾਰਤ) ਵਿਚ ਅਤੇ ਪਾਕਿਸਤਾਨ ਵਿਚ ਹੀ ਪੈਦਾ ਕੀਤੀ ਜਾਂਦੀ ਹੈ।

ਬਾਹਰਲੇ ਦੇਸ਼ਾਂ ਵਿਚ ਬਾਸਮਤੀ ਦੀ ਇੰਨੀ ਮੰਗ ਹੈ ਕਿ ਉਹ ਕਈ ਵਾਰ ਪੂਰੀ ਵੀ ਨਹੀਂ ਹੁੰਦੀ ਪਰ ਪੰਜਾਬ ਵਿਚ ਬਾਸਮਤੀ ਦੀ ਫ਼ਸਲ ਲਈ ਖੇਤਰ ਵਿਚ ਵਾਧਾ ਨਹੀਂ ਹੋ ਰਿਹਾ। ਸੰਨ 2007 ਵਿਚ ਇਸ ਤਰ੍ਹਾਂ ਦੀ ਸਥਿਤੀ ਬਣੀ ਕਿ ਵਿਦੇਸ਼ਾਂ ਵਿਚ ਬਾਸਮਤੀ ਚੌਲਾਂ ਦੀ ਜਿੰਨੀ ਮੰਗ ਸੀ, ਉਹ ਪੂਰੀ ਨਹੀਂ ਸੀ ਹੋ ਰਹੀ ਅਤੇ ਅਖ਼ੀਰ ਵਿਦੇਸ਼ੀ ਆਯਾਤਕਾਰਾਂ ਨੇ ਭਾਰਤੀ ਨਿਰਯਾਤਕਾਰਾਂ ਨੂੰ ਕਿਹਾ ਕਿ ਉਹ ਸ਼ਰਬਤੀ ਅਤੇ ਪੂਸਾ ਚੌਲਾਂ ਨੂੰ ਭੇਜ ਦੇਣ।

ਉਹ ਬੇਸ਼ੱਕ ਬਾਸਮਤੀ ਵਰਗੇ ਤਾਂ ਨਹੀਂ ਪਰ ਉਹ ਵੀ ਬਾਹਰ ਵਿਕ ਸਕਦੇ ਹਨ। ਪਰ ਉਸ ਵਕਤ ਅਨਾਜ ਸੁਰੱਖਿਆ ਕਰਕੇ ਉਨ੍ਹਾਂ ਚੌਲਾਂ ਦੇ ਭੇਜਣ ਦੀ ਮਨਾਹੀ ਸੀ। ਇਸ ਲਈ ਭਾਰਤੀ ਨਿਰਯਾਤਕਾਰਾਂ ਨੇ ਵਪਾਰ ਵਜ਼ਾਰਤ ਨੂੰ ਇਸ ਗੱਲ ਲਈ ਸੰਤੁਸ਼ਟ ਕਰ ਲਿਆ ਕਿ ਬਾਹਰ ਇਹ ਚੌਲ ਉੱਚੀ ਕੀਮਤ 'ਤੇ ਵਿਕ ਸਕਦੇ ਹਨ। ਭਾਰਤ ਵਿਚ ਹੁਣ ਕੋਈ ਅਨਾਜ ਸਮੱਸਿਆ ਨਹੀਂ ਅਤੇ ਨਿਰਯਾਤਕਾਰਾਂ ਦੀਆਂ ਕੋਸ਼ਿਸ਼ਾਂ ਸਦਕਾ ਉਨ੍ਹਾਂ ਨੂੰ ਚੌਲਾਂ ਦੇ ਨਿਰਯਾਤ ਦੀ ਆਗਿਆ ਦੇ ਦਿੱਤੀ ਗਈ ਹੈ।

ਪੰਜਾਬ ਦਾ ਉਦਯੋਗੀਕਰਨ ਹੋਣਾ ਚਾਹੀਦਾ ਹੈ ਕਿਉਂ ਜੋ ਉਦਯੋਗੀਕਰਨ ਤੋਂ ਬਗੈਰ ਪੰਜਾਬ ਦੀ ਬੇਰੁਜ਼ਗਾਰੀ ਦੀ ਸਮੱਸਿਆ ਹੱਲ ਨਹੀਂ ਹੋ ਸਕਦੀ। ਪੰਜਾਬ ਤੋਂ ਉਦਯੋਗਿਕ ਵਸਤਾਂ ਦਾ ਨਿਰਯਾਤ ਵੀ ਹੋਣਾ ਚਾਹੀਦਾ ਹੈ। ਕਿਸੇ ਵੇਲੇ ਲੁਧਿਆਣੇ ਦੀ ਹੌਜਰੀ ਦਾ ਭਾਰਤ ਦੇ ਹੌਜਰੀ ਨਿਰਯਾਤ ਵਿਚ 95 ਫ਼ੀਸਦੀ ਹਿੱਸਾ ਸੀ।

ਆਸਟ੍ਰੇਲੀਆ, ਨਿਊਜ਼ੀਲੈਂਡ ਤੋਂ ਉੱਨ ਮੰਗਵਾ ਕੇ ਗਰਮ ਕੱਪੜੇ ਤਿਆਰ ਕਰ ਕੇ ਉਨ੍ਹਾਂ ਦਾ ਨਿਰਯਾਤ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿਚ ਹੁੰਦਾ ਸੀ। ਪਰ ਨਿਰਯਾਤ ਤੁਲਨਾਤਮਕ ਲਾਗਤ ਦੇ ਸਿਧਾਂਤ 'ਤੇ ਹੁੰਦਾ ਸੀ ਜਿਸ ਦਾ ਅਰਥ ਹੈ ਕਿ ਜਿਹੜੀ ਚੀਜ਼ ਬਾਹਰੋਂ ਤੁਲਨਾਤਮਕ ਤੌਰ 'ਤੇ ਸਸਤੀ ਮਿਲਦੀ ਹੈ, ਉਹ ਲੈ ਲਓ ਅਤੇ ਜਿਸ ਵਸਤੂ ਨੂੰ ਤੁਲਨਾਤਮਕ ਲਾਗਤ 'ਤੇ ਆਪਣੇ ਦੇਸ਼ ਵਿਚ ਸਸਤਾ ਬਣਾਇਆ ਜਾ ਸਕਦਾ ਹੈ, ਉਸ ਦਾ ਨਿਰਯਾਤ ਕਰੋ।

ਉਸ ਵਸਤ ਦਾ ਨਿਰਯਾਤ ਕਿਤੇ ਸਸਤਾ ਪੈਂਦਾ ਹੈ ਜਿਹੜੀ ਆਪਣੇ ਦੇਸ਼ ਵਿਚ ਪੈਦਾ ਹੁੰਦੀ ਹੈ। ਪੰਜਾਬ ਖੇਤੀ ਪ੍ਰਧਾਨ ਪ੍ਰਾਂਤ ਹੈ। ਇੱਥੋਂ ਖੇਤੀ ਵਸਤਾਂ ਦਾ ਨਿਰਯਾਤ ਜ਼ਿਆਦਾ ਲਾਭਕਾਰੀ ਹੋ ਸਕਦਾ ਹੈ। ਪਰ ਖੇਤੀ ਵਸਤਾਂ ਦੇ ਨਿਰਯਾਤ ਵਿਚ ਪੰਜਾਬ ਬਹੁਤ ਪਿੱਛੇ ਹੈ ਅਤੇ ਤਿਆਰ ਖੇਤੀ ਵਸਤਾਂ ਦੇ ਨਿਰਯਾਤ ਜਿਸ ਦੇ ਜ਼ਿਆਦਾ ਮੌਕੇ ਹਨ, ਬਿਲਕੁਲ ਨਹੀਂ ਹੋ ਰਿਹਾ। ਇੱਥੋਂ ਤੱਕ ਕਿ ਜੂਸ, ਜੈਮ, ਚਟਣੀਆਂ, ਮੁਰੱਬੇ ਆਦਿ ਵੀ ਹੋਰ ਪ੍ਰਦੇਸ਼ਾਂ ਤੋਂ ਆ ਕੇ ਇੱਥੇ ਵਿਕਦੇ ਹਨ।

ਕਣਕ ਤੋਂ ਬਣਿਆ ਆਟਾ ਵੀ ਹੋਰ ਪ੍ਰਦੇਸ਼ਾਂ ਤੋਂ ਮੰਗਵਾਇਆ ਜਾਂਦਾ ਹੈ। ਦੁਨੀਆ ਦੇ ਵਿਕਸਤ ਦੇਸ਼ਾਂ ਵਿਚ 86 ਫ਼ੀਸਦੀ ਖੇਤੀ ਵਸਤਾਂ ਨੂੰ ਤਿਆਰ ਕਰ ਕੇ ਵੇਚਿਆ ਜਾਂਦਾ ਹੈ ਪਰ ਪੰਜਾਬ ਵਿਚ ਸਿਰਫ਼ 12 ਫ਼ੀਸਦੀ ਵਸਤਾਂ ਤਿਆਰ ਕਰਕੇ ਵਿਕਦੀਆਂ ਹਨ। ਖੇਤੀ ਆਧਾਰਤ ਉਦਯੋਗ ਜਿਨ੍ਹਾਂ ਦੀ ਪੰਜਾਬ ਵਿਚ ਜ਼ਿਆਦਾ ਸਮਰੱਥਾ ਹੈ, ਉਨ੍ਹਾਂ ਦੀ ਅਣਹੋਂਦ ਹੈ।

ਮੈਨੂੰ ਕੁਝ ਸਾਲ ਪਹਿਲਾਂ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰਿਸਰਚ ਦਿੱਲੀ ਵੱਲੋਂ ਇਕ ਪ੍ਰਾਜੈਕਟ ਮਿਲਿਆ ਸੀ ਜਿਸ ਵਿਚ ਮੈਂ ਇਹ ਅਧਿਐਨ ਕਰਨਾ ਸੀ ਕਿ ਖੇਤੀ ਆਧਾਰਤ ਉਦਯੋਗਾਂ ਦੇ ਵਿਕਾਸ ਲਈ ਪੰਜਾਬ ਵਿਚ ਕੀ ਰੁਕਾਵਟਾਂ ਹਨ ਤਾਂ ਮੈਂ ਆਪਣੇ ਅਧਿਐਨ ਵਿਚ ਇਹ ਸਿੱਟਾ ਕੱਢਿਆ ਕਿ ਕੱਚੇ ਮਾਲ ਦੀ ਲਗਾਤਾਰ ਅਤੇ ਯੋਗ ਮਾਤਰਾ ਵਿਚ ਪੂਰਤੀ ਦਾ ਨਾ ਹੋਣਾ, ਖੇਤੀ ਆਧਾਰਤ ਉਦਯੋਗਾਂ ਲਈ ਪੰਜਾਬ ਵਿਚ ਇਕ ਵੱਡੀ ਰੁਕਾਵਟ ਹੈ।

ਹਰ ਉੱਦਮੀ ਇਸ ਗੱਲ ਲਈ ਸੁਚੇਤ ਹੈ ਕਿ ਉਸ ਵੱਲੋਂ ਲਾਈ ਪੂੰਜੀ ਸਾਲ ਦਾ ਜ਼ਿਆਦਾ ਸਮਾਂ ਆਪਣੇ ਕੰਮ ਵਿਚ ਲੱਗੀ ਰਹੇ ਅਤੇ ਇਹ ਤਾਂ ਹੀ ਸੰਭਵ ਹੈ ਜੇ ਉਸ ਲਈ ਜ਼ਿਆਦਾ ਤੋਂ ਜ਼ਿਆਦਾ ਸਮੇਂ ਲਈ ਉਹ ਫ਼ਸਲ ਜਾਂ ਕੱਚਾ ਮਾਲ ਮਿਲਦਾ ਹੈ। ਖੇਤੀ ਇਕ ਮੌਸਮੀ ਧੰਦਾ ਹੈ। ਹਰ ਫ਼ਸਲ ਹਰ ਵਕਤ ਤਿਆਰ ਨਹੀਂ ਹੋ ਸਕਦੀ। ਉਸ ਲਈ ਸਮਾਂ ਨਿਸ਼ਚਤ ਹੈ। ਪੰਜਾਬ ਵਿਚ ਸਿਵਾਏ ਖੰਡ ਮਿੱਲਾਂ ਦੇ ਹੋਰ ਕਿਸੇ ਵੀ ਵਸਤ ਦੇ ਮੁੱਲ ਵਾਧੇ ਲਈ ਉਦਯੋਗਿਕ ਇਕਾਈਆਂ ਨਹੀਂ ਲੱਗੀਆਂ ਹਾਲਾਂਕਿ ਪੰਜਾਬ ਦਾ ਜਲਵਾਯੂ ਹਰ ਫ਼ਸਲ ਦੇ ਅਨੁਕੂਲ ਹੈ।

ਪੰਜਾਬ ਵਿਚ ਫਲਾਂ, ਸਬਜ਼ੀਆਂ, ਦਾਲਾਂ ਅਤੇ ਤੇਲ ਦੇ ਬੀਜਾਂ ਦੇ ਉਤਪਾਦਨ ਦੀ ਵੱਡੀ ਸਮਰੱਥਾ ਹੈ। ਸੂਰਜਮੁਖੀ ਪੰਜਾਬ ਵਿਚ ਇੰਨੀ ਉਪਜ ਦਿੰਦਾ ਹੈ ਜਿੰਨੀ ਕਿਸੇ ਵੀ ਪ੍ਰਾਂਤ ਵਿਚ ਨਹੀਂ। ਇਸ ਤਰ੍ਹਾਂ ਹੋਰ ਫ਼ਸਲਾਂ ਦੀ ਹਾਲਤ ਹੈ ਪਰ ਉਹ ਬੀਜੀਆਂ ਹੀ ਨਹੀਂ ਜਾਂਦੀਆਂ ਜਦਕਿ ਕਿ ਵਿਦੇਸ਼ਾਂ ਤੋਂ ਬਹੁਤ ਮਹਿੰਗੀਆਂ ਖ਼ਰੀਦੀਆਂ ਜਾਂਦੀਆਂ ਹਨ। ਫ਼ਸਲਾਂ ਦੀ ਬਿਜਾਈ ਲਈ ਕੇਂਦਰ ਤੇ ਪ੍ਰਾਂਤ ਦੀ ਅਪਣਾਈ ਜਾਂਦੀ ਨੀਤੀ ਦੀ ਵੱਡੀ ਭੂਮਿਕਾ ਹੈ। ਜੇ ਇਨ੍ਹਾਂ ਫ਼ਸਲਾਂ ਨੂੰ ਵੀ ਸਰਕਾਰ ਵੱਲੋਂ ਅਪਣਾਈ ਕਣਕ ਅਤੇ ਝੋਨੇ ਵਾਂਗ ਯਕੀਨੀ ਮੰਡੀਕਰਨ ਦਾ ਭਰੋਸਾ ਮਿਲ ਜਾਵੇ ਤਾਂ ਇਨ੍ਹਾਂ ਵਿਚ ਵੀ ਉਹੋ ਜਿਹੇ ਹੈਰਾਨਕੁੰਨ ਸਿੱਟੇ ਪ੍ਰਾਪਤ ਕੀਤੇ ਜਾ ਸਕਦੇ ਹਨ ਜਿਹੜੇ ਕਣਕ, ਝੋਨੇ ਵਿਚ ਕੀਤੇ ਗਏ ਹਨ। ਇਨ੍ਹਾਂ ਫ਼ਸਲਾਂ ਬਾਰੇ ਖੋਜ ਹੀ ਨਹੀਂ ਕੀਤੀ ਗਈ।

ਅਨਾਜ ਸਮੱਸਿਆ ਹੋਣ ਕਰਕੇ ਜਿੰਨੀ ਦਿਲਚਸਪੀ ਕਣਕ ਅਤੇ ਝੋਨੇ ਦੇ ਬੀਜਾਂ ਲਈ ਵਿਖਾਈ ਗਈ ਸੀ, ਜੇ ਓਨੀ ਦਿਲਚਸਪੀ ਉਨ੍ਹਾਂ ਕੁਝ ਕੁ ਫ਼ਸਲਾਂ ਲਈ ਵੀ ਵਿਖਾਈ ਜਾਂਦੀ ਜਿਨ੍ਹਾਂ ਦਾ ਨਿਰਯਾਤ ਹੋ ਸਕਦਾ ਹੈ ਤਾਂ ਉਹ ਪੰਜਾਬ ਦੇ ਵੱਡੇ ਹਿੱਤ ਦੀ ਗੱਲ ਹੁੰਦੀ। ਪੰਜਾਬ ਵਿਚ ਹੋਰ ਪ੍ਰਾਂਤਾਂ ਦੀ ਤਰ੍ਹਾਂ ਐਗਰੀ ਐਕਸਪੋਰਟ ਕਾਰਪੋਰੇਸ਼ਨ ਹੈ ਜਿਸ ਦਾ ਮੁੱਖ ਕੰਮ ਹੈ ਖੇਤੀ ਵਸਤਾਂ ਦੇ ਨਿਰਯਾਤ ਲਈ ਵਿਦੇਸ਼ਾਂ ਤੋਂ ਆਰਡਰ ਪ੍ਰਾਪਤ ਕਰਨੇ ਪਰ ਪਿਛਲੇ ਕਈ ਦਹਾਕਿਆਂ ਤੋਂ ਉਸ ਕਾਰਪੋਰੇਸ਼ਨ ਦੀ ਕਾਰਗੁਜ਼ਾਰੀ ਕੁਝ ਵੀ ਨਹੀਂ ਰਹੀ। ਅਸਲ ਵਿਚ ਜੇ ਉਹ ਕੋਈ ਆਰਡਰ ਪ੍ਰਾਪਤ ਵੀ ਕਰ ਲੈਣ ਤਾਂ ਵੀ ਉਹ ਕਿਸ ਨੇ ਪੂਰਾ ਕਰਨਾ ਹੈ ਕਿਉਂ ਜੋ ਜਿਹੜੀਆਂ ਵਸਤਾਂ ਦੀ ਵਿਦੇਸ਼ਾਂ ਵਿਚ ਮੰਗ ਹੈ, ਉਹ ਤਾਂ ਪੈਦਾ ਹੀ ਨਹੀਂ ਹੋ ਰਹੀਆਂ।

ਪੰਜਾਬ ਵਿਚ ਫੈਲੀ ਵੱਡੀ ਬੇਰੁਜ਼ਗਾਰੀ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਪੰਜਾਬ ਦੇ ਉਦਯੋਗੀਕਰਨ ਵਿਚ ਖੇਤੀ ਆਧਾਰਤ ਉਦਯੋਗਾਂ ਨੂੰ ਪਹਿਲ ਦੇਣੀ ਚਾਹੀਦੀ ਹੈ ਅਤੇ ਇਸ ਵਿਚ ਸਰਕਾਰ ਦੀ ਵੱਡੀ ਭੂਮਿਕਾ ਹੈ। ਇਨ੍ਹਾਂ ਉਦਯੋਗਾਂ ਨੂੰ ਉਤਸ਼ਾਹਤ ਕਰਨ ਲਈ ਸਹੂਲਤਾਂ ਜਿਵੇਂ ਸਬਸਿਡੀ, ਸਸਤੀ ਬਿਜਲੀ, ਟੈਕਸ ਛੋਟ ਤੋਂ ਇਲਾਵਾ ਸਭ ਤੋਂ ਜ਼ਰੂਰੀ ਸਰਕਾਰੀ ਤੌਰ 'ਤੇ ਉਹ ਫ਼ਸਲਾਂ ਖ਼ਰੀਦਣ ਦਾ ਯਕੀਨੀਕਰਨ ਸਰਕਾਰ 'ਤੇ ਨਿਰਭਰ ਕਰਦਾ ਹੈ।

ਸਰਕਾਰ ਵੱਲੋਂ ਕੁਝ ਵਸਤਾਂ ਦੀ ਪਛਾਣ ਕਰਨੀ ਜਿਹੜੀਆਂ ਭਾਰਤ ਦੇ ਹੋਰ ਪ੍ਰਾਂਤਾਂ ਜਾਂ ਵਿਦੇਸ਼ਾਂ ਵਿਚ ਵਿਕ ਸਕਦੀਆਂ ਹਨ ਅਤੇ ਫਿਰ ਉਨ੍ਹਾਂ ਨੂੰ ਘੱਟੋ-ਘੱਟ ਸਮਰਥਨ ਕੀਮਤਾਂ 'ਤੇ ਖ਼ਰੀਦਣ ਦਾ ਯਕੀਨ ਦਿਵਾਉਣਾ ਸਰਕਾਰ ਹੀ ਕਰ ਸਕਦੀ ਹੈ। ਉੱਦਮੀ ਨੂੰ ਵੀ ਇਹ ਯਕੀਨ ਹੋਵੇ ਕਿ ਉਸ ਦੀ ਲੱਗੀ ਪੂੰਜੀ ਦੀ ਪੂਰੀ ਸਮਰੱਥਾ ਵਰਤੀ ਜਾਵੇਗੀ ਅਤੇ ਉਸ ਦੀ ਇਕਾਈ ਲੰਬਾ ਸਮਾਂ ਕੰਮ ਕਰੇਗੀ। ਉਕਤ ਨੂੰ ਕਰਨ ਨਾਲ ਜਿੱਥੇ ਰੁਜ਼ਗਾਰ ਵਿਚ ਵਾਧਾ ਹੋਵੇਗਾ ਉੱਥੇ ਖੇਤੀ ਵਿਚ ਵਿਭਿੰਨਤਾ ਆਵੇਗੀ ਜਿਸ ਦੀ ਇਸ ਸਮੇਂ ਵੱਡੀ ਲੋੜ ਹੈ।

# ਅਨੰਦ ਕਾਰਜ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਵਿਆਹ ਵਾਲੇ ਦਿਨ ਲਾੜੀ ਅਤੇ ਲਾੜਾ ਰਸਮੀ ਇਸ਼ਨਾਨ ਕਰਦੇ ਹਨ ਜਿਸ ਨੂੰ ਖਾਰੇ ਚੜਨ ਦੀ ਰਸਮ ਕਿਹਾ ਜਾਂਦਾ ਹੈ। ਅਸਲ ਵਿਚ ਇਹ ਇਕੱਲਤਾ ਤੋਂ ਪਿੱਛੋਂ ਪਵਿੱਤਰਤਾ ਦੀ ਰਸਮ ਹੈ। ਇਸ਼ਨਾਨ ਪਿੱਛੋਂ ਲੜਕਾ ਅਤੇ ਲੜਕੀ ਦੋਵੇਂ ਇਸ ਮੌਕੇ ਲਈ ਤਿਆਰ ਕੀਤੇ ਹੋਏ ਨਵੇਂ ਕੱਪੜੇ ਪਾਉਂਦੇ ਹਨ। ਆਮ ਤੌਰ ਤੇ ਇਹ ਕਪੜੇ ਉਹਨਾਂ ਦੇ ਨਾਨਕਿਆਂ ਵਲੋਂ ਦਿੱਤੇ ਜਾਂਦੇ ਹਨ। ਨਾਨਕੇ ਲੜਕੀ ਨੂੰ ਤੋਹਫ਼ੇ ਦਿੰਦੇ ਹਨ ਜਿਸ ਨੂੰ 'ਨਾਨਕੀ ਛੱਕ ਕਿਹਾ ਜਾਂਦਾ ਹੈ। ਇਸ ਵਿਚ ਹਾਥੀ ਦੰਦ ਦੀਆਂ ਚੂੜੀਆਂ, ਨੱਥ , ਇਕ ਸੂਟ ਜਾਂ ਗਹਿਣਿਆਂ ਦਾ ਇਕ ਸੈਟ ਅਤੇ ਕੁਝ ਘਰੇਲੂ ਬਰਤਨ ਅਤੇ ਹੋਰ ਲੋੜੀਂਦੀਆਂ ਵਸਤਾਂ ਦਿੱਤੀਆਂ ਜਾਂਦੀਆਂ ਹਨ। ਇਹਨਾਂ ਤੋਹਫਿਆਂ ਵਿਚ ਲਾੜੀ ਦੇ ਮਾਪਿਆਂ ਵਲੋਂ ਭੈਣ ਭਰਾਵਾਂ ਲਈ ਕਪੜੇ ਵੀ ਹੋ ਸਕਦੇ ਹਨ। ਮਾਪਿਆਂ ਵਲੋਂ ਲੜਕੇ ਨੂੰ ਵੀ ਤੋਹਫ਼ੇ ਦਿੱਤੇ ਜਾਂਦੇ ਹਨ। ਇਸ ਵਿਚ ਲਾੜੇ ਦੇ ਕਪੜੇ, ਉਸਦੇ ਭੈਣ ਭਰਾਵਾਂ ਦੇ ਅਤੇ ਮਾਪਿਆਂ ਦੇ ਕਪੜੇ ਵੀ ਸ਼ਾਮਲ ਹੁੰਦੇ ਹਨ।

ਲਾੜੇ ਦੀ ਜੰਝ ਨਾਲ ਜਾਣ ਤੋਂ ਪਹਿਲਾਂ ਕਈ ਰੀਤੀ ਰਿਵਾਜ ਕੀਤੇ ਜਾਂਦੇ ਹਨ। ਅਰਦਾਸ ਕਰਨ ਤੋਂ ਪਿੱਛੋਂ ਲੜਕੇ ਦੀ ਭੈਣ ਉਸ ਦੇ ਮੱਥੇ ਤੇ ਕਲਗੀ ਅਤੇ ਸਿਹਰਾ ਬੰਨਦੀ ਹੈ। ਸਿਰਵਾਰਨਾ ਕੀਤਾ ਜਾਂਦਾ ਹੈ ਅਤੇ ਗਰੀਬਾਂ ਵਿਚ ਪੈਸੇ ਵੰਡੇ ਜਾਂਦੇ ਹਨ। ਲਾੜੇ ਦੀ ਭੈਣ ਗੀਤਾਂ ਦੀ ਧੁਨੀ ਨਾਲ ਘੋੜੀ ਦੀਆਂ ਲਗਾਮਾਂ ਲਾਲ ਧਾਗੇ ਨਾਲ ਗੁੰਦਦੀ ਹੈ ਅਤੇ ਭਰਜਾਈ ਲਾੜੇ ਦੀਆਂ ਅੱਖਾਂ ਵਿਚ ਸੁਰਮਾ ਪਾਉਂਦੀ ਹੈ। ਜਦੋਂ ਸਭ ਕੁਝ ਹੋ ਜਾਂਦਾ ਹੈ ਅਤੇ ਘੋੜੀ ਨੂੰ ਜੌਂ ਅਤੇ ਛੋਲੇ ਚਾਰ ਦਿੱਤੇ ਜਾਂਦੇ ਹਨ ਤਾਂ ਲੜਕੇ ਦੀ ਭੈਣ ਘੋੜੇ ਦੀਆਂ ਲਗਾਮਾਂ ਫੜਦੀ ਹੈ ਅਤੇ ਅੱਗੇ ਜਾਣ ਤੋਂ ਪਹਿਲਾਂ ਆਪਣੇ ਭਰਾ ਤੋਂ ਤੋਹਫ਼ੇ ਮੰਗਦੀ ਹੈ। ਲਾੜਾ ਆਪਣੀਆਂ ਸਾਰੀਆਂ ਭੈਣਾਂ ਨੂੰ ਵਿੱਤ ਅਨੁਸਾਰ ਕੁਝ ਪੈਸੇ ਦਿੰਦਾ ਹੈ; ਜਿਸ ਰਸਮ ਨੂੰ 'ਵਾਗ ਫੜਾਈ ਕਿਹਾ ਜਾਂਦਾ ਹੈ। ਜਦੋਂ ਸਾਰਾ ਕਾਫ਼ਲਾ ਤੁਰਦਾ ਹੈ ਤਾਂ ਲਾੜੇ ਦਾ ਛੋਟਾ ਭਰਾ ਜਾਂ ਭਤੀਜਾ ਉਸਦਾ ਸਰਬਾਲਾ ਬਣਕੇ ਉਸ ਪਿੱਛੇ ਘੋੜੀ ਤੇ ਬੈਠਦਾ ਹੈ।

ਲਾੜੇ ਦੇ ਲਾੜੀ ਨਾਲ ਤੁਰਨ ਤੋਂ ਪਹਿਲਾਂ, ਪਹਿਲਾਂ ਲਾੜੇ ਵਾਲੇ ਅਤੇ ਫਿਰ ਲਾੜੀ ਵਾਲੇ ਰੋਟੀ ਖਾਂਦੇ ਹਨ।ਲਾੜੀ ਆਪਣੇ ਸਹੁਰਿਆਂ ਵਲੋਂ ਭੇਜੀ ਹੋਈ ਰੋਟੀ ਖਾਂਦੀ ਹੈ ਅਤੇ ਇਸੇ ਨੂੰ 'ਸਹੁਰਿਆਂ ਦੀ ਰੋਟੀ ਕਿਹਾ ਜਾਂਦਾ ਹੈ। ਜਦੋਂ ਲਾੜੀ ਆਪਣੇ ਘਰੋਂ ਵਿਦਾ ਹੁੰਦੀ ਹੈ ਤਾਂ ਉਸਦੀ ਮਾਤਾ, ਸੰਬੰਧੀ ਇਸਤਰੀਆਂ ਅਤੇ ਨੇੜੇ ਦੀਆਂ ਸਹੇਲੀਆਂ ਉਸ ਨੂੰ ਵਿਦਾ ਕਰਨ ਆਉਂਦੀਆਂ ਹਨ। ਬੈਂਡ ਨਾਲ ਵਿਦਾਇਗੀ ਦੇ ਗੀਤ ਗਾਏ ਜਾਂਦੇ ਹਨ। ਲਾੜੀ ਅਤੇ ਲਾੜਾ ਇਕੱਠੇ ਲਾੜੇ ਦੇ ਘਰ ਜਾਣ ਲਈ ਵਿਦਾ ਹੁੰਦੇ ਹਨ। ਲਾੜੀ ਨਾਲ ਆਮ ਤੌਰ ਤੇ ਛੋਟਾ ਭਰਾ ਜਾਂ ਪਰੰਪਰਾ ਅਨੁਸਾਰ ਨਾਇਣ ਜਾਂਦੀ ਹੈ। ਲਾੜੀ ਦੇ ਆਪਣੇ ਮਾਪਿਆਂ ਦੇ ਘਰੋਂ ਵਿਦਾਇਗੀ ਦੀ ਰਸਮ ਨੂੰ ਡੋਲੀ ਚੜ੍ਹਣਾ ਕਹਿੰਦੇ ਹਨ। ਪਹਿਲੇ ਸਮਿਆਂ ਵਿਚ ਇਹ ਇਕ ਪਾਲਕੀ ਹੁੰਦੀ ਸੀ ਜਿਹੜੀ ਜੋੜੇ ਦੇ ਜਾਣ ਦਾ ਸਾਧਨ ਹੁੰਦੀ ਸੀ ਪਰ ਅੱਜਕਲ੍ਹ ਇਸ ਲਈ ਇਕ ਸੋਹਣੀ ਸਜਾਈ ਹੋਈ ਕਾਰ ਵਰਤੀ ਜਾਂਦੀ ਹੈ। ਜਦੋਂ ਇਹ ਕਾਰ ਜਾਂ ਕਾਫ਼ਲਾ ਤੁਰਦਾ ਹੈ ਤਾਂ ਲਾੜੇ ਦਾ ਪਿਤਾ ਇਸ ਉਤੇ ਪੈਸਿਆਂ ਦੀ ਸੋਟ ਕਰਦਾ ਹੈ ਅਤੇ ਜਿਸ ਦਾ ਭਾਵ ਇਸ ਰਸਮ ਦੇ ਪੂਰਾ ਹੋਣ ਤੇ ਖੁਸ਼ੀ ਦਾ ਪ੍ਰਗਟਾਵਾ ਕਰਨਾ ਹੁੰਦਾ ਹੈ। ਮਿਠਾਈ ਦੀ ਟੋਕਰੀ (ਭਾਜੀ) ਲਾੜੇ ਦੇ ਰਿਸ਼ਤੇਦਾਰਾਂ ਵਿਚ ਵੰਡਣ ਲਈ ਲਾੜੀ ਦੇ ਨਾਲ ਭੇਜੀ ਜਾਂਦੀ ਹੈ।

ਜੋੜੇ ਦਾ ਰਿਵਾਜ ਅਨੁਸਾਰ ਲਾੜੇ ਦੇ ਪਰਵਾਰਿਕ ਘਰ ਦੀ ਦਹਲੀਜ਼ ਤੇ ਹੀ ਸੁਆਗਤ ਕੀਤਾ ਜਾਂਦਾ ਹੈ। ਇਸ ਪਿੱਛੋਂ ਲਾੜੇ ਦੀਆਂ ਰਿਸ਼ਤੇਦਾਰ ਇਸਤਰੀਆਂ ਦੋਸਤਾਂ ਅਤੇ ਗੁਆਂਢੀਆਂ ਦੀ ਹਾਜ਼ਰੀ ਵਿਚ ਮੂੰਹ ਵਿਖਾਈ (ਘੁੰਡ ਚੁਕਾਈ) ਦੀ ਰਸਮ ਹੁੰਦੀ ਹੈ। ਲਾੜੀ ਨੂੰ ਖਿਚੜੀ ਦਿੱਤੀ ਜਾਂਦੀ ਹੈ ਜਿਸ ਦਾ ਭਾਵ ਹੁੰਦਾ ਹੈ ਕਿ ਉਹ ਉਸ ਦੇ ਪਤੀ ਦੇ ਘਰ ਦੀ ਇਕ ਮੈਂਬਰ ਬਣ ਚੁਕੀ ਹੈ। ਉਹ ਆਪਣਾ ਘੁੰਡ ਚੁੱਕਦੀ ਹੈ ਅਤੇ ਰਿਸ਼ਤੇਦਾਰ ਇਸਤਰੀਆਂ ਦੇ ਜਿਹੜੀਆਂ ਸਿਰਵਾਰਨਾ ਕਰਦੀਆਂ ਹਨ, ਸਤਿਕਾਰ ਵਜੋਂ ਉਹਨਾਂ ਦੇ ਪੈਰੀਂ ਹੱਥ ਲਾਉਂਦੀ ਹੈ।

ਸ਼ਹਿਰੀ ਸਮਾਜ ਵਿਚ ਲਾੜੇ ਦੇ ਮਾਪਿਆਂ ਵਲੋਂ ਸੁਆਗਤ ਸਮਾਰੋਹ ਦਾ ਰਿਵਾਜ ਪ੍ਰਚਲਿਤ ਹੋ ਰਿਹਾ ਹੈ। ਇਹ ਸੁਆਗਤ ਸਮਾਰੋਹ (ਪਾਰਟੀ) ਵਿਆਹ ਤੋਂ ਪਿੱਛੋਂ ਹੁੰਦਾ ਹੈ। ਦੋਵਾਂ ਪਰਵਾਰਾਂ ਦੇ ਨੇੜੇ ਦੇ ਰਿਸ਼ਤੇਦਾਰ ਅਤੇ ਦੋਸਤਾਂ ਮਿੱਤਰਾਂ ਨੂੰ ਸੱਦਾ ਦਿੱਤਾ ਜਾਂਦਾ ਹੈ। ਆਮ ਤੌਰ ਤੇ ਇਕ ਦੋ ਦਿਨਾਂ ਪਿੱਛੋਂ ਲਾੜੀ ਆਪਣੇ ਮਾਪਿਆਂ ਦੇ ਘਰ ਵਾਪਸ ਜਾਂਦੀ ਹੈ। ਦੂਸਰੀ ਵਾਰੀ ਜਦੋਂ ਲਾੜਾ ਉਸ ਨੂੰ ਉਸਦੇ ਮਾਪਿਆਂ ਦੇ ਘਰੋਂ ਲੈਣ ਜਾਂਦਾ ਹੈ ਕੇਵਲ ਤਾਂ ਹੀ ਵਿਆਹ ਸੰਪੂਰਨ ਹੁੰਦਾ ਹੈ। ਦੂਜੇ ਗੇੜੇ ਨੂੰ ਮੁਕਲਾਵਾ ਕਿਹਾ ਜਾਂਦਾ ਹੈ। ਇਸ ਮੌਕੇ ਤੇ ਇਸ ਪਿੱਛੋਂ ਲਾੜੀ ਨੂੰ ਆਪਣੇ ਪੇਕੇ ਘਰ ਅਤੇ ਉਸਦੇ ਮਾਪੇ ਉਸਨੂੰ ਕਪੜਿਆਂ ਅਤੇ ਗਹਿਣਿਆਂ ਦੇ ਤੋਹਫ਼ੇ ਦਿੰਦੇ ਹਨ। ਸ਼ਬਦ 'ਦਾਜੱ ਦਾ ਭਾਵ ਹੈ ਕਿ ਲੜਕੀ ਦੇ ਮਾਪਿਆਂ ਵਲੋਂ ਲੜਕੇ ਅਤੇ ਉਸ ਦੇ ਮਾਪਿਆਂ ਨੂੰ ਵਿਆਹ ਸਮੇਂ ਦਿੱਤੇ ਜਾਂਦੇ ਤੋਹਫ਼ੇ।ਲੜਕੇ ਦੇ ਮਾਪਿਆਂ ਵਲੋਂ ਲੜਕੀ ਨੂੰ ਦਿੱਤੇ ਤੋਹਫਿਆਂ ਨੂੰ 'ਵਰੀ ਕਹਿੰਦੇ ਹਨ। ਦਾਜ ਤੋਂ ਇਲਾਵਾ ਜਿਹੜੀਆਂ ਚੀਜ਼ਾਂ ਲੜਕੀ ਨੂੰ ਆਪਣਾ ਘਰ ਬਣਾਉਣ ਲਈ ਚਾਹੀਦੀਆਂ ਹਨ ਅਰਥਾਤ ਕਪੜੇ, ਗਹਿਣੇ, ਭਾਂਡੇ ਫਰਨੀਚਰ ਅਤੇ ਬਿਸਤਰੇ ਆਦਿ ਦਿੱਤੇ ਜਾਂਦੇ ਹਨ। ਲੜਕੀ ਦੇ ਮਾਪੇ ਵਿਆਹ, ਪਾਰਟੀਆਂ ਅਤੇ ਰੋਸ਼ਨੀ ਤੇ ਸਾਰਾ ਖਰਚਾ ਆਪ ਕਰਦੇ ਹਨ। ਇਸ ਨੂੰ ਸਿੱਖ ਵਿਆਹ ਦਾ ਹਿੱਸਾ ਨਹੀਂ ਮੰਨਣਾ ਚਾਹੀਦਾ ਪਰੰਤੂ ਪੰਜਾਬੀ ਸਮਾਜ ਵਿਚ ਇਹ ਆਮ ਰਿਵਾਜ ਹੈ। ਸਿੰਘ ਸਭਾ ਦੇ ਹੋਂਦ ਵਿਚ ਆਉਣ ਤੇ ਹੀ ਸਿੱਖ ਸੁਧਾਰਵਾਦੀ ਸਾਦੇ ਅਤੇ ਘੱਟ ਖਰਚ ਦੇ ਵਿਆਹ ਵਾਲੇ ਅਨੰਦ ਦੀ ਰਸਮ ਉੱਤੇ ਬਹੁਤ ਜ਼ੋਰ ਦਿੰਦੇ ਹਨ।

ਅਨੰਦ ਕਾਰਜ : ਇਹ ਵਿਆਹ ਸਬੰਧੀ ਸਿੱਖਾਂ ਦੀ ਇਕ ਰਸਮ ਹੈ ਜੋ ਗੁਰੂ ਗੋਬਿੰਦ ਸਿੰਘ ਜੀ (1666--1708 ਈ.) ਦੇ ਸਮੇਂ ਤੋਂ ਪ੍ਰਚਲਿਤ ਹੈ। ਇਸ ਰਸਮ ਅਨੁਸਾਰ ਲਾੜਾ ਤੇ ਉਸ ਦੇ ਖੱਬੇ ਹੱਥ ਲੜਕੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਬੈਠਦੇ ਹਨ। ਅਰਦਾਸ ਕਰ ਕੇ ਲੜਕੇ-ਲੜਕੀ ਨੂੰ ਸਿੱਖ ਧਰਮ ਅਨੁਸਾਰ ਗ੍ਰਿਹਸਤ ਸਬੰਧੀ ਸਿਖਿਆ ਦਿੱਤੀ ਜਾਂਦੀ ਹੈ। ਫੇਰ ਲਾਵਾਂ ਗੁਰੂ ਗ੍ਰੰਥ ਸਾਹਿਬ ਵਿਚੋਂ ਇਕ ਇਕ ਕਰਕੇ ਪੜ੍ਹੀਆਂ ਜਾਂਦੀਆਂ ਹਨ। ਇਕ ਲਾਂਵ ਪੜ੍ਹੀ ਜਾਣ ਤੋਂ ਪਿੱਛੋਂ ਲੜਕਾ-ਲੜਕੀ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਪ੍ਰਕਰਮਾਂ ਕਰਦੇ ਹਨ। ਉੱਨਾ ਚਿਰ ਰਾਗੀ ਜਾਂ ਬੈਠੇ ਲੋਕ ਰਾਗ ਵਿਚ ਉਹੀ ਲਾਂਵ ਪੜ੍ਹਦੇ ਹਨ। ਇਉਂ ਚਾਰੇ ਲਾਵਾਂ ਪੜ੍ਹਨ ਪਿੱਛੋਂ ਲੜਕੇ-ਲੜਕੀ ਦੇ ਬੈਠਿਆਂ ਹੀ ਅਨੰਦੁ ਨਾਂ ਦੀ ਬਾਣੀ ਤੇ ਕੁਝ ਹੋਰ ਸ਼ਬਦ ਗਾਏ ਜਾਂਦੇ ਹਨ ਤੇ ਫਿਰ ਅਰਦਾਸ ਹੁੰਦੀ ਹੈ।

ਅਨੰਦ ਕਾਰਜ ਦਾ ਪ੍ਰਚਾਰ ਸਿਰਫ਼ ਸਮਾਜ ਸੁਧਾਰ ਨੂੰ ਮੁੱਖ ਰੱਖ ਕੇ ਅਤੇ ਵਿਆਹ ਸਮੇਂ ਧਿਏਤਿਆਂ ਤੇ ਪੁਤੋਤਿਆਂ ਨੂੰ ਬਹੁਤੇ ਖਰਚ ਤੋਂ ਬਚਾਉਣ ਅਤੇ



ਕਦੀਮ ਤੋਂ ਚਲੀ ਆ ਰਹੀ ਨੌਂ ਗ੍ਰਿਹ ਆਦਿ ਦੀ ਵਹਿਮ ਪ੍ਰਸਤੀ ਵਿਚੋਂ ਸਿੱਖਾਂ ਨੂੰ ਕੱਢਣ ਲਈ ਇਕ ਨਵੀਂ ਮਰਯਾਦਾ ਦੇ ਰੂਪ ਵਿਚ ਹੋਇਆ ਸੀ। ਸ੍ਰੀ ਗੁਰੂ ਅਮਰਦਾਸ ਜੀ (1666--1708 ਈ.) ਨੇ ਆਪਣੇ ਪੋਤਰੇ ਅਨੰਦ ਦੇ ਜਨਮ ਦੀ ਖ਼ੁਸ਼ੀ ਵਿਚ ਰਾਮ ਰਾਮਕਲੀ ਵਿਚ ਬਾਣੀ ਅਨੰਦ ਦਾ ਉਚਾਰਨ ਕੀਤਾ ਸੀ। ਅਨੰਦ ਦਾ ਭਾਵ ਖੁਸ਼ੀ ਜਾਂ ਸ਼ਾਦੀ ਹੈ, ਇਸੇ ਕਰਕੇ ਇਸ ਵਿਆਹ ਦਾ ਨਾਂ ਵੀ 'ਅਨੰਦ ਕਾਰਜ' ਪ੍ਰਸਿੱਧ ਹੋਇਆ।

ਅਨੰਦ ਦੀ ਰਸਮ ਸਿੱਖਾਂ ਵਿਚ ਪਹਿਲੇ ਪਹਿਲ ਕਿਵੇਂ ਚੱਲੀ। ਇਸ ਬਾਰੇ ਕਈ ਕਿਸਮ ਦੇ ਕਿਆਸ ਹਨ। ਵਿਦਵਾਨਾਂ ਦੀ ਰਾਇ ਹੈ ਕਿ ਇਹ ਰਸਮ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪ੍ਰਚਲਿਤ ਹੋਈ ਸੀ ਕਿਉਂਕਿ ਗੁਰੂ ਸਾਹਿਬ ਨੇ ਸੰਨ 1699 ਈ. ਵਿਚ ਅੰਮ੍ਰਿਤ ਛਕਾ ਕੇ ਖ਼ਾਲਸਾ ਪੰਥ ਸਾਜਿਆ ਸੀ ਅਤੇ ਜਨਮ ਤੋਂ ਲੈ ਕੇ ਮਰਨ ਤਕ ਸਿੱਖਾਂ ਦੇ ਸਾਰੇ ਹੀ ਰਸਮ-ਰਿਵਾਜ ਬਦਲ ਦਿੱਤੇ ਸਨ। ਅਨੰਦ ਕਾਰਜ ਦਾ ਜ਼ਿਕਰ ਉਸ ਸਮੇਂ ਦੀਆਂ ਧਾਰਮਿਕ ਵਿਧੀ-ਨਿਖੇਧ ਸਬੰਧੀ ਪੁਸਤਕਾਂ ਪ੍ਰੇਮ ਸੁਮਾਰਗ ਗ੍ਰੰਥ-ਪਾਤਸ਼ਾਹੀ 10, ਰਹਿਤਨਾਮਾ-ਭਾਈ ਦਇਆ ਸਿੰਘ, ਗੁਰ ਰਤਨ ਮਾਲ : ਸੌ ਸਾਖੀ ਭਾਈ ਸਾਹਿਬ ਸਿੰਘ ਤੇ ਸਿੱਖਾਂ ਦੀ ਭਗਤ ਮਾਲ ਭਾਈ ਮਨੀ ਸਿੰਘ ਸ਼ਹੀਦ ਵਿਚ ਮਿਲਦਾ ਹੈ।

ਅਨੰਦ ਵਿਆਹ ਦੀ ਅਹਿਮੀਅਤ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਪਣਾ ਕਥਨ ਰਹਿਤਨਾਮਿਆਂ ਦੇ ਅਨੁਸਾਰ ਇਹ ਹੈ :--

(1) "ਪ੍ਰਥਮੈ ਕੰਨਿਆ ਜਬ ਵਰ ਜੋਗ ਪ੍ਰਾਪਤ ਹੋਇ ਤਬ ਮਾਤਾ-ਪਿਤਾ ਕੋ ਚਾਹੀਐ ਜੋ ਉਸ ਕੇ ਸੰਜੋਗ ਕਾ ਉਦਮ ਕਰਨ। ਛੋਟੀ ਬਾਲਕੀ ਦਾ ਸੰਜੋਗ ਕਰਨਾ ਭਲਾ ਅਰ ਜੋਗ ਨਾਹੀ। ਸੰਯੋਗ ਐਸੀ ਕੁਲ ਵਿਖੈ ਕਰੈ ਜਿੱਥੇ ਸਿਖੀ ਅਕਾਲ ਪੁਰਖ ਦੀ ਹੋਵੇ; ਖ਼ਾਲਸਾ ਹੈ, ਗਰੀਬ ਹੈ, ਕਿਰਤੀ, ਤਹਾਂ ਸੰਯੋਗੀ ਬਿਨਾ ਪੁਛੇ ਕਰੋ। ਉਸ ਕੀ ਸ੍ਰੀ ਅਕਾਲ ਪੁਰਖ ਨਾਲ ਬਣ ਆਵੈ, ਮਾਯਾ ਧਨ ਦੇਖੇ ਨਾਹੀ। ਗੁਰੂ ਨਿਰੰਕਾਰ ਦੀ ਆਸ ਉੱਪਰ ਦੇਵੈ, 'ਆਨੰਦ' ਕਰੈ, ਗੁਰੂ ਭਾਵੈ ਤਾਂ ਬੇਟੀ ਸੁਖੀ ਹੋਵੇ ਅਤੇ ਮਾਤਾ-ਪਿਤਾ ਨੂੰ ਬਹੁਤ ਖ਼ੁਸ਼ੀ ਦੇਇਗੀ।"

(ਪ੍ਰੇਮ ਸੁਮਾਰਗ ਪਾਤਸ਼ਾਹੀ 10)

(2) "ਸੰਜੋਗ ਬਿਧਿ, ਜਿਸ ਕੋ ਵਿਆਹ ਕਰਦੇ ਹੈਨ, ਖ਼ਾਲਸੇ ਕੇ ਸੰਯੋਗ ਕਹਣਾ ਆਇਆ ਹੈ।"

(ਪ੍ਰੇਮ ਸੁਮਾਰਗ ਪਾਤਸ਼ਾਹੀ 10)।

ਸਿੱਖ ਧਰਮ ਸਬੰਧੀ ਕਈ ਹੋਰ ਰਹਿਤਨਾਮੇ ਤੇ ਧਰਮ-ਗ੍ਰੰਥ ਇਸ ਰਸਮ ਬਾਰੇ ਕੁਝ ਰੋਸ਼ਨੀ ਇਸ ਪ੍ਰਕਾਰ ਪਾਉਂਦੇ ਹਨ :--

(1) "ਬਿਨਾ ਆਨੰਦ ਬਿਵਾਹ ਕੇ ਭੁਗਤੇ ਪਰ ਕੀ ਜੋਇ ॥
ਸੁਣ, ਸਿੱਖਾ। ਗੁਰ ਕਹਿ ਥਕੇ, ਮੇਰਾ ਸਿੱਖ ਨਾ ਸੋਇ ॥"

(ਗੁਰ ਰਤਨ ਮਾਲ : ਸੌ ਸਾਖੀ)

(2) "ਗੁਰ ਕਾ ਸਿਖ ....ਸਭ ਮਰਯਾਦਾ, ਗੁਰੂ ਕੀ ਅਰਦਾਸ ਸੇ ਕਰੇ। ਆਨੰਦ ਬਿਨਾ ਬਿਵਾਹ ਨਾ ਕਰੇ।" (ਰਹਿਤ ਨਾਮਾ ਭਾਈ ਦਇਆ ਸਿੰਘ)।

(3) ....ਖਾਲਸੇ ਜੀ ਦੇ ਵਰਤਣ ਦੀਆਂ...(ਸਿੱਖਾਂ ਨੇ ਗੁਰੂ ਦਸਮ ਪਾਤਸ਼ਾਹ ਪਾਸ) ਦਸ ਰਹਿਤਾਂ ਲਿਖ ਕੇ ਗੁਜ਼ਾਰੀਆਂ। ਸਤਿਗੁਰ ਨੇ ਕ੍ਰਿਪਾ ਕਰਕੇ ਦਸਾਂ ਰਹਿਤਾਂ ਉੱਪਰ ਦਸਖਤ ਕੀਤੇ। ਸਿੱਖਾਂ ਦੀ ਸ਼ੰਕਾ ਨਿਵਿਰਤ ਕਰਨ ਵਾਸਤੇ ਪ੍ਰਿਥਮੇ ਏਹ ਲਿਖਯੋ ਨੇ ਜੋ, "ਸਿੱਖ ਕਹਦੇ ਹੈਨ ਜੇ ਤੁਸੀਂ ਆਨੰਦ ਪੜ ਕੇ ਵਿਆਹ ਕਰੋ, ਬ੍ਰਾਹਮਣਾਂ ਨੂੰ ਨਾ ਬੁਲਾਵੋ। ਜੀ ਸਚੇ ਪਾਤਸਾਹ। ਜਿਵੇਂ ਅਮਰ (ਹੁਕਮ) ਹੋਵੇ ? ਖ਼ਤ ਖਾਸ ਹੋਏ, ਆਨੰਦ ਪੜਣਾ, ਅਰਦਾਸ ਕਰਨੀ।" ਸਿੱਖਾਂ ਦੀ 'ਭਗਤ ਮਾਲ' ਕ੍ਰਿਤ ਭਾਈ ਮਨੀ ਸਿੰਘ ਸ਼ਹੀਦ, ਹੱਥ ਲਿਖਤ ਪ੍ਰਤੀ, ਪਤ੍ਰੇ (526-27)।

'ਪ੍ਰੇਮ ਸੁਮਾਰਗ ਪਾਤਸ਼ਾਹੀ 10' ਦੀ ਲਿਖਤ ਮੁਜਬ, ਜਿਵੇਂ ਕਿ ਪਿੱਛੇ ਹਵਾਲੇ ਦਿੱਤੇ ਗਏ ਹਨ, ਸੰਯੋਗ ਤੇ ਆਨੰਦ ਵਿਆਹ ਦੇ ਅਰਥ ਇਕੋ ਹੀ ਹਨ ਤੇ ਸਿੱਖਾਂ ਵਿਚ ਪੁਨਰ ਵਿਆਹ ਵੀ, ਜਿਸ ਦਾ ਸੰਕੇਤੀ ਨਾਉਂ ਪ੍ਰਸੰਜੋਗ ਹੈ, ਰਹਿਤਨਾਮਿਆਂ ਦੇ ਅਨੁਸਾਰ ਵਰਜਿਤ ਨਹੀਂ ਹੈ। ਸੰਜੋਗ (ਅਨੰਦ ਵਿਆਹ) ਤੇ ਪ੍ਰਸੰਜੋਗ (ਪੁਨਰ ਵਿਆਹ) ਦਾ ਵਰਣਨ ਗ੍ਰੰਥ ਪ੍ਰੇਮ ਸੁਮਾਰਗ ਵਿਚ ਖੋਲ੍ਹ ਕੇ ਦਿੱਤਾ ਹੋਇਆ ਹੈ।

ਸਿੱਖ ਧਰਮ ਅਨੁਸਾਰ ਚਾਹੇ ਕਿਸੇ ਵੀ ਵਿਅਕਤੀ ਦਾ ਸੰਜੋਗ (ਅਨੰਦ ਵਿਆਹ) ਹੋਵੇ ਜਾਂ ਪ੍ਰਸੰਜੋਗ (ਪੁਨਰ ਵਿਆਹ) ਕਿਸੇ ਵੀ ਗ਼ੈਰ ਸਿੱਖ ਜਾਂ ਸਿੱਖੀ ਤੋਂ ਪਤਿਤ ਹੋਏ ਵਿਅਕਤੀ ਨਾਲ ਹੋਣਾ ਵਰਜਿਤ ਹੈ। ਗ੍ਰੰਥ ਪ੍ਰੇਮ ਸੁਮਾਰਗ ਪਾਤਸ਼ਾਹੀ 10 ਤੇ ਹੋਰ ਰਹਿਤਨਾਮਿਆਂ ਦੇ ਅਨੁਸਾਰ ਸਿੱਖਾਂ ਦੇ ਵਿਆਹ-ਸਬੰਧ ਬਿਨਾਂ ਕਿਸੇ ਜਾਤ-ਪਾਤ ਦੇ ਵਲ ਵਿਤਕਰੇ ਦੇ ਦੋਹੀਂ ਧਿਰੀਂ ਲੜਕੇ-ਲੜਕੀ ਦੇ ਗੁਣ, ਕਰਮ ਤੇ ਸੁਭਾਉ ਨੂੰ ਮੁੱਖ ਰੱਖ ਕੇ ਹੋਣੇ ਜੋਗ ਹਨ। ਭਾਈ ਦਇਆ ਸਿੰਘ ਨੇ, ਜੋ ਪੰਜਾ ਪਿਆਰਿਆਂ ਵਿਚੋਂ ਇਕ ਸੀ, ਆਪਣੇ ਰਹਿਤਨਾਮੇ ਵਿਚ ਗੁਰੂ ਸਾਹਿਬ ਦੇ ਇਸੇ ਕਥਨ ਦੀ ਪੁਸ਼ਟੀ ਕੀਤੀ ਹੈ ਤੇ ਲਿਖਿਆ ਹੈ –

"ਸਿਖ ਸਿਖ ਕੋ ਪੁਤ੍ਰੀ ਦਈ, ਸੁਧਾ ਸੁਧਾ ਮਿਲ ਜਾਇ।"

ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰਮਤਿ ਮਾਰਤੰਡ ਨਾਮੀ ਪੁਸਤਕ ਵਿਚ ਆਨੰਦ-ਵਿਆਹ ਦੀ ਰੀਤੀ ਸੰਖੇਪ ਨਾਲ ਇਸ ਤਰ੍ਹਾਂ ਲਿਖੀ ਹੈ--

(1) ਸਗਾਈ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸੰਗਤਿ ਵਿਚ ਅਰਣਾਸ ਸੋਧ ਕੇ ਹੋਵੇ। (2) ਅਨੰਦ (ਕਾਰਜ) ਦਾ ਦਿਨ ਪੰਜਾਂ ਪਿਆਰਿਆਂ ਦੀ ਸਲਾਹ ਨਾਲ ਥਾਪਿਆ ਜਾਵੇ। (3) ਜਿਤਨੇ ਆਦਮੀ ਲੜਕੀ ਵਾਲਾ ਮੰਗਾਵੇ ਉਤਨੇ ਲੈ ਕੇ ਲਾੜਾ ਸੁਹਰੇ ਘਰ ਜਾਵੇ ਤੇ ਮਿਲਾਪ (ਮਿਲਣੀ) ਸਮੇਂ ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ 'ਹਮ ਘਰ ਸਾਜਨ ਆਏ'...ਆਦਿ ਗਾਏ ਜਾਣ। (4) ਫੇਰ ਅਮ੍ਰਿਤ ਵੇਲੇ ਆਸਾਂ ਦੀ ਵਾਰ ਦੇ ਭੋਗ ਪਿਛੋਂ ਅਰਦਾਸ ਹੋ ਕੇ ਲਾੜੇ ਤੇ ਲਾੜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਜ਼ਰੂਰੀ ਉਪਦੇਸ਼ ਦਿੱਤਾ ਜਾਵੇ। ਇਸ ਤੋਂ ਪਿਛੋਂ ਲਾਵਾਂ (ਸੂਹੀ ਛੰਤ ਮਹਲਾ 4) ਤੇ ਅਨੰਦ (ਰਾਮ ਰਾਮਕਲੀ ਮਹਲਾ 3) ਦੀਆਂ ਪੰਜ ਪਾਉੜੀਆਂ ਪੜ੍ਹ ਕੇ ਅਨੰਦ ਕਾਰਜ ਦੀ ਸਮਾਪਤੀ ਕੀਤੀ ਜਾਵੇ। (5) ਲੜਕੀ ਨੂੰ ਵਿਦਾ ਕਰਨ ਵੇਲੇ, ਜੋ ਧਨ, ਵਸਤ੍ਰ ਆਦਿ ਸਮਾਨ ਦੇਣਾ ਜ਼ਰੂਰੀ ਹੋਵੇ, ਉਸ ਨੂੰ ਦਿਖਾਉਣ ਦੀ ਰੀਤਿ ਹਉਮੈ ਭਰੀ ਹੈ। ਇਸ ਲਈ ਗੁਰ ਸਿਖਾਂ ਨੂੰ ਅਜਿਹੀ ਰੀਤਿ ਨਹੀਂ ਚਾਹੀਏ।

'ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ।"

(ਸ੍ਰੀ ਰਾਮ ਛੰਤ ਮਹਲਾ ੪)

18ਵੀਂ ਸਦੀ ਈਸਵੀ ਵਿਚ ਜਦ ਮੁਗ਼ਲੇਈ ਹਾਕਮਾਂ ਦੇ ਤਸ਼ੱਦਦ ਕਾਰਨ ਪੰਜਾਬ ਰਾਜ-ਰੌਲੇ ਦਾ ਘਰ ਬਣ ਗਿਆ ਤਾਂ ਇਹ ਅਨੰਦ ਵਿਆਹ ਦੀ ਰਸਮ ਕੁਝ ਸਮੇਂ ਲਈ ਅਲੋਪ ਜਿਹੀ ਹੋ ਗਈ ਤੇ ਬਹੁਤ ਸਾਰੇ ਸਹਿਜਧਾਰੀ ਸਿੱਖ ਸਮੇਂ ਦੇ ਅਧੀਨ ਹੋ ਕੇ ਕਈ ਪ੍ਰਕਾਰ ਦੀਆਂ ਪੁਰਾਣੀਆਂ ਰੀਤਾਂ ਰਸਮਾਂ ਅਪਣਾਉਣ ਲੱਗ ਪਏ। ਪਿਛੋਂ ਸਿੱਖ ਰਾਜ ਕਾਇਮ ਹੋਣ ਤੇ ਵੀ ਕੁਝ ਰਾਜ ਪ੍ਰਬੰਧ ਸਬੰਧੀ ਔਕੜਾਂ ਤੇ ਰੁਝੇਵਿਆਂ ਦੇ ਕਾਰਨ ਸਿੱਖ ਇਸ ਪਾਸੇ ਲੋੜੀਂਦਾਂ ਧਿਆਨ ਨਾ ਦੇ ਸਕੇ। ਆਖਰ ਕੁਝ ਚਿਰ ਪਿਛੋਂ ਬਾਬਾ ਦਿਆਲ ਜੀ (1783-1855 ਈ.) ਨੇ ਸੂਬਾ ਸਰਹੱਦ ਵਿਚ ਨਿਰੰਕਾਰੀ ਲਹਿਰ ਸਿੱਖਾਂ ਦੇ ਸਮਾਜਿਕ ਸੁਧਾਰ ਲਈ ਚਲਾਈ ਤੇ ਫੇਰ ਬਾਬਾ ਰਾਮ ਸਿੰਘ ਜੀ ਨਾਮਧਾਰੀ (1816-1885 ਈ.) ਨੇ ਪਿੰਡ ਭੈਣੀ ਜ਼ਿਲ੍ਹਾ ਲੁਧਿਆਣਾ ਤੋਂ ਨਾਮਧਾਰੀ ਲਹਿਰ ਸ਼ੁਰੂ ਕੀਤੀ ਤਾਂ ਸਿੱਖਾਂ ਵਿਚ ਕੁਝ ਨਵੇਂ ਸੁਧਾਰਾਂ ਦਾ ਮੁੱਖ ਬੱਝਣ ਤੇ ਨਵੇਂ ਸਿਰਿਉਂ ਅਨੰਦ ਵਿਆਹ ਦੀ ਰਸਮ ਪ੍ਰਚਲਿਤ ਹੋਈ। ਇਸ ਤੋਂ ਬਾਦ ਸ੍ਰੀ ਗੁਰੂ ਸਿੰਘ ਸਭਾ ਲਹਿਰ ਨੇ ਇਸੇ ਪ੍ਰਚਾਰ ਨੂੰ ਹੋਰ ਵੀ ਅੱਗੇ ਤੋਰਿਆ। ਕੁਝ ਨੁਕਤਾਚੀਨਾਂ ਨੇ ਅਨੰਦ ਵਿਆਹ ਨੂੰ ਗ਼ੈਰ ਕਾਨੂੰਨੀ ਦੱਸ ਕੇ ਅਯੋਗ ਕਰਾਰ ਦਿੱਤਾ ਤਾਂ ਸਿੱਖਾਂ ਲਈ ਅਨੰਦ ਵਿਆਹ ਬਾਰੇ ਕਾਨੂੰਨ ਬਣਾਉਣ ਦੀ ਲੋੜ ਪਈ। ਸਿੱਖਾਂ ਵਲੋਂ ਜ਼ੋਰ ਪਾਉਣ ਤੇ ਅਨੰਦ ਵਿਆਹ ਬਾਰੇ ਬਿੱਲ ਸੰਨ 1908 ਵਿਚ ਟਿੱਕਾ ਰਿਪੁਦਮਨ ਸਿੰਘ ਨਾਭਾ ਵਲੋਂ ਕੌਂਸਲ ਵਿਚ ਪੇਸ਼ ਹੋਇਆ ਜੋ ਸ. ਸੁੰਦਰ ਸਿੰਘ ਮਜੀਠਾ ਦੇ ਜਤਨ ਨਾਲ 22 ਅਕਤੂਬਰ 1909 ਨੂੰ ਪਾਸ ਹੋ ਗਿਆ। ਸਿੱਖਾਂ ਵਿਚ ਉਸ ਸਮੇਂ ਤੋਂ ਹੁਣ ਤਕ ਅਨੰਦ ਵਿਆਹ ਇਸੇ ਕਾਨੂੰਨ ਮੁਤਾਬਿਕ ਹੁੰਦੇ ਆ ਰਹੇ ਹਨ।

ਗੁਰਸਿੱਖ ਸੰਸਾਰ ਦਾ ਇਹ ਖੁਸ਼ੀਆਂ ਭਰਿਆ ਸੰਸਕਾਰ (ਰਸਮ) ਹੈ ਜਿਸ ਦੀ ਸ਼ੁਰੂਆਤ ਸਮਾਜ ਨੂੰ ਮੁੱਖ ਰੱਖ ਕੇ, ਵਿਆਹ ਸਮੇਂ ਫਾਲਤੂ ਖਰਚਾਂ ਨੂੰ ਘਟਾਉਣ ਲਈ, ਕਦੀਮ ਤੋਂ ਚਲੀ ਆ ਰਹੀ ਨੌਂ ਗ੍ਰਹਿਆਂ ਆਦਿ ਦੀ ਵਹਿਮ ਪ੍ਰਸਤੀ ਤੋਂ ਸਿੱਖਾਂ ਨੂੰ ਮੁਕਤ ਕਰਨ ਲਈ ਕੀਤੀ ਗਈ।

ਅਨੰਦ ਦੀ ਰਸਮ ਸਿੱਖਾਂ ਵਿਚ ਪਹਿਲੇ ਪਹਿਲ ਕਿਵੇਂ ਚੱਲੀ, ਇਸ ਬਾਰੇ ਕਈ ਕਿਸਮ ਦੇ ਕਿਆਸ ਹਨ। ਵਿਦਵਾਨਾਂ ਦੀ ਰਾਇ ਹੈ ਕਿ ਇਹ ਰਸਮ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪ੍ਰਚਲਿਤ ਹੋਈ ਸੀ ਕਿਉਂ ਕਿ ਗੁਰੂ ਸਾਹਿਬ ਨੇ 1699 ਈ. ਵਿਚ ਅੰਮ੍ਰਿਤ ਛਕਾ ਕੇ ਖ਼ਾਲਸਾ ਪੰਥ ਸਾਜਿਆ ਸੀ ਅਤੇ ਜਨਮ ਤੋਂ ਲੈ ਕੇ ਮਰਨ ਤਕ ਸਿੱਖਾਂ ਦੇ ਸਾਰੇ ਹੀ ਰਸਮ-ਰਿਵਾਜ ਬਦਲ ਦਿੱਤੇ ਸਨ। ਅਨੰਦ ਕਾਰਜ ਦਾ ਜ਼ਿਕਰ ਉਸ ਸਮੇਂ ਦੀਆਂ ਧਾਰਮਿਕ ਵਿਧੀ-ਨਿਖੇਪ ਸਬੰਧੀ ਪੁਸਤਕਾਂ ਪ੍ਰੇਮ ਸੁਮਾਰਗ ਗ੍ਰੰਥ, ਰਹਿਤਨਾਮਾ-ਭਾਈ ਦਇਆ ਸਿੰਘ, ਗੁਰ ਰਤਨ ਮਾਲਾ, ਸੌ ਸਾਖੀ-ਭਾਈ ਸਾਹਿਬ ਸਿੰਘ ਤੇ ਸਿੱਖਾਂ ਦੀ ਭਗਤ ਮਾਲਾ-ਭਾਈ ਮਨੀ ਸਿੰਘ ਸ਼ਹੀਦ ਵਿਚ ਮਿਲਦਾ ਹੈ।

ਇਸ ਰਸਮ ਅਨੁਸਾਰ ਲਾੜਾ ਤੇ ਉਸ ਦੇ ਖੱਬੇ ਹੱਥ ਲੜਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਬੈਠਦੇ ਹਨ। ਅਰਦਾਸ ਕਰ ਕੇ ਲੜਕੇ-ਲੜਕੀ ਨੂੰ ਸਿੱਖ ਧਰਮ ਅਨੁਸਾਰ ਗ੍ਰਿਹਸਤ ਸਬੰਧੀ ਸਿੱਖਿਆ ਦਿੱਤੀ ਜਾਂਦੀ ਹੈ। ਫਿਰ ਚਾਰ ਲਾਵਾਂ ਗੁਰੂ ਗ੍ਰੰਥ ਸਾਹਿਬ ਵਿਚੋਂ ਇਕ ਇਕ ਕਰ ਕੇ ਪੜ੍ਹੀਆਂ ਜਾਂਦੀਆਂ ਹਨ। ਇਕ ਲਾਂਵ ਪੜ੍ਹੀ ਜਾਣ ਤੋਂ ਪਿਛੋਂ ਲੜਕਾ ਲੜਕੀ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਪ੍ਰਕਰਮਾ ਕਰਦੇ ਹਨ। ਉਨ੍ਹਾਂ ਚਿਰ ਰਾਗੀ ਰਾਗ ਵਿਚ ਉਸੀ ਲਾਂਵ ਦਾ ਕੀਰਤਨ ਕਰਦੇ ਹਨ। ਇਉਂ ਚਾਰੇ ਲਾਵਾਂ ਪੜ੍ਹਨ ਪਿੱਛੋਂ ਲੜਕੇ ਲੜਕੀ ਦੇ ਬੈਠਿਆ ਹੀ ਅਨੰਦੁ ਸਾਹਿਬ ਤੇ ਦੋ ਸ਼ਬਦ 'ਵਿਆਹ ਹੋਆ ਮੇਰੇ ਬਾਬਲਾ' ਅਤੇ 'ਪੂਰੀ ਆਸਾ ਜੀ ਮੇਰੀ ਮਨਸਾ' ਗਾਏ ਜਾਂਦੇ ਹਨ ਅਤੇ ਫਿਰ ਅਨੰਦ ਸਾਹਿਬ ਪੜ੍ਹਨ ਪਿੱਛੋਂ (ਇਹ ਦੂਜੀ ਵੇਰ ਦਾ ਅਨੰਦ ਸਾਹਿਬ ਸਮਾਗਮ ਦੇ ਭੋਗ ਲਈ ਹੈ) ਅਰਦਾਸ ਹੁੰਦੀ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰਮਤਿ ਮਾਰਤੰਡ  ਨਾਮੀ ਪੁਸਤਕ ਵਿਚ ਅਨੰਦ ਵਿਆਹ ਦੀ ਰੀਤੀ ਸੰਖੇਪ ਨਾਲ ਇਸ ਤਰ੍ਹਾਂ ਲਿਖੀ ਹੈ–

(1) ਸਗਾਈ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸੰਗਤਿ ਵਿਚ ਅਰਦਾਸ ਸੋਧ ਕੇ ਹੋਵੇ। (2) ਅਨੰਦ (ਕਾਰਜ) ਦਾ ਦਿਨ ਪੰਜਾਂ ਪਿਆਰਿਆਂ ਦੀ ਸਲਾਹ ਨਾਲ ਥਾਪਿਆ ਜਾਵੇ। (3) ਜਿਤਨੇ ਆਦਮੀ ਲੜਕੀ ਵਾਲਾ ਮੰਗਾਵੇ ਉਤੇਨ ਲੈ ਕੇ ਲਾੜਾ ਸਹੁਰੇ ਘਰ ਜਾਵੇ ਤੇ ਮਿਲਾਪ (ਮਿਲਣੀ) ਸਮੇਂ ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ 'ਹਮ ਘਰ ਸਾਜਨ ਆਏ' .....ਆਦਿ ਗਾਏ ਜਾਣ । (4) ਫੇਰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਭੋਗ ਪਿੱਛੋਂ ਅਰਦਾਸ ਹੋ ਕੇ ਲਾੜੇ ਤੇ ਲਾੜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਜ਼ਰੂਰੀ ਉਪਦੇਸ਼ ਦਿੱਤਾ ਜਾਵੇ। ਇਸ ਤੋਂ ਪਿਛੋਂ ਲਾਵਾਂ (ਸੂਹੀ ਛੰਤ ਮਹਲਾ ੪) ਤੇ ਅਨੰਦ (ਰਾਗ ਰਾਮਕਲੀ ਮਹਲਾ ੩) ਦੀਆਂ ਪੰਜ ਪਉੜੀਆਂ ਪੜ੍ਹ ਕੇ ਅਨੰਦ ਕਾਰਜ ਦੀ ਸਮਾਪਤੀ ਕੀਤੀ ਜਾਵੇ। (5) ਲੜਕੀ ਨੂੰ ਵਿਦਾ ਕਰਨ ਵੇਲੇ ਜੋ ਧਨ ਵਸਤਰ ਆਦਿ ਸਮਾਨ ਦੇਣਾ ਜ਼ਰੂਰੀ ਹੋਵੇ, ਉਸ ਨੂੰ ਦਿਖਾਉਣ ਦੀ ਰੀਤਿ ਨਾ ਹੋਵੇ। – ਸਮਾਪਤ

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Christine Dear**
christine@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

**Erin McNab**
erin@pinelighing.ca
6878 King George Blvd.
Surrey, B.C. V3W-4Z9
**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

## 6878 King Gorge Blvd. Surrey

# ਕੀ ਕੇਜਰੀਵਾਲ ਨੇ ਪੰਜਾਬ ਵਿੱਚ ਮੁੱਖ ਮੰਤਰੀ ਮਾਨ ਨੂੰ ਬਦਲਣ ਦਾ ਮਨ ਬਣਾ ਲਿਆ ਹੈ?

**• ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਪੰਜਾਬ ਦੀ ਜ਼ਿੰਮੇਵਾਰੀ ਦੇਣ ਦੀ ਚਰਚਾ ਚਲੀ • ਭਗਵੰਤ ਮਾਨ ਨੇ ਮੰਤਰੀ ਮੰਡਲ ਵਿਚ ਕੀਤੀਆਂ ਤਬਦੀਲੀਆਂ, ਕੇਜਰੀਵਾਲ ਨਾ ਪਹੁੰਚੇ**

ਚੰਡੀਗੜ੍ਹ : ਬੀਤੇ ਦਿਨੀਂ ਚੰਡੀਗੜ੍ਹ ਏਅਰਪੋਰਟ 'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਬੀਤੇ ਦਿਨੀਂ ਸਿਹਤ ਅਚਾਨਕ ਕਿਵੇਂ ਵਿਗੜ ਗਈ? ਕੀ ਉਹ ਸ਼ਰਾਬ ਦੇ ਪ੍ਰਭਾਵ ਕਾਰਣ ਡਿਗਿਆ ਸੀ, ਜਾਂ ਪਾਰਟੀ ਲੀਡਰਸ਼ਪਿ ਵੱਲੋਂ ਦਿੱਤੇ ਕਿਸੇ ਨਿਰਦੇਸ਼ ਤੋਂ ਭਾਰੀ ਮਾਨਸਿਕ ਦਬਾਅ ਸੀ? ਉਸ ਦਾ ਚੰਡੀਗੜ੍ਹ ਵਿੱਚ ਦਾਖ਼ਲ ਨਾ ਹੋਣਾ ਅਤੇ ਦਿੱਲੀ ਦੇ ਅਪੋਲੋ ਹਸਪਤਾਲ ਵਿੱਚ ਦਾਖ਼ਲ ਕਰਵਾਉਣਾ ਅਤੇ ਇਸ ਬਾਰੇ 'ਆਪ' ਆਗੂਆਂ ਦੀ ਚੁੱਪੀ ਬਹੁਤ ਕੁਝ ਬਿਆਨ ਕਰਦੀ ਹੈ। ਜਾਣਕਾਰੀ ਅਨੁਸਾਰ ਇਕ ਵੇਲੇ ਤਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਹਟਾਉਣ ਲਈ ਬਜ਼ਿਦ ਹੋ ਗਏ ਸਨ ਪਰ ਰਾਘਵ ਚੱਢਾ ਤੇ ਹੋਰ ਕੇਂਦਰੀ ਨੇਤਾਵਾਂ ਨੇ ਇਸ ਮਾਮਲੇ 'ਤੇ ਸੰਧਵਾਂ ਦੀ ਮਦਦ ਕੀਤੀ ਦੱਸੀ ਜਾਂਦੀ ਹੈ, ਜਦੋਂਕਿ ਪਾਰਟੀ ਦੇ ਪ੍ਰਮੁੱਖ ਨੇਤਾ ਸੰਦੀਪ ਪਾਠਕ ਨਿਰਪੱਖ ਰਹੇ। ਹਾਲਾਂਕਿ ਕਿ ਦਸਿਆ ਜਾਂਦਾ ਹੈ ਕਿ ਸੰਧਵਾ ਦੀ ਕੇਜਰੀਵਾਲ ਨਾਲ ਬਹੁਤ ਜ਼ਿਆਦਾ ਨੇੜਤਾ ਹੈ।

ਦੂਜੇ ਪਾਸੇ ਮੰਤਰੀ ਮੰਡਲ ਵਿਚ ਸ਼ਾਮਿਲ ਕੁਝ ਮੰਤਰੀ ਤੇ ਵਿਧਾਇਕ ਵੀ ਪਾਰਟੀ ਹਾਈਕਮਾਂਡ ਕੋਲ ਮੁੱਖ ਮੰਤਰੀ ਦਾ ਵਿਰੋਧ ਕਰ ਰਹੇ ਦੱਸੇ ਜਾਂਦੇ ਹਨ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਤੇ ਭ੍ਰਿਸ਼ਟਾਚਾਰ ਵਿਚ ਹੋਏ ਵਾਧੇ ਬਾਰੇ ਸੁਆਲ ਉਠਾ ਰਹੇ ਹਨ। ਇਹ ਵੀ ਚਰਚਾ ਹੈ ਕਿ ਇਸੇ ਕਰਕੇ ਮੁੱਖ ਮੰਤਰੀ ਵੀ ਆਪਣਾ ਵਿਰੋਧ ਕਰਨ ਵਾਲੇ ਮੰਤਰੀਆਂ ਬਲਕਾਰ ਸਿੰਘ, ਚੇਤਨ ਸਿੰਘ ਜੌੜਾਮਾਜਰਾ, ਬ੍ਰਹਮ ਸ਼ੰਕਰ ਜਿੰਪਾ ਅਤੇ ਅਨਮੋਲ ਗਗਨ ਮਾਨ ਦੀ ਛੁੱਟੀ ਕਰਕੇ ਮੰਤਰੀ ਮੰਡਲ ਵਿਚ ਰੱਦੋਬਦਲ ਕਰ ਦਿਤਾ ਹੈ।

ਹਰਦੀਪ ਸਿੰਘ ਮੁੰਡੀਆ: ਹਰਦੀਪ ਸਿੰਘ ਮੁੰਡੀਆ ਲੁਧਿਆਣਾ ਦੇ ਸਾਹਨੇਵਾਲ ਤੋਂ ਵਿਧਾਇਕ ਹਨ। ਉਨ੍ਹਾਂ ਨੂੰ ਮਾਲੀਆ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ, ਹਾਊਸਿੰਗ ਅਤੇ ਸ਼ਹਿਰੀ ਵਿਕਾਸ ਵਿਭਾਗ ਦਿੱਤੇ ਗਏ ਹਨ। ਲੁਧਿਆਣਾ ਪੰਜਾਬ ਦਾ ਸਭ ਤੋਂ ਵੱਡਾ ਜ਼ਿਲ੍ਹਾ ਹੈ। ਮੌਜੂਦਾ ਸਰਕਾਰ ਵਿੱਚ ਇੱਥੋਂ ਕੋਈ ਮੰਤਰੀ ਨਹੀਂ ਸੀ। ਇਸ ਕਾਰਨ ਹਰਦੀਪ ਸਿੰਘ ਨੂੰ ਤਰਜੀਹ ਦਿੱਤੀ ਗਈ ਹੈ।

ਮਹਿੰਦਰਪਾਲ ਜਲੰਧਰ ਪੱਛਮੀ ਤੋਂ ਵਿਧਾਇਕ ਹਨ, ਨੂੰ ਰੱਖਿਆ ਸੇਵਾਵਾਂ ਦੀ ਭਲਾਈ, ਆਜ਼ਾਦੀ ਘੁਲਾਟੀਏ




ਅਤੇ ਬਾਗਬਾਨੀ ਵਿਭਾਗ ਦਿੱਤੇ ਹਨ। ਬਰਿੰਦਰ ਕੁਮਾਰ ਗੋਇਲ ਸੰਗਰੂਰ ਦੇ ਲਹਿਰਾ ਤੋਂ ਵਿਧਾਇਕ ਹਨ, ਨੂੰ ਖਾਣਾਂ ਅਤੇ ਭੂ-ਵਿਗਿਆਨ, ਪਾਣੀ ਦੇ ਸਰੋਤ ਅਤੇ ਜ਼ਮੀਨ ਅਤੇ ਪਾਣੀ ਦੀ ਸੰਭਾਲ ਵਿਭਾਗ ਦਿੱਤੇ ਹਨ। ਤਰੁਨਪ੍ਰੀਤ ਸੌਂਦ ਖੰਨਾ, ਲੁਧਿਆਣਾ ਤੋਂ ਵਿਧਾਇਕ ਹੈ, ਨੂੰ ਸੈਰ ਸਪਾਟਾ ਅਤੇ ਸੱਭਿਆਚਾਰ ਮਾਮਲੇ, ਨਿਵੇਸ਼ ਪ੍ਰੋਤਸਾਹਨ, ਲੇਬਰ, ਪਰਾਹੁਣਚਾਰੀ, ਉਦਯੋਗ ਅਤੇ ਵਣਜ ਅਤੇ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਦਿੱਤੇ ਹਨ।

ਡਾ: ਰਵਜੋਤ ਸਿੰਘ ਵਿਧਾਨ ਸਭਾ ਹਲਕਾ ਸ਼ਾਮ ਚੁਰਾਸੀ ਤੋਂ ਵਿਧਾਇਕ ਹਨ ਅਤੇ ਅਨੁਸੂਚਿਤ ਜਾਤੀ ਤੋਂ ਆਉਂਦੇ ਹਨ, ਪੇਸ਼ੇ ਤੋਂ ਡਾਕਟਰ ਹਨ, ਨੂੰ ਖਾਣਾਂ ਅਤੇ ਭੂ-ਵਿਗਿਆਨ, ਜਲ ਸਰੋਤ ਅਤੇ ਭੂਮੀ ਅਤੇ ਜਲ ਸੰਭਾਲ ਵਿਭਾਗ ਦਿੱਤੇ ਗਏ ਹਨ। ਹੈਰਾਨੀ ਦੀ ਗੱਲ ਹੈ ਕਿ ਇਸ ਸਮਾਗਮ ਵਿਚ ਨਾ ਕੇਜਰੀਵਾਲ ਪਹੁੰਚੇ ਨਾ ਹਾਈਕਮਾਂਡ ਦਾ ਲੀਡਰ। ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਭਗਵੰਤ ਮਾਨ ਤੋਂ ਹਾਈਕਮਾਂਡ ਨਰਾਜ਼ ਹੈ।ਇਥੋਂ ਤੱਕ ਹਲਫਦਾਰੀ ਸਮਾਗਮਾਂ ਵਿਚੋਂ 'ਆਪ' ਦੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ, ਪਾਰਟੀ ਦੀ ਚੀਫ਼ ਵ੍ਹਿਪ ਬਲਜਿੰਦਰ ਕੌਰ ਤੇ ਸਰਵਜੀਤ ਕੌਰ ਮਾਣੂਕੇ ਵੀ ਗ਼ੈਰਹਾਜ਼ਰ ਰਹੇ। ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਵੀ ਨਜ਼ਰ ਨਹੀਂ ਆਏ। ਵਿਭਾਗੀ ਫੇਰਬਦਲ ਨੇ ਵੀ ਕਈ ਪੁਰਾਣੇ ਵਜ਼ੀਰਾਂ ਨੂੰ ਨਿਰਾਸ਼ ਕੀਤਾ ਹੈ। ਕੁਲਦੀਪ ਸਿੰਘ ਧਾਲੀਵਾਲ ਨੂੰ ਪਾਰਟੀ ਨੇ ਲੋਕ ਸਭਾ ਚੋਣਾਂ ਵਿਚ ਵੀ ਉਤਾਰਿਆ ਅਤੇ ਉਹ ਖ਼ਾਸ ਕਰਕੇ ਸੰਘਰਸ਼ੀ ਲੋਕਾਂ ਨਾਲ ਗੱਲਬਾਤ ਮੌਕੇ ਸੰਕਟ ਮੋਚਨ ਵੀ ਬਣਦੇ ਰਹੇ ਹਨ। ਉਨ੍ਹਾਂ ਨੂੰ ਪਾਰਟੀ ਤੋਂ ਆਪਣੇ ਕੀਤੇ ਕੰਮਾਂ ਕਰਕੇ ਨਵੇਂ ਵਿਭਾਗ ਮਿਲਣ ਦੀ ਉਮੀਦ ਸੀ।ਪਰ ਉਨ੍ਹਾਂ ਨੂੰ ਨਿਰਾਸ਼ਤਾ ਮਿਲੀ।

ਇਹ ਵੀ ਚਰਚਾ ਹੈ ਕਿ ਕੇਜਰੀਵਾਲ ਦੀ ਰਿਹਾਈ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੂੰ ਪਹਿਲਾਂ ਵਰਗੀ ਅਹਿਮੀਅਤ ਹੁਣ ਨਹੀਂ ਦਿੱਤੀ ਜਾ ਰਹੀ। ਇਸ ਸੰਦਰਭ ਵਿਚ ਹਰਿਆਣਾ ਚੋਣ ਵਿਚ ਪੰਜਾਬ ਦੇ 'ਆਪ' ਵਿਧਾਇਕਾਂ ਦੀ ਡਿਊਟੀ ਵੀ ਸਿੱਧੀ ਡਾ. ਸੰਦੀਪ ਪਾਠਕ ਵਲੋਂ ਲਾਏ ਜਾਣ ਦੀ ਗੱਲ ਚਰਚਾ ਵਿਚ ਹੈ ਪਰ ਇਸ ਦੇ ਨਾਲ ਹੀ ਇਹ ਵੀ ਚਰਚਾ ਹੈ ਕਿ ਭਾਵੇਂ ਪਾਰਟੀ ਅੰਦਰ ਧੜੇਬੰਦੀ ਕਾਫੀ ਤਿੱਖੀ ਹੈ ਪਰ ਅਰਵਿੰਦ ਕੇਜਰੀਵਾਲ ਅਜੇ ਇਸ ਬਾਰੇ ਕੁਝ ਵੀ ਨਹੀਂ ਕਹਿ ਰਹੇ ਤੇ ਜਾਪਦਾ ਹੈ ਕਿ ਉਹ ਹਰਿਆਣਾ ਚੋਣਾਂ ਤੋਂ ਬਾਅਦ ਹੀ ਇਸ ਮਾਮਲੇ ਨੂੰ ਸੁਲਝਾਉਣ ਲਈ ਕੁਝ ਕਰਨਗੇ।

ਸਿਆਸੀ ਮਾਹਿਰਾਂ ਵਲੋਂ ਅੰਦਾਜ਼ੇ ਲਗਾਏ ਜਾ ਰਹੇ ਹਨ ਕਿ ਭਗਵੰਤ ਮਾਨ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ। ਖ਼ਬਰ ਹੈ ਕਿ ਆਪ ਦੇ ਸੁਪਰੀਮੋ ਕੇਜਰੀਵਾਲ ਭਗਵੰਤ ਮਾਨ ਦੀ ਕਾਰਗੁਜ਼ਾਰੀ ਤੋਂ ਅਸੰਤੁਸ਼ਟ ਹਨ ਅਤੇ ਹਰਿਆਣਾ ਚੋਣਾਂ ਤੋਂ ਬਾਅਦ ਉਨ੍ਹਾਂ ਨੂੰ ਬਦਲਿਆ ਜਾ ਸਕਦਾ ਹੈ। 2022 ਵਿੱਚ ਜਦੋਂ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੀ ਕਮਾਨ ਭਗਵੰਤ ਮਾਨ ਨੂੰ ਸੌਂਪੀ ਤਾਂ ਇਹ ਇੱਕ ਉਮੀਦਾਂ ਨਾਲ ਭਰਿਆ ਕਦਮ ਸੀ। 117 ਵਿੱਚੋਂ 92 ਸੀਟਾਂ ਅਤੇ 42.1% ਦੇ ਵੋਟ ਸ਼ੇਅਰ ਨਾਲ, ਆਮ ਆਦਮੀ ਪਾਰਟੀ ਦੀ ਇਹ ਇਤਿਹਾਸਕ ਜਿੱਤ ਇੱਕ ਮਹੱਤਵਪੂਰਨ ਸਿਆਸੀ ਸਫਲਤਾ ਸੀ। ਇਹ ਦਿੱਲੀ ਤੋਂ ਬਾਹਰ ਪਾਰਟੀ ਦੀ ਪਹਿਲੀ ਪੂਰਨ ਰਾਜ ਸਰਕਾਰ ਸੀ, ਅਤੇ ਮਾਨ, ਜੋ ਕਿ ਆਪਣੇ ਕ੍ਰਿਸ਼ਮੇ ਅਤੇ ਲੋਕਾਂ ਵਿੱਚ ਪ੍ਰਸਿੱਧੀ ਲਈ ਜਾਣੇ ਜਾਂਦੇ ਹਨ, ਨੂੰ ਮੁੱਖ ਮੰਤਰੀ ਦੇ ਅਹੁਦੇ ਲਈ ਸਭ ਤੋਂ ਅਨੁਕੂਲ ਮੰਨਿਆ ਜਾਂਦਾ ਸੀ।

ਭਗਵੰਤ ਮਾਨ ਦੀ ਲੀਡਰਸ਼ਿਪ 'ਤੇ ਸਭ ਤੋਂ ਵੱਡੀ ਆਲੋਚਨਾ ਇਹ ਰਹੀ ਹੈ ਕਿ ਉਹ ਅਰਵਿੰਦ ਕੇਜਰੀਵਾਲ 'ਤੇ ਬਹੁਤ ਜ਼ਿਆਦਾ ਨਿਰਭਰ ਹੈ। ਕਈ ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਪੰਜਾਬ ਸਰਕਾਰ ਦਾ ਅਸਲ ਕੰਟਰੋਲ ਦਿੱਲੀ ਵਿਚ 'ਆਪ' ਲੀਡਰਸ਼ਿਪ ਕੋਲ ਹੈ। ਰਾਘਵ ਚੱਢਾ ਨੂੰ ਮਾਨ ਸਰਕਾਰ ਦਾ ਸਲਾਹਕਾਰ ਬਣਾਏ ਜਾਣ ਤੋਂ ਬਾਅਦ ਇਹ ਪ੍ਰਭਾਵ ਪੱਕਾ ਹੋ ਗਿਆ ਕਿ ਮਾਨ ਦਾ ਆਪਣੀ ਸਰਕਾਰ ਉਪਰ ਕੰਟਰੋਲ ਨਹੀਂ। ਇਥੋਂ ਤਕ ਮਾਨ ਦੀ ਗੈਰ-ਹਾਜ਼ਰੀ ਵਿੱਚ ਕੇਜਰੀਵਾਲ ਨੇ ਪੰਜਾਬ ਦੇ ਮੁੱਖ ਸਕੱਤਰ ਨਾਲ ਮੁਲਾਕਾਤ ਕੀਤੀ। ਪੰਜਾਬ ਵਰਗੇ ਸਵੈ-ਮਾਣ ਵਾਲੇ ਸੂਬੇ, ਜੋ ਆਪਣੀ ਸਿਆਸੀ ਖੁਦਮੁਖਤਿਆਰੀ ਅਤੇ ਸਿੱਖ ਸਵੈਮਾਣ 'ਤੇ ਮਾਣ ਕਰਦਾ ਹੈ, ਲਈ ਇਹ ਵਿਚਾਰ ਪ੍ਰਵਾਨ ਨਹੀਂ ਸੀ।

# ਭਾਰਤ 'ਚ ਬਹੁਤ ਸੂਬਿਆਂ ਦਲਿਤ ਅੱਤਿਆਚਾਰ ਸਿਖਰ 'ਤੇ

**• ਜਾਰੀ ਹਨ ਭਾਰਤ ਵਿਚ ਦਲਿਤਾਂ ਉਪਰ ਜ਼ੁਲਮ • ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਦਰ ਵਿੱਚ ਆਈ ਗਿਰਾਵਟ**

ਇਕ ਸਰਕਾਰੀ ਰਿਪੋਟ ਅਨੁਸਾਰ ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਮੱਧ ਪ੍ਰਦੇਸ਼ ਤੋਂ 2022 ਦੌਰਾਨ ਅਨੁਸੂਚਿਤ ਜਾਤੀਆਂ (ਐਸਸੀ) ਵਿਰੁੱਧ ਸਭ ਤੋਂ ਵੱਧ ਅੱਤਿਆਚਾਰਾਂ ਦੀ ਸੂਚਨਾ ਮਿਲੀ। ਇੱਕ ਸਰਕਾਰੀ ਰਿਪੋਰਟ ਵਿੱਚ ਇਸ ਗੱਲ ਉਪਰ ਬਹੁਤ ਜ਼ਿਆਦਾ ਚਿੰਤਾ ਪ੍ਰਗਟਾਈ ਗਈ ਹੈ ਕਿ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਦਰ ਵਿਚ ਕਮੀ ਆਈ ਹੈ।2022 ਵਿੱਚ, ਦੋਸ਼ੀਆਂ ਨੂੰ ਸਜ਼ਾ ਦੇਣ ਦੀ ਦਰ ਡਿਗਕੇ 32.4 ਪ੍ਰਤੀਸ਼ਤ ਰਹਿ ਗਈ, ਜੋ ਕਿ 2020 ਵਿੱਚ 39.2 ਪ੍ਰਤੀਸ਼ਤ ਸੀ। ਹਾਲਾਂਕਿ ਪਿਛਲੇ 10 ਸਾਲਾਂ ਵਿੱਚ ਘੱਟ ਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਤੇ ਈਸਾਈਆਂ ਤੇ ਹੁਣ ਸਿੱਖਾਂ ਵਿਰੁੱਧ ਅੱਤਿਆਚਾਰ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ, ਪਰ ਇਨ੍ਹਾਂ ਭਾਈਚਾਰਿਆਂ ਨਾਲ ਸਬੰਧਤ ਕੋਈ ਰਿਪੋਰਟ ਸਰਕਾਰ ਕੋਲ ਉਪਲਬਧ ਨਹੀਂ ਹੈ। ਨਾ ਹੀ ਮੋਦੀ ਸਰਕਾਰ ਦਿਲਚਸਪੀ ਲੈ ਰਹੀ ਹੈ। ਹੁਣ ਦਲਿਤਾਂ ਨਾਲੋਂ ਘੱਟ ਗਿਣਤੀਆਂ 'ਤੇ ਅੱਤਿਆਚਾਰ ਦੇ ਜ਼ਿਆਦਾ ਮਾਮਲੇ ਸਾਹਮਣੇ ਆ ਰਹੇ ਹਨ।

ਰਿਪੋਰਟ ਅਨੁਸਾਰ ਅਨੁਸੂਚਿਤ ਜਾਤੀਆਂ ਦੇ ਖਿਲਾਫ ਅੱਤਿਆਚਾਰ ਦੇ ਸਾਰੇ ਮਾਮਲਿਆਂ ਵਿੱਚੋਂ 97.7 ਫੀਸਦੀ 13 ਰਾਜਾਂ ਵਿੱਚ ਦਰਜ ਕੀਤੇ ਗਏ ਸਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਉੱਤਰ ਪ੍ਰਦੇਸ਼ ਵਿੱਚ 12,287 ਕੇਸ ਜਾਂ ਕੁੱਲ ਦਾ 23.78 ਪ੍ਰਤੀਸ਼ਤ, ਰਾਜਸਥਾਨ ਵਿੱਚ 8,651 ਕੇਸ (16.75 ਪ੍ਰਤੀਸ਼ਤ) ਅਤੇ ਮੱਧ ਪ੍ਰਦੇਸ਼ ਵਿੱਚ 7,732 ਕੇਸ (14.97 ਪ੍ਰਤੀਸ਼ਤ) , ਬਿਹਾਰ ਵਿੱਚ 6,796 (13.16 ਪ੍ਰਤੀਸ਼ਤ), ਓਡੀਸ਼ਾ ਵਿੱਚ 3,576 ਕੇਸ (6.93 ਪ੍ਰਤੀਸ਼ਤ), ਅਤੇ ਮਹਾਰਾਸ਼ਟਰ ਵਿੱਚ 2,706 ਕੇਸ(5.24 ਪ੍ਰਤੀਸ਼ਤ) ਸ਼ਾਮਲ ਹਨ। 2022 ਵਿੱਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ (ਅੱਤਿਆਚਾਰ ਦੀ ਰੋਕਥਾਮ) ਐਕਟ ਦੇ ਤਹਿਤ ਦਰਜ ਕੀਤੇ ਗਏ ।ਕੁੱਲ ਕੇਸਾਂ ਵਿੱਚੋਂ ਲਗਭਗ 81 ਪ੍ਰਤੀਸ਼ਤ ਇਕੱਲੇ ਇਨ੍ਹਾਂ ਛੇ ਰਾਜਾਂ ਵਿੱਚ ਸਨ।

ਐਕਟ ਦੇ ਤਹਿਤ 2022 ਵਿੱਚ ਅਨੁਸੂਚਿਤ ਜਾਤੀਆਂ ਵਿਰੁੱਧ ਅੱਤਿਆਚਾਰ ਦੇ ਕੁੱਲ 51,656 ਕੇਸ



ਦਰਜ ਕੀਤੇ ਗਏ ਸਨ। ਰਿਪੋਟ ਅਨੁਸਾਰ ਐਸਟੀ ਦੇ ਖ਼ਿਲਾਫ ਵੀ ਅਤਿਆਚਾਰਾਂ ਦੇ ਬਹੁਤੇ ਮਾਮਲੇ 13 ਰਾਜਾਂ ਨਾਲ ਸਬੰਧਤ ਸਨ। 9,735 ਮਾਮਲਿਆਂ ਵਿੱਚੋਂ, ਮੱਧ ਪ੍ਰਦੇਸ਼ ਵਿੱਚ 2,979 ਮਾਮਲੇ (30. 61 ਪ੍ਰਤੀਸ਼ਤ) ,ਰਾਜਸਥਾਨ ਵਿੱਚ 2,498 ਮਾਮਲੇ (25.66 ਪ੍ਰਤੀਸ਼ਤ), ਅਤੇ ਓਡੀਸ਼ਾ ਵਿੱਚ 773 ਮਾਮਲੇ (7.94 ਪ੍ਰਤੀਸ਼ਤ) ਦਰਜ ਕੀਤੇ ਗਏ।

ਅਨੁਸੂਚਿਤ ਜਨਜਾਤੀਆਂ (ਐਸਟੀ) ਨਾਲ ਸਬੰਧਤ ਹੋਰ ਰਾਜਾਂ ਵਿੱਚ 691 ਮਾਮਲਿਆਂ ਦੇ ਨਾਲ ਮਹਾਰਾਸ਼ਟਰ (7.10 ਪ੍ਰਤੀਸ਼ਤ) ਅਤੇ 499 ਮਾਮਲਿਆਂ ਦੇ ਨਾਲ ਆਂਧਰਾ ਪ੍ਰਦੇਸ਼ (5.13 ਪ੍ਰਤੀਸ਼ਤ) ਸ਼ਾਮਲ ਹਨ।

ਰਿਪੋਰਟ ਵਿਚ ਜਾਂਚ ਅਤੇ ਚਾਰਜਸ਼ੀਟ ਦੇ ਆਧਾਰ 'ਤੇ ਅੰਕੜੇ ਦਿੱਤੇ ਗਏ ਹਨ। ਅਨੁਸੂਚਿਤ ਜਾਤੀ ਨਾਲ ਸਬੰਧਤ ਮਾਮਲਿਆਂ ਵਿੱਚ, 60.38 ਪ੍ਰਤੀਸ਼ਤ ਮਾਮਲਿਆਂ ਵਿੱਚ ਚਾਰਜਸ਼ੀਟਾਂ ਦਾਇਰ ਕੀਤੀਆਂ ਗਈਆਂ ਸਨ, ਜਦੋਂ ਕਿ 14.78 ਪ੍ਰਤੀਸ਼ਤ ਝੂਠੇ ਦਾਅਵਿਆਂ ਜਾਂ ਸਬੂਤਾਂ ਦੀ ਘਾਟ ਕਾਰਨ ਮਾਮਲੇ ਖ਼ਤਮ ਕਰ ਦਿੱਤੇ ਗਏ ਸਨ। 2022 ਦੇ ਅੰਤ ਤੱਕ 17,166 ਮਾਮਲਿਆਂ ਦੀ ਜਾਂਚ ਅਜੇ ਵੀ ਪੈਂਡਿੰਗ ਸੀ।

ਇਸੇ ਤਰ੍ਹਾਂ ਐਸਟੀ ਨਾਲ ਸਬੰਧਤ ਕੇਸਾਂ ਵਿੱਚ 63.32 ਫੀਸਦੀ ਕੇਸਾਂ ਵਿੱਚ ਚਾਰਜਸ਼ੀਟ ਦਾਇਰ ਕੀਤੀ ਗਈ ਸੀ, ਜਿਨ੍ਹਾਂ ਵਿੱਚੋਂ 14.71 ਫੀਸਦੀ ਸਬੂਤਾਂ ਦੀ ਘਾਟ ਕਾਰਣ ਖ਼ਤਮ ਕਰ ਦਿਤੇ ਗਏ। 2022 ਦੇ ਅੰਤ ਤੱਕ, 2,702 ਕੇਸ ਅਜੇ ਵੀ ਜਾਂਚ ਅਧੀਨ ਸਨ। ਰਿਪੋਰਟ ਵਿੱਚ ਚਿੰਤਾ ਪ੍ਰਗਟਾਈ ਗਈ ਹੈ ਕਿ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਦਰ ਵਿੱਚ ਕਮੀ ਆਈ ਹੈ। ਦੋਸ਼ੀ ਠਹਿਰਾਏ ਜਾਣ ਦੀ ਦਰ 2020 ਵਿੱਚ 39.2 ਸੀ ਪਰ 2022 ਵਿੱਚ ਘਟ ਕੇ 32.4 ਪ੍ਰਤੀਸ਼ਤ ਰਹਿ ਗਈ। ਰਿਪੋਰਟ ਵਿੱਚ ਇਨ੍ਹਾਂ ਕੇਸਾਂ ਦੀ ਸੁਣਵਾਈ ਲਈ ਸਥਾਪਤ ਵਿਸ਼ੇਸ਼ ਅਦਾਲਤਾਂ ਦੀ ਨਾਕਾਫ਼ੀ ਗਿਣਤੀ ਬਾਰੇ ਵੀ ਚਿੰਤਾ ਪ੍ਰਗਟਾਈ ਗਈ ਹੈ।

14 ਰਾਜਾਂ ਦੇ 498 ਜ਼ਿਲ੍ਹਿਆਂ ਵਿੱਚੋਂ ਸਿਰਫ 194 ਵਿੱਚ ਹੀ ਕਾਨੂੰਨ ਦੇ ਤਹਿਤ ਕੇਸਾਂ ਦੀ ਤੇਜ਼ੀ ਨਾਲ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਦਾ ਗਠਨ ਕੀਤਾ ਗਿਆ ਸੀ। ਰਿਪੋਰਟ ਵਿੱਚ ਅਜਿਹੇ ਜ਼ਿਲ੍ਹਿਆਂ ਦੀ ਪਛਾਣ ਕੀਤੀ ਗਈ ਹੈ ਜੋ ਵਿਸ਼ੇਸ਼ ਤੌਰ 'ਤੇ ਅੱਤਿਆਚਾਰਾਂ ਦਾ ਸ਼ਿਕਾਰ ਹਨ, ਪਰ ਸਿਰਫ਼ 10 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੇ ਅਜਿਹੇ ਜ਼ਲ੍ਹਿ ਘੋਸ਼ਿਤ ਕੀਤੇ ਹਨ। ਉੱਤਰ ਪ੍ਰਦੇਸ਼ ਸਮੇਤ ਬਾਕੀ ਉੱਤਰ ਪ੍ਰਦੇਸ਼ ਵਿੱਚ, ਜਿੱਥੇ ਅਨੁਸੂਚਿਤ ਜਾਤੀ ਨਾਲ ਸਬੰਧਤ ਸਭ ਤੋਂ ਵੱਧ ਮਾਮਲੇ ਸਾਹਮਣੇ ਆਏ ਹਨ, ਕੋਈ ਜ਼ਲ੍ਹਿ ਐਲਾਨਿਆ ਨਹੀਂ ਗਿਆ ਹੈ। ਰਿਪੋਰਟ ਵਿੱਚ ਜਾਤੀ ਅਧਾਰਿਤ ਹਿੰਸਾ ਨੂੰ ਰੋਕਣ ਅਤੇ ਕਮਜ਼ੋਰ ਭਾਈਚਾਰਿਆਂ ਲਈ ਮਜ਼ਬੂਤ ਭਾਰਤ ਦੇ ਉਦਾਰਵਾਦੀ ਆਗੂਆਂ ਵਾਂਗ ਇੱਥੋਂ ਦੇ ਸਮਾਜਵਾਦੀ ਤੇ ਸਰਕਾਰਾਂ ਵੀ ਇਹੀ ਸੋਚਦੀਆਂ ਸਨ ਕਿ ਆਰਥਿਕ ਤਰੱਕੀ ਦੇ ਨਾਲ ਜਾਤ-ਪਾਤ ਦਾ ਕੋਹੜ ਮਿਟ ਜਾਏਗਾ। ਖੱਬੇਪੱਖੀਆਂ ਨੂੰ ਇਹ ਆਸ ਹੈ ਕਿ ਇਹ ਸ਼ਾਇਦ ਉਦੋਂ ਹੀ ਮਿਟ ਸਕਦਾ ਹੈ ਜਦੋਂ ਦੇਸ਼ ਵਿਚ ਸਮਾਜਵਾਦੀ ਇਨਕਲਾਬ ਹੋਵੇ। ਇਸ ਸਬੰਧ ਵਿਚ ਬੀ.ਆਰ. ਅੰਬੇਦਕਰ ਦੇ ਇਹ ਸ਼ਬਦ ਯਾਦ ਕਰਨੇ ਬਣਦੇ ਹਨ, "ਹਰ ਸਮਾਜਵਾਦੀ ਨੂੰ ਚਾਹੀਦਾ ਹੈ ਕਿ ਹਿੰਦੋਸਤਾਨ ਦੇ ਸਮਾਜਿਕ ਵਿਧੀ-ਵਿਧਾਨ ਵਰਨ ਆਸ਼ਰਮ ਦਾ ਅਧਿਐਨ ਕਰੇ, ਜਿੰਨਾ ਚਿਰ ਉਹ ਇਸ ਤਰ੍ਹਾਂ ਨਹੀਂ ਕਰਦਾ, ਉਹ ਆਪਣੇ ਇਨਕਲਾਬ ਦੇ ਨਿਸ਼ਾਨੇ ਤਕ ਨਹੀਂ ਪਹੁੰਚ ਸਕਦਾ।" ਸਮਾਜ ਵਿਚ ਵਰਨ ਆਸ਼ਰਮ ਨੂੰ ਹਿੰਦੂ ਧਰਮ ਨਾਲ ਜੋੜਿਆ ਗਿਆ ਹੈ,ਜਿਸ ਦੀ ਪਕੜ ਬਹੁਤ ਡੂੰਘੀ ਹੈ। ਸਿਆਸੀ ਤੇ ਆਰਥਿਕ ਲੜਾਈ ਦੇ ਨਾਲ-ਨਾਲ ਅਜਿਹੀ ਸਮਾਜਿਕ ਸੂਝ-ਸਮਝ ਵਿਰੁੱਧ ਲਗਾਤਾਰ ਸੰਘਰਸ਼ ਹੀ ਲੋਕ-ਚੇਤਨਾ ਵਿਚ ਤਬਦੀਲੀ ਲਿਆ ਸਕਦਾ ਹੈ। ਇਹ ਇਕ ਲੰਬੀ ਲੜਾਈ ਹੋਵੇਗੀ ਪਰ ਇਸ ਤੋਂ ਮੂੰਹ ਨਹੀਂ ਫੇਰਿਆ ਜਾ ਸਕਦਾ।

# ਬ੍ਰਿਟਿਸ਼ ਕੋਲੰਬੀਆ ਚੋਣਾਂ ਦੀ ਪਹਿਲੀ ਬਹਿਸ ਦੌਰਾਨ ਰਿਹਾਇਸ਼, ਗੈਂਗਹਿੰਸਾ ਅਤੇ ਮੌਸਮੀ ਤਬਦੀਲੀ ਦੇ ਮੁੱਦੇ ਰਹੇ ਭਾਰੂ




ਵੈਨਕੂਵਰ, (ਸਿਮਰਨਜੀਤ ਸਿੰਘ) : ਬ੍ਰਿਟਿਸ਼ ਕੋਲੰਬੀਆ ਚੋਣਾਂ ਤੋਂ ਪਹਿਲਾਂ ਬੀਤੇ ਦਿਨੀਂ ਬੀ.ਸੀ. ਚੋਣ ਮੈਦਾਨ 'ਚ ਨਿੱਤਰੀ 3 ਮੁਖ ਪਾਰਟੀਆਂ ਦੇ ਆਗੂਆਂ ਦਰਮਿਆਨ ਤਿੱਖੀ ਬਹਿਸ ਵੇਖਣ ਨੂੰ ਮਿਲੀ। ਇਸ ਦੌਰਾਨ ਰਿਹਾਇਸ਼, ਗੈਂਗਹਿੰਸਾ ਅਤੇ ਮੌਸਮੀ ਤਬਦੀਲੀ ਦੇ ਮੁੱਦੇ ਭਾਰੂ ਰਹੇ। ਘਰਾਂ ਦੀ ਘਾਟ ਨੂੰ ਲੈ ਕੇ ਬੀ.ਸੀ. ਦੇ ਸਿਆਸੀ ਅਖਾੜੇ ਕਾਫੀ ਗਹਿਮਾ-ਗਹਿਮੀ ਦਾ ਮਾਹੌਲ ਰਿਹਾ। ਬੀ.ਸੀ. ਦੇ ਪ੍ਰੀਮੀਅਰ ਅਤੇ ਬੀ.ਸੀ. ਐਨ.ਡੀ.ਪੀ. ਦੇ ਮੁੱਖ ਆਗੂ ਡੇਵਿਡ ਈਬੀ ਨੇ ਆਪਣੀ ਸਰਕਾਰ ਦੀ ਰਣਨੀਤੀ ਨੂੰ ਸਹੀ ਠਹਿਰਾਉਂਦਿਆਂ ਕਿਹਾ ਕਿ ਉਹ ਆਉਣ ਵਾਲੇ ਕੁਝ ਸਾਲਾਂ ਵਿੱਚ ਘੱਟ ਕਮਾਈ ਵਾਲਿਆਂ ਲਈ ਹਜ਼ਾਰਾਂ ਨਵੇਂ ਘਰ ਬਣਾਉਣ ਦੇ ਵਾਅਦੇ 'ਤੇ ਕਾਇਮ ਹਨ। ਦੂਜੇ ਪਾਸੇ, ਬੀ.ਸੀ. ਯੂਨਾਈਟੇਡ ਅਤੇ ਕਨਜ਼ਰਵੇਟਿਵ ਨੇਤਾਵਾਂ ਨੇ ਇਸਨੂੰ ਨਾਕਾਫੀ ਕਹਿੰਦੇ ਹੋਏ ਕਿਹਾ ਕਿ ਸਰਕਾਰ ਦੀ ਨੀਤੀ ਕਾਰਗਰ ਨਹੀਂ ਹੈ ਅਤੇ ਰਿਹਾਇਸ਼ ਦੀ ਘਾਟ ਨੂੰ ਖਤਮ ਕਰਨ ਲਈ ਨਵੀਆਂ ਨੀਤੀਆਂ ਦੀ ਲੋੜ ਹੈ।

ਇਸ ਤੋਂ ਬਾਅਦ ਬੀ.ਸੀ. 'ਚ ਵੱਧ ਰਹੇ ਜੁਰਮ, ਗੈਂਗ-ਹਿੰਸਾ ਨੂੰ ਲੈ ਕੇ ਵੀ ਮੁਕਾਬਲੇ ਵਿੱਚ ਚੰਗੀ ਬਹਿਸ ਹੋਈ। ਬੀ.ਸੀ. ਯੂਨਾਈਟੇਡ ਦੇ ਜੌਨ ਰੁਸਟੈਡ ਨੇ ਕਿਹਾ ਕਿ ਈਬੀ ਦੀ ਸਰਕਾਰ ਬੀ.ਸੀ. ਦੇ ਕਈ ਸ਼ਹਿਰਾਂ ਵਿੱਚ ਵਧ ਰਹੇ ਹਿੰਸਕ ਜੁਰਮ ਨੂੰ ਰੋਕਣ ਵਿੱਚ ਨਾਕਾਮ ਰਹੀ ਹੈ। ਰੁਸਟੈਡ ਨੇ ਪਾਬੰਦੀਆਂ ਕੜੀਆਂ ਕਰਨ ਅਤੇ ਪੁਲਿਸ ਵਲੋਂ ਕਾਨੂੰਨ ਤਹਿਤ ਸਖ਼ਤ ਕਾਰਵਾਈਆਂ ਦੀ ਮੰਗ ਕੀਤੀ। ਈਬੀ ਨੇ ਇਸਦਾ ਜਵਾਬ ਦਿੰਦਿਆਂ ਕਿਹਾ ਕਿ ਉਹ ਅਜਿਹੇ ਪ੍ਰੋਗਰਾਮਾਂ ਨੂੰ ਸਹਾਇਤਾ ਦੇ ਰਹੇ ਹਨ, ਜਿਨ੍ਹਾਂ ਦੇ ਰਾਹੀਂ ਨੌਜਵਾਨਾਂ ਨੂੰ ਵੱਖਰੇ ਰਸਤੇ 'ਤੇ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਮੌਸਮੀ ਤਬਦੀਲੀ ਮੁੱਦੇ 'ਤੇ ਬੀ.ਸੀ. ਦੀਆਂ ਵੱਖ-ਵੱਖ ਪਾਰਟੀਆਂ ਨੇ ਆਪਣੇ-ਆਪਣੇ ਵੱਖਰੇ ਦ੍ਰਿਸ਼ਟੀਕੋਣ ਪੇਸ਼ ਕੀਤੇ। ਡੇਵਿਡ ਈਬੀ ਨੇ ਮੌਸਮੀ ਤਬਦੀਲੀ ਖਿਲਾਫ਼ ਆਪਣੀ ਸਰਕਾਰ ਦੇ ਉੱਦਮਾਂ ਦੀ ਵਕਾਲਤ ਕੀਤੀ ਅਤੇ ਕਿਹਾ ਕਿ ਬੀ.ਸੀ. ਕੋਲ ਕੈਨੇਡਾ ਦੇ ਸਭ ਤੋਂ ਚੰਗੇ ਕਲਾਈਮਟ ਯੋਜਨਾਵਾਂ ਵਿੱਚੋਂ ਇੱਕ ਹੈ। ਕੰਜ਼ਰਵੇਟਿਵਾਂ ਦੇ ਰੁਸਟੈਡ ਨੇ ਇਸਦੇ ਉਲਟ ਕਿਹਾ ਕਿ ਇਹ ਨੀਤੀਆਂ ਬਹੁਤ ਮਹਿੰਗੀਆਂ ਹਨ ਅਤੇ ਵਪਾਰ ਅਤੇ ਰੋਜ਼ਗਾਰ ਸਿਰਜਣ ਦੀ ਪ੍ਰਕਿਰਿਆ ਨੂੰ ਹਾਨੀ ਪਹੁੰਚਾ ਰਹੀਆਂ ਹਨ।

ਇਸ ਤੋਂ ਇਲਾਵਾ, ਮੁਕਾਬਲੇ ਵਿੱਚ ਆਰਥਿਕ ਮੁੱਦੇ, ਸਰਕਾਰੀ ਖਰਚੇ, ਸਿਹਤ ਸੇਵਾਵਾਂ, ਅਤੇ ਮੋਟਰਵੇਅਜ਼ ਅਤੇ ਸਰਕਾਰੀ ਮਾਲੀਆਂ 'ਤੇ ਵੀ ਬਹਿਸ ਵੇਖਣ ਨੂੰ ਮਿਲੀ। ਰੁਸਟੈਡ ਨੇ ਕਿਹਾ ਕਿ ਲੋਕਾਂ ਨੂੰ ਬਿਜਲੀ ਅਤੇ ਹੋਰ ਬੁਨਿਆਦੀ ਸਹੂਲਤਾਂ ਵਿੱਚ ਵੱਧ ਰਾਹਤ ਦੇਣ ਦੀ ਲੋੜ ਹੈ। ਦੂਜੀ ਪਾਸੇ, ਈਬੀ ਨੇ ਆਪਣੀ ਸਰਕਾਰ ਦੇ ਕੀਤੇ ਕੰਮਾਂ ਅਤੇ ਭਵਿੱਖ ਦੀਆਂ ਯੋਜਨਾਵਾਂ ਨੂੰ ਦਰਸਾਉਂਦਿਆਂ ਕਿਹਾ ਕਿ ਉਹ ਬੀ.ਸੀ. ਦੇ ਆਮ ਨਾਗਰਿਕਾਂ ਲਈ ਹੋਰ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹਨ। This report was written by Simranjit Singh as part of the Local Journalism Initiative.

# ਬ੍ਰਿਟਿਸ਼ ਕੋਲੰਬੀਆ 'ਚ ਬਿਜਲੀ ਦੀ ਲੋੜ ਪੂਰੀ ਕਰਨ ਲਈ ਨਿਊਕਲੀਅਰ ਊਰਜਾ ਦੀ ਮੰਗ ਉੱਠੀ

ਵੈਨਕੂਵਰ, (ਸਿਮਰਨਜੀਤ ਸਿੰਘ) ਬ੍ਰਿਟਿਸ਼ ਕੋਲੰਬੀਆ ਵਿੱਚ ਆਉਣ ਵਾਲੇ ਸਾਲਾਂ ਵਿੱਚ ਬਿਜਲੀ ਦੀ ਲੋੜ ਵਿੱਚ ਵਾਧਾ ਹੋਣ, ਖਾਸ ਤੌਰ 'ਤੇ ਮੌਸਮੀ ਤਬਦੀਲੀ ਰੋਕਣ ਲਈ ਬਿਜਲੀਕਰਨ ਦੇ ਵਧ ਰਹੇ ਦਬਾਅ ਕਾਰਨ ਬੀ.ਸੀ. ਵਿੱਚ ਨਿਊਕਲੀਅਰ ਊਰਜਾ ਲਿਆਉਣ ਦੀ ਮੰਗ ਤੇਜ਼ ਹੁੰਦੀ ਨਜ਼ਰ ਆ ਰਹੀ ਹੈ। ਬੀਤੇ ਦਿਨੀਂ ਹੋਈ ਬੀ.ਸੀ. ਚੋਣਾਂ ਦੀ ਰੇਡੀਓ ਡਿਬੇਟ ਵਿਚ ਵੀ ਇਹ ਨਵਾਂ ਮੁੱਦਾ ਸ਼ਾਮਲ ਰਿਹਾ।



### ਕੀ ਨਿਊਕਲੀਅਰ ਊਰਜਾ ਬੀ.ਸੀ. ਲਈ ਇੱਕ ਵਜੀਬ ਅਤੇ ਸਸਤੀ ਵਿਕਲਪ ਹੋ ਸਕਦੀ ਹੈ?

ਬ੍ਰਿਟਿਸ਼ ਕੋਲੰਬੀਆ ਨੇ ਹਮੇਸ਼ਾਂ ਹਾਈਡ੍ਰੋਪਾਵਰ 'ਤੇ ਭਰੋਸਾ ਕੀਤਾ ਹੈ, ਪਰ ਹੁਣ ਵੱਧ ਰਹੇ ਬਿਜਲੀ ਦੀ ਖਪਤ ਅਤੇ ਬਿਜਲੀਕਰਨ ਦੀਆਂ ਯੋਜਨਾਵਾਂ ਲਈ ਹੋਰ ਊਰਜਾ ਸਰੋਤਾਂ ਦੀ ਲੋੜ ਹੈ। ਬਿਜਲੀ ਦੀ ਵੱਧਦੀ ਲੋੜ ਅਤੇ ਕਾਰਬਨ ਨੂੰ ਘਟਾਉਣ ਲਈ ਬਿਜਲੀ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ, ਅਤੇ ਇਸ ਨਾਲ ਹਾਈਡ੍ਰੋ ਰਿਸੋਰਸਜ਼ 'ਤੇ ਦਬਾਅ ਵੱਧ ਰਿਹਾ ਹੈ।

ਇਸ ਸਮੇਂ ਬੀ.ਸੀ. ਹਾਈਡ੍ਰੋ ਨਾਲ ਕਈ ਪ੍ਰਾਜੈਕਟਾਂ ਦੀ ਯੋਜਨਾ ਬਣਾਈ ਜਾ ਰਹੀ ਹੈ, ਪਰ ਇਸ ਦੇ ਬਾਵਜੂਦ ਵੀ ਹੋਰ ਨਵੇਂ ਊਰਜਾ ਸਰੋਤਾਂ ਦੀ ਲੋੜ ਹੈ।

### ਨਿਊਕਲੀਅਰ ਊਰਜਾ ਦੇ ਫਾਇਦੇ

ਕਈ ਮਾਹਿਰ ਮੰਨਦੇ ਹਨ ਕਿ ਨਿਊਕਲੀਅਰ ਊਰਜਾ ਬੀ.ਸੀ. ਲਈ ਇੱਕ ਮੋਹਰੀ ਹੱਲ ਹੋ ਸਕਦੀ ਹੈ। ਇਹ ਵਾਤਾਵਰਣ ਲਈ ਸਾਫ਼ ਹੈ, ਕਿਉਂਕਿ ਇਹ ਘੱਟ ਕਾਰਬਨ ਗੈਸਾਂ ਪੈਦਾ ਹੁੰਦੀਆਂ ਹਨ ਅਤੇ ਇਹ ਮੌਸਮ ਤੋਂ ਪ੍ਰਭਾਵਿਤ ਨਹੀਂ ਹੁੰਦੀ ਜਿਵੇਂ ਸੂਰਜੀ ਅਤੇ ਪਵਨ ਊਰਜਾ। ਇਹ ਨਿਰੰਤਰ ਬਿਜਲੀ ਮੁਹੱਈਆ ਕਰਦੀ ਹੈ, ਜਿਸ ਨਾਲ ਹੋਰ ਰਿਸੋਰਸਜ਼ 'ਤੇ ਦਬਾਅ ਘਟਦਾ ਹੈ।

### ਨਿਊਕਲੀਅਰ ਊਰਜਾ ਦੀ ਕੀਮਤ ਅਤੇ ਚੁਣੌਤੀਆਂ

ਹਾਲਾਂਕਿ ਨਿਊਕਲੀਅਰ ਊਰਜਾ ਦੀ ਸਥਾਪਨਾ ਦੀ ਕੀਮਤ ਬਹੁਤ ਜ਼ਿਆਦਾ ਹੁੰਦੀ ਹੈ, ਅਤੇ ਸੁਰੱਖਿਆ, ਵਿਦੇਸ਼ੀ ਦਖਲਅੰਦਾਜ਼ੀ, ਅਤੇ ਕੱਚੇ ਮਾਲ ਦੀਆਂ ਸਮੱਸਿਆਵਾਂ ਵੱਡੀਆਂ ਚੁਣੌਤੀਆਂ ਹਨ। ਨਿਊਕਲੀਅਰ ਰਿਆਕਟਰਾਂ ਦੀ ਬਣਾਵਟ ਸਭ ਤੋਂ ਮਹਿੰਗੀ ਹੈ ਅਤੇ ਇਸ ਨੂੰ ਬਣਾਉਣ ਲਈ ਸਾਲਾਂ ਦਾ ਸਮਾਂ ਲੱਗ ਸਕਦਾ ਹੈ ਜੋ ਕਿ ਤੁਰੰਤ ਬਿਜਲੀ ਦੀ ਲੋੜ ਪੂਰੀ ਨਹੀਂ ਕਰ ਸਕਦੇ। ਇਸ ਤੋਂ ਇਲਾਵਾ, ਇਸ ਨਾਲ ਜੁੜੇ ਖਤਰੇ, ਜਿਵੇਂ ਕਿ ਰੇਡੀਏਸ਼ਨ ਅਜੇ ਵੀ ਲੋਕਾਂ ਵਿੱਚ ਡਰ ਪੈਦਾ ਕਰਦੇ ਹਨ।

### ਵਾਤਾਵਰਣ ਨੂੰ ਹੋਣ ਵਾਲੇ ਨੁਕਸਾਨ

ਨਿਊਕਲੀਅਰ ਊਰਜਾ ਬੇਸ਼ੱਕ ਘੱਟ ਕਾਰਬਨ ਗੈਸਾਂ ਪੈਦਾ ਕਰਦੀ ਹੈ, ਪਰ ਰੇਡੀਏਸ਼ਨ ਤੋਂ ਪੈਦਾ ਹੋਣ ਵਾਲੇ ਪ੍ਰਦੂਸ਼ਣ ਅਤੇ ਹੋਰ ਕੂੜਾ ਇੱਕ ਵੱਡੀ ਚੁਣੌਤੀ ਹੈ। ਇਹ ਵੀ ਇੱਕ ਮੁੱਦਾ ਹੈ ਕਿ ਇਸਦੇ ਨਾਲ ਵੀ ਵਾਤਾਵਰਣ 'ਤੇ ਕੀ ਅਸਰ ਪੈ ਸਕਦਾ ਹੈ ਅਤੇ ਇਹ ਅਸਰ ਕਿੰਨਾ ਖ਼ਤਰਨਾਕ ਹੋ ਸਕਦਾ ਹੈ। This report was written by Simranjit Singh as part of the Local Journalism Initiative.

# ਸਰੀ ਦਾ ਨਾਮਵਰ ਵਕੀਲ ਕਾਨੂੰਨ ਸੁਸਾਇਟੀ ਵਲੋਂ 10 ਹਫ਼ਤਿਆਂ ਲਈ ਮੁਅੱਤਲ

## ਗਾਹਕਾਂ ਦੇ ਫੰਡਾਂ ਨਾਲ ਸਬੰਧਤ $8,985.99 ਦੀ ਦੁਰਵਰਤੋਂ ਕਰਨ ਦੇ ਲੱਗੇ ਦੋਸ਼

ਸਰੀ, (ਪਰਮਜੀਤ ਸਿੰਘ): ਸਰੀ ਦੇ ਇੱਕ ਵਕੀਲ ਨੂੰ ਸਾਲ 2020 ਵਿੱਚ 23 ਗਾਹਕਾਂ ਦੇ ਫੰਡਾਂ ਨਾਲ ਸਬੰਧਤ $8,985.99 ਦੀ ਦੁਰਵਰਤੋਂ ਕਰਨ ਦੇ ਦੋਸ਼ ਹੇਠ 1 ਅਕਤੂਬਰ, 2024 ਤੋਂ 10 ਹਫ਼ਤਿਆਂ ਲਈ ਕਾਨੂੰਨ ਦੀ ਪ੍ਰੈਕਟਿਸ ਕਰਨ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ।

ਸਰੀ ਦਾ ਇਹ ਪ੍ਰਮੁੱਖ ਵਕੀਲ ਜੋ 1979 ਤੋਂ ਬ੍ਰਿਟਿਸ਼ ਕੋਲੰਬੀਆ ਦੇ ਕਾਨੂੰਨ ਸੁਸਾਇਟੀ ਦਾ ਮੈਂਬਰ ਹੈ ਜਿਸ ਦਾ ਮੁੱਖ ਤੌਰ 'ਤੇ ਰੀਅਲ ਐਸਟੇਟ ਕਨਵੇਅੰਸਿੰਗ ਵਿੱਚ ਪ੍ਰੈਕਟਿਸ ਕਰਨਾ ਅਤੇ ਇਸ ਤੋਂ ਇਲਾਵਾ, ਉਹ ਕੁਝ ਲੀਟੀਗੇਸ਼ਨ ਅਤੇ ਵਸੀਅਤਾਂ ਤੇ ਜਾਇਦਾਦਾਂ ਨਾਲ ਜੁੜੇ ਕਾਨੂੰਨੀ ਕੰਮ ਵੀ ਕਰਦਾ ਸੀ।




ਵਕੀਲ ਦੀ ਮੁਅੱਤਲੀ ਬ੍ਰਿਟਿਸ਼ ਕੋਲੰਬੀਆ ਦੀ ਕਾਨੂੰਨ ਸੁਸਾਇਟੀ ਵੱਲੋਂ ਕੀਤੀ ਗਈ ਜਾਂਚ ਤੋਂ ਬਾਅਦ ਕੀਤੀ ਗਈ ਹੈ। ਹਾਲਾਂਕਿ, ਮੁਅੱਤਲੀ ਦੇ ਪੂਰੇ ਕਾਰਨਾਂ ਦਾ ਖੁਲਾਸਾ ਨਹੀਂ ਕੀਤਾ ਗਿਆ, ਪਰ ਇਸਦੀ ਪੁਸ਼ਟੀ ਕੀਤੀ ਗਈ ਹੈ ਕਿ ਇਹ ਉਸ ਨੇ ਮੁੱਖ ਤੌਰ 'ਤੇ ਰੀਅਲ ਅਸਟੇਟ ਅਤੇ ਵਸੀਅਤਾਂ ਸਬੰਧੀ ਮਾਮਲਿਆਂ ਵਿੱਚ ਕੰਮ ਕਰਨ ਦੇ ਤਰੀਕੇ ਤੇ ਵਿਹਾਰ ਸਬੰਧੀ ਗਾਹਕਾਂ ਦੇ ਫੰਡਾਂ ਨਾਲ ਸਬੰਧਤ $8,985.99 ਦੀ ਦੁਰਵਰਤੋਂ ਕੀਤੀ ਹੈ।

ਬ੍ਰਿਟਿਸ਼ ਕੋਲੰਬੀਆ ਦੇ ਕਾਨੂੰਨ ਸਮਾਜ ਦੇ ਚੇਅਰਮੈਨ ਨੇ ਕਿਹਾ ਕਿ ਕਾਨੂੰਨ ਸਮਾਜ ਉੱਚ ਪੇਸ਼ੇਵਰ ਅਤੇ ਆਚਰਣ ਮਿਆਰੀਆਂ ਨੂੰ ਬਣਾਏ ਰੱਖਣ ਲਈ ਵਚਨਬੱਧ ਹੈ। ਉਹਨਾਂ ਕਿਹਾ ਕਿ ਵਕੀਲਾਂ ਲਈ ਆਪਣੇ ਗਾਹਕਾਂ ਅਤੇ ਜਨਤਕ ਹਿੱਤਾਂ ਦੀ ਰੱਖਿਆ ਸਭ ਤੋਂ ਪਹਿਲੀ ਜ਼ਿੰਮੇਵਾਰੀ ਹੈ, ਅਤੇ ਜੇਕਰ ਕੋਈ ਵੀ ਮੈਂਬਰ ਇਸ ਨੂੰ ਪੂਰਾ ਨਹੀਂ ਕਰਦਾ, ਤਾਂ ਉਸ ਉਤੇ ਪ੍ਰਸ਼ਾਸ਼ਨਿਕ ਕਾਰਵਾਈ ਕਰਨੀ ਲਾਜ਼ਮੀ ਹੈ।

ਸਰੀ ਦੇ ਇਸ ਵਕੀਲ ਨੇ ਮੁੱਖ ਤੌਰ 'ਤੇ ਰੀਅਲ ਐਸਟੇਟ ਕਨਵੇਅੰਸਿੰਗ ਵਿੱਚ ਮਹਾਰਤ ਹਾਸਲ ਕੀਤੀ ਹੈ, ਜਿੱਥੇ ਉਹ ਗਾਹਕਾਂ ਦੀ ਮਦਦ ਕਰਦੇ ਹਨ ਜਦੋਂ ਉਹ ਘਰ ਖਰੀਦਦੇ ਜਾਂ ਵੇਚਦੇ ਹਨ। ਇਸਦੇ ਨਾਲ, ਉਹ ਵਸੀਅਤਾਂ ਅਤੇ ਜਾਇਦਾਦਾਂ ਸਬੰਧੀ ਮਾਮਲਿਆਂ ਵਿੱਚ ਵੀ ਕੰਮ ਕਰਦੇ ਹਨ, ਜਿੱਥੇ ਲੋਕ ਆਪਣੀ ਜਾਇਦਾਦਾਂ ਨੂੰ ਆਪਣੀ ਮੌਤ ਤੋਂ ਬਾਅਦ ਕਿਵੇਂ ਵੰਡਿਆ ਜਾਣਾ ਹੈ ਇਸ ਸਬੰਧੀ ਫ਼ੈਸਲੇ ਲੈਂਦੇ ਹਨ।



SABZI MANDI SUPERMARKET
Serving our Community since 2003
All fasting items are in store now
Happy Navratri
HOT PRICE
PEELED GARLIC
ਲਸਣ
5lb Jar
10.99 ea
HOT PRICE
FRESH CILANTRO
ਧਨੀਆਂ
Bunch
2 for 99¢
HOT PRICE
SIZE 9 JUMBO CAULIFLOWER
ਗੋਭੀ
2.69 ea
HOT PRICE
#1 YELLOW ONIONS
#1 ਪੀਲੇ ਗੰਢੇ
50lb
13.99 ea
AMBAY CORN FLOUR
ਅੰਬੇ ਮੱਕੀ ਦਾ ਆਟਾ
4lb
3.99 ea
UNBEATABLE DEAL
LEHAR GACHAK
ਲੇਹਰ ਗੱਚਕ
400g
2.99 ea
LEHAR Peanut GACHAK
Net Weight 400g 14oz
FRESH OPO
ਲੌਕੀ
1.49 /lb
PUNJABI BY NATURE SOYA CHAAP
ਪੰਜਾਬੀ ਬਾਈ ਨੇਚਰ ਸੋਯਾ ਚਾਪ
850g
3.99 ea
INDIAN KARELA
ਦੇਸੀ ਕਰੇਲੇ
1.99 /lb
AASHIRVAAD ATTA
ਆਸ਼ਿਰਵਾਦ ਆਟਾ
20lb
14.99 ea
INDIAN ROOH AFZA
ਰੂਹ ਅਫਜ਼ਾ
750ml
3.99 ea
MERI CHAI TEA
ਮੇਰੀ ਚਾਹ
216's
5.99 ea
ROSHNI BASMATI RICE
ਰੋਸ਼ਨੀ ਬਾਸਮਤੀ ਚਾਵਲ
8lb
8.99 ea
BC GALA APPLES
ਬੀ ਸੀ ਗੈਲਾ ਸੇਬ
99¢ /lb
HAPPY DAIRY PANEER
ਹੈਪੀ ਡੇਰੀ ਪਨੀਰ
300g
4.49 ea
VERKA DESI GHEE
ਵੇਰਕਾ ਦੇਸੀ ਘਿਉ
3kg
41.99 ea
AUSTRALIAN MANDARIN ORANGES
ਆਸਟ੍ਰੇਲੀਆ ਮੈਂਡਰਿਨ ਸੰਗਤਰੇ
2.29 /lb
AMBROSIA APPLES
ਐਮਬਰੋਜ਼ਾ ਸੇਬ
99¢ /lb
BC GREEN CABBAGE
ਪੱਤ ਗੋਭੀ
88¢ /lb
ALMOND OIL
ਬਦਾਮ ਤੇਲ
1L
12.99 ea
JUMBO CARROTS
ਗਾਜਰਾਂ
88¢ /lb
EXTRA FANCY RED ONIONS
ਲਾਲ ਗੰਢੇ
10lb
10.99 ea
US #1 POTATOES
ਆਲੂ
10lb
3.99 ea
ASIAN PEARS
ਏਸ਼ਨ ਨਾਸ਼ਪਾਤੀ
1.29 /lb
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. October 04, 2024 - Wed. October 09, 2024
MasterCard VISA AMERICAN EXPRESS Interac
American Express accepted at three locations.
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
SABZI MANDI SUPERMARKET
You can also visit us online at www.sabzimandicanada.com